SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 35
December 9, 2020
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਗੁਰੂ ਗੋਬਿੰਦ ਸਿੰਘ ਜੀ ਦਾ ਜੰਗੀ ਜੀਵਨ (ਅਪ੍ਰੈਲ 1686 - ਦਸੰਬਰ 1705)
**(ਲੇਖ ਦੇਖੋ ਸਫਾ 24 'ਤੇ)**

## ਤਿੰਨ ਖੇਤੀ ਕਾਨੂੰਨ ਰੱਦ ਕਰਨ 'ਤੇ ਅੜੇ ਕਿਸਾਨ

### ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਨਵਾਂ ਪ੍ਰਸਤਾਵ

**ਨਵੀਂ ਦਿੱਲੀ (ਬਿਊਰੋ)–** ਨਵੇਂ ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਸਮੇਤ ਕਈ ਸੂਬਿਆਂ ਦੇ ਕਿਸਾਨਾਂ ਦਾ ਧਰਨਾ ਬੁੱਧਵਾਰ ਨੂੰ 14ਵੇਂ ਦਿਨ 'ਚ ਦਾਖਲ ਹੋ ਗਿਆ। ਦਿੱਲੀ ਨਾਲ ਲਗਦੇ ਹਰਿਆਣਾ (ਟਿਕਰੀ ਤੇ ਸਿੰਘੂ ਬਾਰਡਰ) ਤੇ ਉੱਤਰ ਪ੍ਰਦੇਸ਼ (ਯੂਪੀ ਗੇਟ ਤੇ ਚਿੱਲਾ ਬਾਰਡਰ) ਸਮੇਤ ਕਈ ਬਾਰਡਰ ਸੀਲ ਹਨ, ਜਿਸ ਨਾਲ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦਿੱਲੀ ਪੁਲਿਸ ਨੇ ਬਦਲਵੇਂ ਰਸਤਿਆਂ ਦੇ ਇੰਤਜ਼ਾਮ ਕੀਤੇ ਹਨ ਪਰ ਫਿਰ ਵੀ ਲੋਕਾਂ ਨੂੰ ਟਰੈਫਿਕ ਜਾਮ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੇਂਦਰ ਸਰਕਾਰ ਨੇ ਬੁੱਧਵਾਰ ਨੂੰ ਕਾਨੂੰਨਾਂ 'ਚ ਬਦਲਾਅ ਦਾ ਪ੍ਰਸਤਾਵ ਕਿਸਾਨਾਂ ਨੂੰ ਭੇਜ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਕਿਸਾਨ ਜਥੇਬੰਦੀਆਂ ਤਿੰਨੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ 'ਤੇ ਅੜੀਆਂ ਹਨ।

**ਬੰਦ ਨੂੰ ਭਰਵਾਂ ਹੁੰਗਾਰਾ**




ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਦਾ 'ਭਾਰਤ ਬੰਦ' ਸ਼ਾਂਤੀਪੂਰਵਕ ਰਿਹਾ ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਦੇਸ਼ ਦੀਆਂ ਮੁੱਖ ਵਿਰੋਧੀ ਤੇ ਖੇਤਰੀ ਪਾਰਟੀਆਂ, ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਤੇ ਹੋਰ ਵਰਗਾਂ ਨੇ ਬੰਦ ਦੀ ਹਮਾਇਤ ਕੀਤੀ ਸੀ। ਕਿਸਾਨ ਜੱਥੇਬੰਦੀਆਂ ਨੇ ਦਾਅਵਾ ਕੀਤਾ ਹੈ ਕਿ ਬੰਦ ਦੌਰਾਨ ਅਮਨ-ਸ਼ਾਂਤੀ ਭੰਗ ਕਰਨ ਜਾਂ ਕਿਸੇ ਨਾਲ ਜ਼ੋਰ-ਜ਼ਬਰਦਸਤੀ ਕਰਨ ਦੀ ਕਿਤਿਓਂ ਵੀ ਕੋਈ ਖ਼ਬਰ ਨਹੀਂ ਹੈ। ਬੰਦ ਦੌਰਾਨ ਸਫ਼ਰ ਕਰ ਰਹੇ ਯਾਤਰੀਆਂ ਤੇ ਲੋਕਾਂ ਨੂੰ ਜ਼ਰੂਰ ਪਰੇਸ਼ਾਨੀ ਝੱਲਣੀ ਪਈ।

ਦਰਅਸਲ, ਮੀਟਿੰਗ 'ਚ ਚੋਣਵੇਂ ਕਿਸਾਨ ਆਗੂਆਂ ਨੂੰ ਗ਼ੈਰ ਰਸਮੀ ਤੌਰ 'ਤੇ ਬੁਲਾਇਆ ਗਿਆ ਸੀ ਜਿਸ ਕਾਰਨ ਕੁਝ ਜਥੇਬੰਦੀਆਂ ਨੇ ਇਤਰਾਜ਼ ਪ੍ਰਗਟਾਇਆ। ਇਸ ਦੌਰਾਨ ਹਰਿਆਣਾ ਸਰਕਾਰ ਨੇ ਵੀ ਦਾਅਵਾ ਕੀਤਾ ਹੈ ਕਿ ਉਸ ਨੂੰ ਲਗਭਗ ਇਕ ਲੱਖ ਤੋਂ ਵੱਧ ਕਿਸਾਨਾਂ ਨੇ ਪੱਤਰ ਲਿਖ ਕੇ ਖੇਤੀ ਕਾਨੂੰਨਾਂ

**(ਬਾਕੀ ਸਫਾ 5 'ਤੇ)**




ਭਾਰਤੀ ਸਫਾਰਤਖਾਨਾ ਸੈਨਫਰਾਂਸਿਸਕੋ ਵਿਖੇ ਕੂਚ ਕਰਦੇ ਹੋਏ






ਨਨਕਾਣਾ ਸਾਹਿਬ ਵਿਖੇ ਵਿਖਾਵੇ ਕਰਦੇ ਹੋਏ

ਦੁਨੀਆਂ ਭਰ ਵਿਚ ਕਿਸਾਨਾਂ ਦੇ ਹੱਕ ਵਿਚ ਹੋਏ ਪ੍ਰਦਰਸ਼ਨਾਂ ਦੀਆਂ ਕੁਝ ਝਲਕੀਆਂ ਦੇਖੋ ਸਫਾ 2 ਅਤੇ 25 'ਤੇ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਕਿਸਾਨਾਂ ਦੇ ਹੱਕ ਵਿਚ ਹੋਏ ਕੈਲੇਫੋਰਨੀਆ ਵਿਖੇ ਹੋਏ ਵਿਸ਼ਾਲ ਪ੍ਰਦਰਸ਼ਨ ਦੀਆਂ ਤਸਵੀਰਾਂ



























# ਸੇਵਾਮੁਕਤ ਜਨਰਲ ਲਾਇਡ ਆਸਟਿਨ ਅਮਰੀਕਾ ਦੇ ਰੱਖਿਆ ਸਕੱਤਰ ਹੋਣਗੇ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਰਾਸ਼ਟਰਪਤੀ ਦੀ ਚੋਣ ਜਿੱਤੇ ਜੋਅ ਬਾਇਡੇਨ ਵੱਲੋਂ ਸੇਵਾ ਮੁਕਤ ਜਨਰਲ ਲਾਇਡ ਆਸਟਿਨ ਨੂੰ ਰੱਖਿਆ ਸਕੱਤਰ ਨਿਯੁਕਤ ਕੀਤਾ ਜਾਵੇਗਾ। ਆਸਟਿਨ ਪਹਿਲੇ ਕਾਲੇ ਰੱਖਿਆ ਸਕੱਤਰ ਹੋਣਗੇ। ਆਸਟਿਨ ਫੌਜ ਦੇ ਉਪ ਮੁੱਖੀ ਵੀ ਰਹੇ ਹਨ ਤੇ ਉਨਾਂ ਨੇ ਫੌਜ ਦੀ ਕੇਂਦਰੀ ਕਮਾਂਡ ਦੀ ਅਗਵਾਈ ਵੀ ਕੀਤੀ ਹੈ ਜਿਸ ਨੇ ਇਰਾਕ, ਸੀਰੀਆ ਤੇ ਅਫਗਾਨਿਸਤਾਨ ਵਿਚ ਫੌਜੀ ਕਾਰਵਾਈਆਂ ਕੀਤੀਆਂ ਹਨ। ਆਸਟਿਨ ਪਰਦੇ ਪਿੱਛੇ ਰਹਿ ਕੇ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ ਤੇ ਉਨਾਂ ਦਾ ਇਕੋ ਇਕ ਮੰਤਵ ਆਪਣੇ ਕੰਮ ਰਾਹੀਂ ਇਕ



ਮਿਸਾਲ ਕਾਇਮ ਕਰਨਾ ਰਿਹਾ ਹੈ। ਦੋ ਸਟਾਰ ਆਰਮੀ ਜਨਰਲ ਡਾਨਾ ਪਿਟਾਰਡ ਜਿਸ ਨੇ ਮੁੱਢਲੇ ਪੱਧਰ 'ਤੇ ਆਸਟਿਨ ਨਾਲ ਇਸਲਾਮਿਕ ਸਟੇਟ ਵਿਰੁੱਧ ਲੜਾਈ ਲੜੀ, ਨੇ ਇਸ ਨਿਯੁਕਤ ਉਪਰ ਆਪਣੀ ਪ੍ਰਤੀਕ੍ਰਿਆ ਪ੍ਰਗਟ ਕਰਦਿਆਂ ਕਿਹਾ ਕਿ 'ਆਸਟਿਨ ਹੋਰ ਲੋਕਾਂ ਲਈ ਇਕ ਉਦਾਹਰਣ ਕਾਇਮ ਕਰੇਗਾ। ਉਹ ਦਿਖਾਵਟ ਵਿਚ ਵਿਸ਼ਵਾਸ਼ ਨਹੀਂ ਰਖਦਾ।' ਜੋਅ ਬਾਇਡੇਨ ਨੇ ਆਸਟਿਨ ਦੀ ਦੇਸ਼ ਦੇ ਸਰਬ ਉੱਚ ਫੌਜੀ ਅਹੁੱਦੇ ਉਪਰ ਨਿਯੁਕਤੀ ਕਰਕੇ ਆਪਣੇ ਇਰਾਦੇ ਸਪਸ਼ਟ ਕਰ ਦਿੱਤੇ ਹਨ। ਇਸ ਨਿਯੁਕਤੀ ਨਾਲ ਆਪਣੇ ਆਪ ਨੂੰ ਅਲੱਗ ਥਲੱਗ ਮਹਿਸੂਸ ਕਰਨ ਵਾਲੇ ਕਾਲੇ ਭਾਈਚਾਰੇ ਨੂੰ ਇਕ ਵੱਡਾ ਸੰਦੇਸ਼ ਦਿਤਾ ਗਿਆ ਹੈ।

# ਮੇਰਾ ਟੀਚਾ ਅਹੁਦਾ ਸੰਭਾਲਣ ਉਪਰੰਤ ਸੌ ਦਿਨਾਂ ਵਿਚ 10 ਕਰੋੜ ਕੋਰੋਨਾ ਟੀਕਿਆਂ ਦਾ ਪ੍ਰਬੰਧ ਕਰਨਾ-ਜੋਅ ਬਾਇਡੇਨ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਲੰਘੇ ਮੰਗਲਵਾਰ ਅਮਰੀਕਾ ਵਿਚ ਕੋਰੋਨਾ ਮਾਮਲਿਆਂ ਦੀ ਗਿਣਤੀ ਡੇਢ ਕਰੋੜ ਨੂੰ ਪਾਰ ਕਰ ਗਈ ਹੈ। ਇਸ ਤਰਾਂ 22 ਪਿੱਛੇ 1 ਅਮਰੀਕੀ ਕੋਰੋਨਾ ਪਾਜ਼ੇਟਿਵ ਹੈ। ਜੌਹਨ ਹੋਪਕਿਨਜ ਯੁਨੀਵਰਸਿਟੀ ਅਨੁਸਾਰ ਵਿਸ਼ਵ ਦੇ ਕੁਲ ਮਾਮਲਿਆਂ ਵਿਚੋਂ 22% ਮਾਮਲੇ ਅਮਰੀਕਾ ਦੇ ਹਨ ਜਦ ਕਿ ਵਿਸ਼ਵ ਵਿਚ ਹੋਈਆਂ ਕੁਲ ਮੌਤਾਂ ਵਿਚੋਂ 18% ਤੋਂ ਵਧ ਮੌਤਾਂ ਅਮਰੀਕਾ ਵਿਚ ਹੋਈਆਂ ਹਨ। ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡੇਨ ਨੇ ਕਿਹਾ ਹੈ ਕਿ ਅਹੁਦਾ ਸੰਭਾਲਣ ਤੋਂ ਬਾਅਦ ਉਸ ਦਾ ਟੀਚਾ 100 ਦਿਨਾਂ ਵਿਚ 10 ਕਰੋੜ ਵੈਕਸੀਨ ਦਾ ਪ੍ਰਬੰਧ ਕਰਨਾ ਹੋਵੇਗਾ। ਹਰੇਕ ਵਿਅਕਤੀ ਨੂੰ ਦੋ ਟੀਕੇ ਲਾਉਣ ਦੀ ਲੋੜ ਹੈ।

ਇਸ ਤਰਾਂ 100 ਦਿਨਾਂ ਵਿਚ 5 ਕਰੋੜ ਲੋਕਾਂ ਨੂੰ ਟੀਕੇ ਲਾਏ ਜਾਣਗੇ।ਅਮਰੀਕਾ ਨਾਲ ਲੱਗਦੇ ਮੈਕੀਸਕੋ ਦੀ ਇਸ ਮਹੀਨੇ ਦੇ ਆਖਿਰ ਵਿਚ ਟੀਕੇ ਲਾਉਣ ਦੀ ਯੋਜਨਾ ਹੈ।

ਰੂਸ ਵਿਚ ਵੱਡੀ ਪੱਧਰ ਉਪਰ ਟੀਕੇ ਲਾਉਣ ਦਾ ਕੰਮ ਚਲ ਰਿਹਾ ਹੈ ਪਰ ਉਥੇ ਵੱਡੀ ਸਮੱਸਿਆ ਇਹ ਆ ਰਹੀ ਹੈ ਕਿ ਟੀਕਾ ਲੱਗਣ ਤੋਂ ਬਾਅਦ 2 ਮਹੀਨੇ ਸ਼ਰਾਬ ਦੀ ਵਰਤੋਂ ਨਹੀਂ ਕਰਨੀ ਹੁੰਦੀ ਜਿਸ ਕਾਰਨ ਬਹੁਤ ਸਾਰੇ ਲੋਕ ਟੀਕਾ ਲਵਾਉਣ ਤੋਂ ਟਾਲਾ ਵਟ ਰਹੇ ਹਨ। ਕੁਝ ਸਰਵੇਖਣਾਂ ਵਿਚ ਕਿਹਾ ਗਿਆ ਹੈ ਕਿ ਕੇਵਲ 25% ਰੂਸੀ ਆਬਾਦੀ ਹੀ ਟੀਕਾ ਲਵਾਉਣ ਦੇ ਹੱਕ ਵਿਚ ਹੈ।

# ਅਮਰੀਕਾ-ਮੈਕਸੀਕੋ ਸਰਹੱਦ ਉਪਰ ਪੁੱਜ ਰਹੇ ਹਜਾਰਾਂ ਬੱਚੇ ਬਣੇ ਵੱਡੀ ਸਮੱਸਿਆ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ–ਮੈਕਸੀਕੋ ਸਰਹੱਦ ਉਪਰ ਬਿਨਾਂ ਕਿਸੇ ਸਾਥ ਦੇ ਹਜ਼ਾਰਾਂ ਬੱਚੇ ਪੁੱਜੇ ਰਹੇ ਹਨ। ਇਨਾਂ ਬੱਚਿਆਂ ਦਾ ਕੋਈ ਵਾਲੀ ਵਾਰਸ ਨਹੀਂ ਹੈ। ਸ਼ਾਇਦ ਜਾਨਵਰਾਂ ਦੀ ਦੁਨੀਆਂ ਵਿਚ ਵੀ ਅਜਿਹਾ ਗੈਰ ਸੰਵਦੇਣਸ਼ੀਲ ਦ੍ਰਿਸ਼ ਵੇਖਣ ਨੂੰ ਨਾ ਮਿਲੇ ਜੋ ਅਮਰੀਕਾ– ਮੈਕਸੀਕੋ ਸਰਹੱਦ ਉਪਰ ਵੇਖਣ ਨੂੰ ਮਿਲ ਰਿਹਾ ਹੈ। ਉਸ ਵੇਲੇ ਅਧਿਕਾਰੀਆਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਉਨਾਂ ਨੇ ਤਕਰੀਬਨ 7 ਮਹੀਨੇ ਦਾ ਇਕ ਬੱਚਾ ਵੇਖਿਆ। ਬਾਰਡਰ ਪੈਟਰੋਲ ਦੀ ਸੈਕਿੰਡ ਇਨ ਕਮਾਂਡ ਦੇ ਡਿਪਟੀ ਚੀਫ ਰੌਲ ਉਰਟਿਜ਼ ਨੇ ਇਕ ਅਮਰੀਕੀ ਅਖ਼ਬਾਰ ਨਾਲ ਮੁਲਾਕਾਤ ਦੌਰਾਨ ਦੱਸਿਆ ਕਿ ਅਕਤੂਬਰ ਤੋਂ ਬਾਅਦ ਰੋਜ਼ਾਨਾ ਔਸਤ 153 ਬੱਚੇ ਪੁੱਜ ਰਹੇ ਹਨ ਜਦ ਕਿ ਇਸ ਤੋਂ ਪਹਿਲਾਂ ਇਹ ਔਸਤ 80 ਬੱਚੇ ਸੀ। ਅਕਤੂਬਰ ਵਿਚ ਸਰਹੱਦ ਉਪਰ ਗਸ਼ਤੀ ਦਲਾਂ ਨੇ 4764 ਨਬਾਲਗ ਬੱਚਿਆਂ ਨੂੰ ਹਿਰਾਸਤ ਵਿਚ ਲਿਆ ਸੀ ਜੋ ਕਿ ਅਪ੍ਰੈਲ ਮਹੀਨੇ ਦੀ ਤੁਲਨਾ ਵਿਚ 741 ਜਿਆਦਾ ਹਨ। ਨਵੰਬਰ ਦੇ 6 ਦਿਨਾਂ ਦੌਰਾਨ 997 ਨਬਾਲਗ ਲਾਵਾਰਸ ਨਬਾਲਗਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਉਨਾਂ ਕਿਹਾ ਕਿ ਸਭ ਤੋਂ ਵਧੇਰੇ ਚਿੰਤਾ ਵਾਲੀ ਗੱਲ ਇਹ ਹੈ ਕਿ ਸਰਹੱਦ ਉਪਰ ਆ ਰਹੇ ਬੱਚੇ 12 ਸਾਲ ਜਾਂ ਇਸ ਤੋਂ ਵੀ ਛੋਟੇ ਹਨ। ਕਈ ਵਾਰ ਤਾਂ ਕੁਝ ਮਹੀਨਿਆਂ ਦੇ ਬੱਚੇ ਸਰਹੱਦ ਉਪਰ ਵੇਖਣ ਨੂੰ ਮਿਲਦੇ ਹਨ। ਅਮਰੀਕਾ ਦੀਆਂ ਜੇਲਾਂ ਵਿਚ ਪਹਿਲਾਂ ਹੀ ਹਜਾਰਾਂ ਬੱਚੇ ਬੰਦ ਹਨ ਜਿਨਾਂ ਦੀ ਹਾਲਤ ਬਹੁਤ ਤਰਸਯੋਗ ਹੈ। ਅਮਰੀਕਾ ਦੇ ਸ਼ਰਨਾਰਥੀ ਮੁੜ ਵਸੇਬਾ ਦਫਤਰ ਅਨੁਸਾਰ ਨਬਾਲਗਾਂ ਲਈ 13764 ਮੰਜਿਆਂ ਦਾ ਪ੍ਰਬੰਧ ਹੈ ਜਦ ਕਿ ਹੁਣ ਕੋਵਿਡ–19 ਪਾਬੰਦੀਆਂ ਕਾਰਨ ਮੰਜਿਆਂ ਦੀ ਗਿਣਤੀ ਘਟਾ ਕੇ 7971 ਕਰ ਦਿੱਤੀ ਗਈ ਹੈ। ਇਸ ਲਈ ਸਰਹੱਦ ਉਪਰ ਵਧ ਰਹੀ ਬੱਚਿਆਂ ਦੀ ਗਿਣਤੀ ਵੱਡੀ ਸਿਰਦਰਦੀ ਦਾ ਵਿਸ਼ਾ ਬਣੀ ਹੋਈ ਹੈ। ਸਰਹੱਦੀ ਗਸ਼ਤੀ ਦਲਾਂ ਨੇ ਬੱਚਿਆਂ ਨੂੰ 72 ਘੰਟਿਆਂ ਦੇ ਅੰਦਰ ਮੁੜਵਸੇਬਾ ਏਜੰਸੀ ਦੇ ਸਪੁਰਦ ਕਰਨਾ ਹੁੰਦਾ ਹੈ ਜਿਥੇ ਉਨਾਂ ਨੂੰ ਆਰਜੀ ਪਨਾਹ ਵਿਚ ਰਖਿਆ ਜਾਂਦਾ ਹੈ ਤੇ ਬਾਅਦ ਵਿਚ ਜਿਨਾਂ ਬੱਚਿਆਂ ਦੇ ਮਾਂ ਬਾਪ ਆ ਜਾਂਦੇ ਹਨ, ਉਨਾਂ ਦੇ ਸਪੁਰਦ ਕਰ ਦਿੱਤੇ ਜਾਂਦੇ ਹਨ। ਇਥੇ ਜਿਕਰਯੋਗ ਹੈ ਕਿ ਮਾਰਚ ਤੋਂ ਬਾਅਦ ਸਰਕਾਰ 2 ਲੱਖ ਤੋਂ ਵਧ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇ ਚੁੱਕੀ ਹੈ ਜਿਨਾਂ ਵਿ 8800 ਨਬਾਲਗ ਸ਼ਾਮਿਲ ਹਨ।

# ਯੂਬਾ ਸਿਟੀ ਵੱਲੋਂ ਕਿਸਾਨ ਸੰਘਰਸ਼ ਦੀ ਜ਼ੋਰਦਾਰ ਹਮਾਇਤ ਲਈ ਰੈਲੀ












SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਫਰਿਜ਼ਨੋ 'ਚ ਮਹਿਲਾ ਦੀ ਕੀਤੀ ਸਿਰ ਵਿੱਚ ਗੋਲੀ ਮਾਰ ਕੇ ਹੱਤਿਆ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਸੰਯੁਕਤ ਰਾਜ ਅਮਰੀਕਾ ਦੇ ਸੂਬੇ ਕੈਲੀਫੋਰ- ਨੀਆਂ ਦੀ ਫਰਿਜ਼ਨੋ ਕਾਉਂਟੀ ਵਿੱਚ ਕਤਲਾਂ ਦਾ ਸਿਲਸਿਲਾ ਰੁਕ ਨਹੀਂ ਰਿਹਾ ਹੈ। ਇਸ ਖੇਤਰ ਵਿੱਚ ਕਤਲ ਦੀ ਹੋਈ ਇੱਕ ਤਾਜ਼ਾ ਵਾਰਦਾਤ ਵਿੱਚ ਇੱਕ ਮਹਿਲਾ ਦੀ ਸਿਰ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਕਤਲ ਦੀ ਇਸ ਘਟਨਾ ਵਿੱਚ ਪੱਛਮੀ ਕੇਂਦਰੀ ਫਰਿਜ਼ਨੋ ਵਿੱਚ ਸ਼ਨੀਵਾਰ ਰਾਤ ਨੂੰ ਇੱਕ ਵਿਅਕਤੀ ਦੁਆਰਾ ਘਰ ਦੇ ਅੰਦਰ ਦਾਖਲ ਹੋ ਕੇ ਮਹਿਲਾ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ ਗਈ। ਫਰਿਜ਼ਨੋ ਪੁਲਿਸ ਦੇ ਲੈਫਟੀਨੈਂਟ ਐਂਥਨੀ ਡੀਵਾਲ ਅਨੁਸਾਰ ਅਧਿਕਾਰੀਆਂ ਨੂੰ ਹਿਉਜਸ ਐਵੀ- ਨਿਊ ਨੇੜੇ ਵੈਸਟ ਓਲਿਵ ਦੇ 2000 ਬਲਾਕ ਵਿੱਚ




ਵਾਪਰੀ ਇਸ ਘਟਨਾ ਦੀ ਸੂਚਨਾ ਤਕਰੀਬਨ ਸ਼ਾਮ 6:12 ਵਜੇ ਮਿਲੀ ਅਤੇ ਕਾਰਵਾਈ ਕਰਨ ਤੇ ਅਧਿਕਾਰੀਆਂ ਨੂੰ ਪੀੜਤ ਮਹਿਲਾ ਕਮਰੇ ਵਿੱਚ ਜਖਮੀ ਹਾਲਤ ਵਿੱਚ ਮਿਲੀ, ਸਿਰ ਵਿੱਚ ਗੋਲੀ ਲੱਗੀ ਇਸ ਮਹਿਲਾ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਪੁਲਿਸ ਨੇ 7: 45 ਵਜੇ ਉਸਦੀ ਮੌਤ ਦੀ ਪੁਸ਼ਟੀ ਕੀਤੀ। ਮ੍ਰਿਤਕ ਔਰਤ ਦੀ ਪਛਾਣ ਅਜੇ ਜਾਰੀ ਨਹੀਂ ਕੀਤੀ ਗਈ ਪਰ ਉਸਦੀ ਉਮਰ 30ਵੇ ਦਹਾਕੇ ਦੇ ਅਖੀਰ ਵਿੱਚ ਸੀ। ਅਧਿਕਾਰੀਆਂ ਅਨੁਸਾਰ ਜਿਸ ਵਿਅਕਤੀ ਨੇ ਗੋਲੀ ਚਲਾਈ ਸੀ ਉਸ ਨੂੰ ਇੱਕ ਹੋਰ ਵਿਅਕਤੀ ਨੇ ਘਰ ਅੰਦਰ ਜਾਣ ਦਿੱਤਾ ਸੀ ਜੋ ਕਿ ਗੋਲੀ ਮਾਰਨ ਤੋਂ ਬਾਅਦ ਭੱਜ ਗਿਆ ਸੀ। ਇਸ ਕਤਲ ਦੇ ਪਿੱਛੇ ਮਕਸਦ ਦਾ ਪਤਾ ਕਰਨ ਲਈ ਅਧਿਕਾਰੀਆਂ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਅਧਿਕਾਰੀਆਂ ਦੇ ਅੰਕੜਿਆਂ ਅਨੁਸਾਰ ਇਸ ਕਤਲ ਦੇ ਨਾਲ ਇਸ ਸਾਲ 2020 ਵਿੱਚ ਫਰਿਜ਼ਨੋ ਖੇਤਰ ਵਿੱਚ ਹੋਏ ਕਤਲਾਂ ਦੀ ਗਿਣਤੀ 62 ਹੋ ਗਈ ਹੈ।

# ਫਰਿਜ਼ਨੋ 'ਚ ਹਾਈਵੇ ਪੈਟਰੋਲਿੰਗ ਦੌਰਾਨ ਤੇਜ਼ ਰਫਤਾਰ ਕਾਰ ਵਿੱਚੋਂ ਬਰਾਮਦ ਹੋਏ 750,000 ਡਾਲਰ ਦੇ ਨਸ਼ੀਲੇ ਪਦਾਰਥ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਕੈਲੀਫੋਰਨੀਆਂ ਹਾਈਵੇ ਪੈਟਰੋਲ(ਸੀ ਐਚ ਪੀ) ਦੇ ਅਧਿਕਾਰੀਆਂ ਨੇ ਇੱਕ ਕਾਰ ਵਿੱਚੋਂ ਨਸ਼ੀਲੇ ਪਦਾਰਥ ਜ਼ਬਤ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਅਧਿਕਾਰੀਆਂ ਅਨੁਸਾਰ ਫਰਿਜ਼ਨੋ ਕਾਉਂਟੀ ਵਿੱਚ ਸ਼ੁੱਕਰਵਾਰ ਦੁਪਹਿਰ ਨੂੰ ਇੱਕ ਤੇਜ਼ ਰਫਤਾਰ ਵਾਹਨ ਨੂੰ ਸ਼ੱਕ ਦੇ ਆਧਾਰ ਤੇ ਰੋਕਿਆ ਗਿਆ ਅਤੇ ਕਾਰਵਾਈ ਦੌਰਾਨ 750,000 ਡਾਲਰ ਤੋਂ ਵੱਧ ਦੇ ਨਸ਼ੀਲੇ ਪਦਾਰਥ ਬਰਾਮਦ ਕਰਨ ਦੇ ਨਾਲ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਵੀ ਕੀਤਾ ਗਿਆ ਹੈ।ਇਸ ਮਾਮਲੇ ਵਿੱਚ ਹਾਈਵੇ ਅਧਿਕਾਰੀਆਂ ਨੇ ਇੱਕ ਮੈਰੂਨ 2012 ਕ੍ਰਾਈਸਲਰ ਕਾਰ ਨੂੰ 2: 27 ਵਜੇ 200 ਦੀ ਸਪੀਡ ਤੇ ਨੋਟ ਕੀਤਾ ਅਤੇ ਅਧਿਕਾਰੀਆਂ ਦੁਆਰਾ ਕਾਰ ਰੋਕਣ ਉਪਰੰਤ ਕਾਰ ਚਾਲਕਾਂ ਉੱਪਰ ਸ਼ੱਕ ਹੋਣ ਤੇ ਇੱਕ ਕੇ 9 ਖੋਜੀ ਕੁੱਤੇ ਦੀ



ਮੱਦਦ ਨਾਲ ਬਾਹਰੀ ਤਲਾਸ਼ੀ ਲਈ, ਜਿਸਨੇ ਨਸ਼ਿਆਂ ਦੀ ਬਦਬੂ ਨੂੰ ਸੁੰਘ ਕੇ ਅਧਿਕਾਰੀਆਂ ਦੇ ਸ਼ੱਕ ਨੂੰ ਯਕੀਨ ਵਿੱਚ ਬਦਲਿਆ। ਸੀ ਐਚ ਪੀ ਦੇ ਅਨੁਸਾਰ, ਅਗਲੀ ਤਲਾਸ਼ੀ ਦੌਰਾਨ ਕਾਰ ਅੰਦਰੋਂ ਆਕਸੀਕੋਡੋਨ ਦੀਆਂ ਗੋਲੀਆਂ ਦੇ ਪੰਜ ਵੱਡੇ ਪੈਕਟ ਮਿਲੇ ,ਜਿਹਨਾਂ ਦਾ ਭਾਰ 11 ਪੌਂਡ ਸੀ ਅਤੇ ਇਹ ਮੰਨਿਆ ਜਾਂਦਾ ਹੈ ਕਿ ਗੋਲੀਆਂ ਵਿੱਚ ਫੈਂਟਨੈਲ ਵੀ ਸੀ। ਸੀ ਐਚ ਪੀ ਅਧਿਕਾਰੀਆਂ ਅਨੁਸਾਰ ਜ਼ਬਤ ਕੀਤੀਆਂ ਗਈਆਂ ਨਸ਼ੀਲੀਆਂ ਗੋਲੀਆਂ ਦੀ ਅੰਦਾਜ਼ਨ ਕੀਮਤ ਲੱਗਭਗ 750,000 ਡਾਲਰ ਤੋਂ ਵੱਧ ਹੈ।ਇਸ ਮਾਮਲੇ ਵਿੱਚ 21 ਸਾਲਾ ਡਰਾਈਵਰ ਡੈਸਟਿਨ ਡੇਲਗਾਡੋ ਅਤੇ ਯਾਤਰੀ ਜੋਨਾਥਨ ਗਾਰਡਿਅਨ ਟੋਰੇਸ(18) ਜੋ ਕਿ ਦੋਵੇਂ ਪਾਸਕੋ ਖੇਤਰ ਨਾਲ ਸੰਬੰਧ ਰੱਖਦੇ ਹਨ ਨੂੰ ਅਧਿਕਾਰੀਆਂ ਦੁਆਰਾ ਨਸ਼ੀਲੇ ਪਦਾਰਥ ਵੇਚਣ ਅਤੇ ਟਰਾਂਸਪੋਰਟੇਸ਼ਨ ਕਰਨ ਦੇ ਸ਼ੱਕ 'ਚ ਹਿਰਾਸਤ ਵਿੱਚ ਲਿਆ ਗਿਆ ਹੈ।

# ਖੇਤੀ ਕਨੂੰਨਾਂ ਖ਼ਿਲਾਫ਼ ਫਰਿਜ਼ਨੋ ਵਿਖੇ ਹੋਏ ਰੋਡ ਸ਼ੋਅ ਵਿੱਚ ਪੰਜਾਬੀਆਂ ਦਾ ਆਇਆ ਹੜ







**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਭਾਰਤ ਦੇ ਨਵੇਂ ਖੇਤੀਬਾੜੀ ਕਾਨੂੰਨਾਂ ਵਿਰੁੱਧ ਪ੍ਰਦਰਸ਼ਨ ਕਰ ਰਹੇ ਭਾਰਤੀ ਕਿਸਾਨਾਂ ਦੇ ਸਮਰਥਨ 'ਚ ਅਮਰੀਕਾ ਦੇ ਕਈ ਸ਼ਹਿਰਾਂ 'ਚ ਹਜ਼ਾਰਾਂ ਪੰਜਾਬੀਅਮਰੀਕੀਆਂ ਨੇ ਸ਼ਾਂਤੀਮਈ ਢੰਗ ਨਾਲ ਵਿਰੋਧ ਰੈਲੀਆਂ ਕੱਢੀਆਂ। ਇਸੇ ਕੜੀ ਤਹਿਤ ਫਰਿਜ਼ਨੋ ਵਿੱਖੇ ਵੀ ਟਰੱਕ- ਕਾਰ, ਟਰੈਕਟਰ ਅਤੇ ਮੋਟਰ-ਸਾਈਕਲਰੋਡ ਸ਼ੋਅ ਕੱਢਿਆ ਗਿਆ। ਇਸ ਰੋਡ ਸ਼ੋਅ ਵਿੱਚ ਹਜ਼ਾਰ ਤੋ ਵੱਧ ਵਹੀਕਲਾ ਨੇ ਭਾਗ ਲਿਆ ਅਤੇ ਜਾਣਕਾਰੀ ਮੁਤਾਬਿਕ ਤਿੰਨ ਹਜ਼ਾਰ ਤੋਂ ਉੱਪਰ ਪੰਜਾਬੀਭਾਈਚਾਰੇ ਦੇ ਨਾਲ ਨਾਲ ਹੋਰ ਭਾਈਚਾਰਿਆਂ ਨੇ ਵੀ ਇਸ ਰੋਡ ਸ਼ੋਅ ਵੇਚ ਵੱਧ ਚੜਕੇ ਹਿੱਸਾ ਲਿਆ। ਇਸ ਰੋਡ ਸ਼ੋਅ ਦੀ ਖ਼ਾਸ ਗੱਲ ਇਹ ਰਹੀ ਕਿ ਇੱਥੋ ਦੇਜੰਮੇ ਨੌਜਵਾਨ ਬੱਚੇ ਬੱਚੀਆਂ ਵੀ ਇਸ ਮੁਜ਼ਾਹਰੇ ਵਿੱਚ ਪੂਰੇ ਜਾਹੋ ਜਲਾਲ ਵੇਚ ਪਹੁੰਚੇ ਹੋਏ ਸਨ। ਇਸ ਮੌਕੇ ਲੋਕਾਂ ਨੇ ਭਾਰਤ ਸਰਕਾਰ ਖ਼ਿਲਾਫ਼ ਅਤੇ ਕਿਸਾਨਾਂਦੇ ਹੱਕ ਵਿੱਚ ਨਾਅਰੇ ਲਾਕੇ ਪੂਰੀ ਭੜਾਸ ਕੱਢੀ ਅਤੇ ਕਾਲੇ ਕਾਨੂੰਨਾਂ ਦੀ ਰੱਜ ਕੇ ਨਿੰਦਿਆ ਕੀਤੀ। ਲੋਕਾਂ ਨੇ ਗੱਡੀਆਂ ਤੇ ਕਿਸਾਨਾਂ ਦੇ ਹੱਕ ਵਿੱਚ ਵੱਡੇ ਝੰਡੇ ਅਤੇਸਟਿਕਰ ਆਦਿ ਲੋਗੋ ਲਾਏ ਹੋਏ ਸਨ। ਫਰਿਜ਼ਨੋ ਤੋਂ ਇਲਾਵਾ ਕਲੋਵਿਸ, ਸੈਲਮਾਂ, ਫਾਊਲਰ, ਕਰਮਨ, ਸਨਵਾਕੀਨ, ਮੰਡੇਰਾਂ, ਸੈਂਘਰ ਆਦਿਕ ਲਾਗਲੇਸ਼ਹਿਰਾਂ ਤੋ ਸਮੁੱਚੇ ਕਿਸਾਨੀ ਨਾਲ ਸੰਬੰਧਤ ਭਾਈਚਾਰੇ ਨੇ ਸ਼ਿਰਕਤ ਕੀਤੀ।

ਇਸ ਸਮੇਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਅਸੀਂ ਤਨੋਂ ਮਨੋਂ ਧਨੋਂ ਪੰਜਾਬ-ਭਾਰਤਦੇ ਕਿਸਾਨਾਂ ਨਾਲ ਖੜੇ ਹਾਂ ਅਤੇ ਭਾਰਤ ਸਰਕਾਰ ਦੇ ਇਹ ਤਿੰਨੇ ਕਨੂੰਨਾਂ ਦਾ ਡਟਕੇ ਵਿਰੋਧ ਕਰਦੇ ਹਾਂ। ਇਸ ਸਮੁੱਚੀ ਰੈਲੀ ਵਿੱਚ ਸਾਮਲ ਟਰੈਕਟਰ ਅਤੇ ਕਾਰਾਦਾ ਕਾਫ਼ਲਾ ਇਹ ਦੱਸ ਰਿਹਾ ਸੀ ਕਿ ਬੇਸ਼ੱਕ ਅਸੀਂ ਆਰਥਿਕ ਲੋੜਾ ਅਤੇ ਨੋਕਰੀਆ ਦੀ ਮਜਬੂਰੀ ਕਰਕੇ ਵਿਦੇਸ਼ੀ ਆ ਵਸੇ, ਪਰ ਅੱਜ ਵੀ ਅਸੀਂ ਦੁੱਖ-ਸੁੱਖਵਿੱਚ ਆਪਣੇ ਪੰਜਾਬ ਵਸਦੇ ਪਰਿਵਾਰਾ ਨਾਲ ਖੜੇ ਹਾਂ।

# ਅਮਰੀਕਾ ਨੇ ਸਿਰਫ 5 ਦਿਨਾਂ ਵਿੱਚ ਦਰਜ਼ ਕੀਤੇ ਕੋਰੋਨਾਂ ਵਾਇਰਸ ਦੇ 10 ਲੱਖ ਨਵੇਂ ਕੇਸ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਇਸ ਸਾਲ ਦੇ ਸ਼ੁਰੂ ਵਿੱਚ ਤਕਰੀਬਨ 20 ਜਨਵਰੀ ਨੂੰ ਸੰਯੁਕਤ ਰਾਜ ਵਿੱਚ ਕੋਵਿਡ -19 ਦੇ ਪਹਿਲੇ ਕੇਸਾਂ ਦੀ ਪੁਸ਼ਟੀ ਹੋਣ ਤੋਂ ਬਾਅਦ, ਦੇਸ਼ ਵਿੱਚ ਵਾਇਰਸ ਦੀ ਲਾਗ ਦੇ ਮਾਮਲਿਆਂ ਦੀ ਗਿਣਤੀ ਨੂੰ 10 ਲੱਖ ਤੱਕ ਹੋਣ ਲਈ ਲੱਗਭਗ



100 ਦਿਨ ਲੱਗ ਗਏ ਸਨ ਪਰ ਹੁਣ, ਦੇਸ਼ ਨੇ ਸਿਰਫ ਪੰਜ ਦਿਨਾਂ ਵਿੱਚ ਹੀ ਵਾਇਰਸ ਦੇ ਕੁੱਲ ਮਾਮਲਿਆਂ ਵਿੱਚ 10 ਲੱਖ ਤੋਂ ਵੱਧ ਕੇਸ ਸ਼ਾਮਲ ਕੀਤੇ ਹਨ। ਜੋਨਸ ਹੌਪਕਿਨਜ਼ ਯੂਨੀਵਰਸਿਟੀ ਦੇ ਅੰਕੜਿਆਂ ਅਨੁਸਾਰ, ਮੰਗਲਵਾਰ ਤੋਂ ਸ਼ਨੀਵਾਰ ਤੱਕ, ਯੂ ਐਸ ਵਿੱਚ 1000,882 ਨਵੇਂ ਕੋਰੋਨਾਂ ਵਾਇਰਸ ਦੇ ਕੇਸ ਦਰਜ਼ ਹੋਏ ਹਨ ਜਿਸ ਨਾਲ ਕੁੱਲ 14.5 ਮਿਲੀਅਨ ਤੋਂ ਵੱਧ ਪੁਸ਼ਟੀ ਕੀਤੇ ਕੇਸ ਅਤੇ 281,199 ਮੌਤਾਂ ਦਰਜ਼ ਹੋ ਗਈਆਂ ਹਨ। ਨਵੰਬਰ ਦੇ ਮਹੀਨੇ ਵਿੱਚ ਨਵੇਂ ਕੋਰੋਨਾਂ ਵਾਇਰਸ ਕੇਸਾਂ ਦੀ ਰੋਜ਼ਾਨਾ ਗਿਣਤੀ ਵਿੱਚ ਵਾਧਾ ਜਾਰੀ ਰਿਹਾ ਹੈ ਜਿਸ ਨਾਲ ਹਸਪਤਾਲਾਂ ਵਿੱਚ ਦਾਖਲ ਹੋਣ ਵਾਲੇ ਮਰੀਜ਼ਾਂ ਅਤੇ ਮੌਤਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਜਦਕਿ ਦਸੰਬਰ ਦੇ ਦੂਜੇ ਦਿਨ ਵੀ 200,000 ਤੋਂ ਵੱਧ ਨਵੇਂ ਕੇਸ ਸਾਹਮਣੇ ਆਏ ਹਨ। ਇਸਦੇ ਨਾਲ ਹੀ ਕੋਵਿਡ ਟਰੈਕਿੰਗ ਪ੍ਰੋਜੈਕਟ ਦੇ ਅਨੁਸਾਰ ਪਿਛਲੇ ਚਾਰ ਦਿਨਾਂ ਤੋਂ ਦੇਸ਼ ਭਰ ਵਿੱਚ 100,000 ਤੋਂ ਵੱਧ ਕੋਵਿਡ -19 ਨਾਲ ਪੀੜਤ ਮਰੀਜ਼ ਹਸਪਤਾਲਾਂ ਵਿੱਚ ਦਾਖਲ ਹੋਏ ਹਨ।

# ਇਰਾਕ ਯੁੱਧ ਦੇ ਹੀਰੋ ਐਲਵਿਨ ਕੈਸ਼ 'ਮੈਡਲ ਆਫ਼ ਆਨਰ' ਦੇ ਹੱਕਦਾਰ ਹੋਣ ਦੇ ਨਜ਼ਦੀਕ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਯੂ ਐਸ ਫੌਜ ਦੇ ਇੱਕ ਬਹਾਦਰ ਸਾਰਜੈਂਟ ਜੋ ਕਿ ਇਰਾਕ ਵਿੱਚ ਲੜਾਈ ਦੌਰਾਨ ਆਪਣੀ ਜਾਨ ਗਵਾ ਬੈਠੇ ਸਨ,ਆਪਣੀਆਂ ਕਾਰਵਾਈਆਂ ਕਾਰਨ ਮੈਡਲ ਆਫ ਆਨਰ ਪ੍ਰਾਪਤ ਕਰਨ ਦੇ ਨਜ਼ਦੀਕ ਹਨ। ਇਸ ਸਨਮਾਨ ਨੂੰ ਪ੍ਰਾਪਤ ਕਰਨ ਵਾਲੇ ਉਹ ਪਹਿਲੇ ਬਲੈਕ ਸਰਵਿਸ ਮੈਂਬਰ ਹੋਣਗੇ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ ਨੂੰ ਇਕ ਕਾਨੂੰਨ 'ਤੇ ਹਸਤਾਖਰ ਕੀਤੇ ਜੋ ਸਾਰਜੈਂਟ



ਐਲਵਿਨ ਕੈਸ਼ ਨੂੰ ਲੜਾਈ ਵਿੱਚ ਬਹਾਦਰੀ ਲਈ ਫੌਜ ਦੇ ਸਰਵਉੱਚ ਤਮਗੇ ਨਾਲ ਸਨਮਾਨਤ ਕਰਨ ਲਈ ਪੰਜ ਸਾਲ ਦੀ ਸੀਮਾ ਮੁਆਫ ਕਰਦੇ ਹਨ।ਇਹ ਬਹਾਦਰ 35 ਸਾਲਾ ਕੈਸ਼ ਇਰਾਕ ਦੇ ਸਮਾਰਾ ਵਿਖੇ 17 ਅਕਤੂਬਰ 2005 ਨੂੰ ਗਸ਼ਤ ਕਰ ਰਿਹਾ ਸੀ ਉਸ ਦੌਰਾਨ ਉਹਨਾਂ ਦੇ ਵਾਹਨ ਦੇ ਨਜ਼ਦੀਕ ਬੰਬ ਧਮਾਕਾ ਹੋਇਆ ਜਿਸ ਨਾਲ ਵਾਹਨ ਨੂੰ ਅੱਗ ਲੱਗ ਗਈ ਅਤੇ ਥੋੜ੍ਹਾ ਜ਼ਖਮੀ ਹੋਇਆ ਕੈਸ਼ ਗੰਨਰ ਦੇ ਬਾਹਰ ਨਿਕਲਿਆ ਜਦਕਿ ਛੇ ਸਿਪਾਹੀ ਅੱਗ ਦੀਆਂ ਲਪਟਾਂ ਨਾਲ ਗੱਡੀ ਅੰਦਰ ਫਸ ਗਏ ਸਨ। ਇਸ ਦੌਰਾਨ ਤੇਲ ਨਾਲ ਭਿੱਜੀ ਹੋਈ ਵਰਦੀ ਨਾਲ ਕੈਸ਼ ਨੇ ਸੈਨਿਕਾਂ ਨੂੰ ਵਾਹਨ ਤੋਂ ਬਾਹਰ ਕੱਢਿਆ ਜਦਕਿ ਉਹ ਖੁਦ 70% ਤੋਂ ਵੱਧ ਅੱਗ ਨਾਲ ਲਸ ਗਿਆ ਸੀ । ਫਲੋਰੀਡਾ ਵਾਸੀ ਸਾਰਜੈਂਟ ਕੈਸ਼ ਦੀ 8 ਨਵੰਬਰ, 2005 ਨੂੰ ਸਾਨ ਐਂਟੋਨੀਓ, ਟੈਕਸਸ ਦੇ ਇੱਕ ਮਿਲਟਰੀ ਹਸਪਤਾਲ ਵਿੱਚ ਮੌਤ ਹੋ ਗਈ ਸੀ। ਕੈਸ਼ ਨੂੰ ਉਸਦੀ ਬਹਾਦਰੀ ਲਈ ਸਿਲਵਰ ਸਟਾਰ ਦਿੱਤਾ ਗਿਆ ਸੀ ਪਰ ਉਸਦੇ ਪਰਿਵਾਰ ਅਤੇ ਕੁਝ ਸਾਬਕਾ ਕਮਾਂਡਰਾਂ ਨੇ ਉਸਨੂੰ ਮੈਡਲ ਆਫ਼ ਆਨਰ ਨਾਲ ਮਾਨਤਾ ਦੇਣ ਲਈ ਸਾਲਾਂ ਤੋਂ ਮੁਹਿੰਮ ਚਲਾਈ ਗਈ ਸੀ ਅਤੇ ਲੱਗਭਗ 15 ਸਾਲ ਬਾਅਦ ਹੁਣ ਉਹ ਪਲ ਆਇਆ ਹੈ, ਜਿਸ ਦਾ ਕੈਸ਼ ਦੇ ਪਰਿਵਾਰ ਨੇ ਇੰਤਜ਼ਾਰ ਕੀਤਾ ਹੈ। ਰਾਸ਼ਟਰਪਤੀ ਕੋਲ ਮੈਡਲ ਆਫ਼ ਆਨਰ ਦੇਣ ਦਾ ਪੂਰਾ ਅਧਿਕਾਰ ਹੈ, ਪਰ ਇਸ ਕਦਮ ਨੂੰ ਪੈਂਟਾਗਨ ਦਾ ਸਮਰਥਨ ਵੀ ਪ੍ਰਾਪਤ ਹੋਇਆ ਹੈ।

# ਅਮਰੀਕਾ ਦੇ ਪਹਿਲੇ ਆਵਾਜ਼ ਦੀ ਰਫਤਾਰ ਨੂੰ ਤੋੜਨ ਵਾਲੇ ਪਾਇਲਟ ਚੁਕ ਯੇਗੇਰ ਦਾ ਹੋਇਆ 97 ਸਾਲ ਦੀ ਉਮਰ 'ਚ ਦੇਹਾਂਤ


**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਚੁਕ ਯੇਗੇਰ, ਆਵਾਜ਼ ਦੀ ਰਫਤਾਰ ਨੂੰ ਤੋੜਨ ਵਾਲਾ ਪਹਿਲੇ ਵਿਅਕਤੀ ਅਤੇ ਸੰਯੁਕਤ ਰਾਜ ਦੀ ਏਅਰ ਫੋਰਸ ਦੇ ਇੱਕ ਮਹਾਨ ਪਾਇਲਟ ਦੀ ਸੋਮਵਾਰ ਨੂੰ 97 ਸਾਲ ਦੀ ਉਮਰ ਵਿੱਚ ਮੌਤ ਹੋ ਗਈ ਹੈ। ਯੇਗੇਰ ਦੀ ਮੌਤ ਸੰਬੰਧੀ ਘੋਸ਼ਣਾ ਉਸ ਦੇ ਅਧਿਕਾਰਤ ਟਵਿੱਟਰ ਅਕਾਊਂਟ 'ਤੇ ਉਸ ਦੀ ਪਤਨੀ ਵਿਕਟੋਰੀਆ ਸਕਾਟ ਡੀ ਏਂਜੈਲੋ ਨਾਲ ਸਬੰਧਤ ਇੱਕ ਟਵੀਟ ਵਿੱਚ ਕੀਤੀ ਗਈ ਸੀ। ਇਸ ਸਾਬਕਾ ਪਾਈਲਟ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਨਾਸਾ ਦੇ ਅਧਿਕਾਰੀ ਜਿੰਮ ਬ੍ਰਾਈਡਨਸਟਾਈਨ ਨੇ ਕੌਮ ਦਾ ਬਹੁਤ ਵੱਡਾ ਘਾਟਾ ਕਿਹਾ ਹੈ। 1923 ਵਿਚ ਵੈਸਟ ਵਰਜੀਨੀਆ ਵਿਚ ਜਨਮੇ, ਯੇਗੇਰ ਦੂਜੇ ਵਿਸ਼ਵ ਯੁੱਧ ਵਿੱਚ ਇਕ ਲੜਾਕੂ ਪਾਇਲਟ ਵਜੋਂ ਪ੍ਰਸਿੱਧੀ ਪ੍ਰਾਪਤ ਕੀਤੀ ,ਜਦੋਂ ਉਸ ਨੂੰ ਘੱਟੋ ਘੱਟ ਇੱਕ ਦਰਜਨ ਦੁਸ਼ਮਣ ਜਹਾਜ਼ਾਂ ਨੂੰ ਗੋਲੀ ਮਾਰਨ ਦਾ ਸਿਹਰਾ ਮਿਲਿਆ ਸੀ। ਇਸ ਦੌਰਾਨ ਉਹ ਇੱਕ ਟੈਸਟ ਪਾਇਲਟ ਬਣਿਆ ਜਿਸਨੇ ਕੋ–ਰੀਆ ਅਤੇ ਵੀਅਤਨਾਮ ਨਾਲ ਯੁੱਧਾਂ ਵਿੱਚ ਲੜਾਈ ਮਿਸ਼ਨਾਂ ਤੇ ਵਾਪਸ ਜਾਣ ਤੋਂ ਪਹਿਲਾਂ ਦੂਜੇ



ਵਿਸ਼ਵ ਯੁੱਧ ਦੇ ਬਾਅਦ ਰਫਤਾਰ ਅਤੇ ਉਚਾਈ ਲਈ ਕਈ ਰਿਕਾਰਡ ਤੋੜ ਦਿੱਤੇ ਅਤੇ ਅਖੀਰ 1975 ਵਿੱਚ ਮਿਲਟਰੀ ਤੋਂ ਸੇਵਾ–ਮੁਕਤ ਹੋਇਆ ।ਆਪਣੀ ਡਿਊਟੀ ਦੌਰਾਨ ਯੇਗੇਰ ਨੇ 14 ਅਕਤੂਬਰ, 1947 ਨੂੰ ਕੈਲੀਫੋਰਨੀਆਂ ਦੇ ਮੋਜਾਵੇ ਮਾਰੂਥਲ ਉੱਪਰ ਉੱਡਦੇ ਸਮੇਂ ਸਾਉਂਡ ਸਪੀਡ ਦਾ ਰਿਕਾਰਡ ਤੋੜਿਆ ਸੀ। ਉਸਨੇ ਐਕਸ –1 ਜਹਾਜ਼ 25,000 ਫੁੱਟ ਦੀ ਉਚਾਈ 'ਤੇ ਉਡਾਉਣ ਤੋਂ ਬਾਅਦ ਇੱਕ ਬੀ –29 ਬੰਬ ਬੇਅ ਜਾਰੀ ਕਰਕੇ 40,000 ਫੁੱਟ ਉਚਾਈ 'ਤੇ 662 ਮੀਲ ਪ੍ਰਤੀ ਘੰਟਾ ਤੋਂ ਵੱਧ ਸਪੀਡ ਨਾਲ ਸਾਉਂਡ ਸਪੀਡ ਦਾ ਰਿਕਾਰਡ ਕਾਇਮ ਕੀਤਾ। ਯੇਗੇਰ ਨੂੰ ਉਸਦੀਆਂ ਪ੍ਰਾਪਤੀਆਂ ਬਦਲੇ ਸਿਲਵਰ ਸਟਾਰ, ਫਲਾਇੰਗ ਕਰਾਸ, ਕਾਂਸੀ ਸਟਾਰ, ਏਅਰ ਮੈਡਲ ਅਤੇ ਪਰਪਲ ਹਾਰਟ ਸਨਮਾਨਾਂ ਨਾਲ ਨਿਵਾਜਿਆ ਗਿਆ।ਇਸਦੇ ਨਾਲ ਹੀ ਰਾਸ਼ਟਰਪਤੀ ਹੈਰੀ ਐਸ ਟਰੂਮੈਨ ਨੇ ਉਸ ਨੂੰ ਸਾਉਂਡ ਰੁਕਾਵਟ ਨੂੰ ਤੋੜਨ ਲਈ ਦਸੰਬਰ 1948 ਵਿੱਚ ਕੋਲੀਅਰ ਏਅਰ ਟਰਾਫੀ ਅਤੇ ਰਾਸ਼ਟਰਪਤੀ ਰੋਨਾਲਡ ਰੀਗਨ ਵੱਲੋਂ ਵੀ 1985 ਵਿੱਚ ਪਰੈਜ਼ੀਡੈਂਟ ਮੈਡਲ ਆਫ ਫਰੀਡਮ ਨਾਲ ਸਨਮਾਨਿਤ ਕੀਤਾ ਗਿਆ।

# ਫਰਿਜ਼ਨੋ ਸਿਟੀ ਕਾਉਂਸਿਲ ਮੈਂਬਰ ਐਸਮੇਰਲਡਾ ਸੋਰੀਆ ਹੋਈ ਕੋਰੋਨਾਂ ਵਾਇਰਸ ਪਾਜ਼ੀਟਿਵ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜ਼ਨੋ ਸਿਟੀ ਕੌਂਸਲ ਦੀ ਮੈਂਬਰ ਐਸਮੇਰਲਡਾ ਸੋਰੀਆ ਨੂੰ ਕੋਰੋਨਾਂ ਵਾਇਰਸ ਨੇ ਆਪਣੀ ਲਪੇਟ ਵਿੱਚ ਲਿਆ ਹੈ । ਸੋਰੀਆ ਨੇ ਇਸ ਸੰਬੰਧੀ ਸੋਮਵਾਰ ਰਾਤ ਨੂੰ ਘੋਸ਼ਣਾ ਕੀਤੀ ਹੈ ਕਿ ਉਸਨੇ ਕੋਵਿਡ –19 ਲਈ ਸਕਾਰਾਤਮਕ ਟੈਸਟ ਕੀਤਾ ਹੈ। ਕੌਂਸਲ ਮੈਂਬਰ ਸੋਰੀਆ ਨੇ ਇਹ ਐਲਾਨ ਇੱਕ ਨਿਊਜ਼ ਰੀਲੀਜ਼ ਰਾਹੀਂ ਕੀਤਾ, ਜਿਸ ਅਨੁਸਾਰ ਉਸ ਨੇ ਵਾਇਰਸ ਦੇ ਲੱਛਣ ਮਹਿਸੂਸ ਕਰਨ ਨਾਲ ਸਾਰੇ ਜਨਤਕ ਕੰਮਾਂ ਨੂੰ ਰੱਦ ਕਰ ਦਿੱਤਾ ਹੈ। ਸੋਰੀਆ ਨੇ ਦੱਸਿਆ ਕਿ ਉਹ ਆਪਣੇ ਡਾਕਟਰ ਦੇ ਆਦੇਸ਼ਾਂ ਦੀ ਪਾਲਣਾ ਕਰਦੀ



ਹੋਈ ਸਵੈ–ਕੁਆਰੰਟੀਨ ਵਿੱਚ ਰਹੇਗੀ। ਇਹ ਕੌਂਸਲ ਮੈਂਬਰ ਸੋਰੀਆ ਫਰਿਜ਼ਨੋ ਵਿੱਚ ਵਾਇਰਸ ਦਾ ਸਕਾਰਾਤਮਕ ਟੈਸਟ ਕਰਨ ਵਾਲੀ ਇਸ ਸਮੇਂ ਦੀ ਨਵੀਂ ਏਰੀਆ ਲੀਡਰ ਹੈ। ਇਸ ਤੋਂ ਲਗਭੱਗ ਇੱਕ ਮਹੀਨਾ ਪਹਿਲਾਂ ਫਰਿਜ਼ਨੋ ਦੇ ਚੁਣੇ ਗਏ ਮੇਅਰ ਜੈਰੀ ਡਾਇਰ ਅਤੇ ਫਰਿਜ਼ਨੋ ਕਾਉਂਟੀ ਸੁਪਰਵਾਈਜ਼ਰ ਸਟੀਵ ਬ੍ਰਾਂਡੋ ਨੇ ਇੱਕ ਡਿਨਰ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਸਕਾਰਾਤਮਕ ਟੈਸਟ ਲਿਆ ਸੀ। ਸੋਰੀਆ ਦੀ ਵਾਇਰਸ ਟੈਸਟ ਸੰਬੰਧੀ ਇਹ ਘੋਸ਼ਣਾ 15 ਤੋਂ ਵੱਧ ਲੋਕਾਂ ਦੇ ਨਿੱਜੀ ਇਕੱਠ ਨੂੰ ਜੁਰਮਾਨਾ ਕਰਨ ਲਈ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਕੀਤੀ ਗਈ ਹੈ।

# ਟਰੰਪ ਨੇ ਪ੍ਰਸਿੱਧ ਰੈਸਲਰ ਡੇਨ ਗੈਬਲ ਨੂੰ ਦਿੱਤਾ 'ਮੈਡਲ ਆਫ਼ ਫਰੀਡਮ'

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਰਾਸ਼ਟਰਪਤੀ ਟਰੰਪ ਨੇ ਸੋਮਵਾਰ ਨੂੰ ਵ੍ਹਾਈਟ ਹਾਊਸ ਦੇ ਇੱਕ ਸਮਾਰੋਹ ਦੌਰਾਨ ਕੁਸ਼ਤੀ ਦੇ ਮਹਾਨ ਕਪਤਾਨ ਡੇਨ ਗੈਬਲ ਨੂੰ 'ਮੈਡਲ ਆਫ਼ ਫਰੀਡਮ' ਨਾਲ ਸਨਮਾਨਿਤ ਕੀਤਾ ਹੈ। ਟਰੰਪ ਨੇ ਗੈਬਲ ਨੂੰ ਉਸਦੀਆਂ ਕੁਸ਼ਤੀ ਵਿੱਚ ਕੀਤੀਆਂ ਪ੍ਰਾਪਤੀਆਂ ਬਦਲੇ ,ਦੇਸ਼ ਦਾ ਵੱਡਾ ਸਨਮਾਨ ਪਰੈਜ਼ੀਡੈਂਟਲ ਮੈਡਲ ਆਫ ਫਰੀਡਮ ਪ੍ਰਦਾਨ ਕੀਤਾ।ਗੈਬਲ ਨੇ ਆਪਣੀਆਂ ਕੁਸ਼ਤੀ ਦੀਆਂ ਗਤੀਵਿਧੀਆਂ ਨੂੰ ਆਇਓਵਾ ਵਿੱਚ ਸ਼ੁਰੂ ਕਰਕੇ ਮਿਊਨਿਖ ,ਜਰਮਨੀ ਵਿੱਚ 1972 ਦੀਆਂ ਓਲੰਪਿਕ ਖੇਡਾਂ ਵਿੱਚ ਸੋਨੇ ਦਾ ਮੈਡਲ ਵੀ ਜਿੱਤਿਆ ਸੀ।ਰਾਸ਼ਟਰਪਤੀ ਨੇ ਇਸ ਖਿਡਾਰੀ ਦਾ ਹਾਈ ਸਕੂਲ



ਵਿੱਚ 64 ਜਿੱਤਾਂ,ਆਇਓਵਾ ਸਟੇਟ ਵਿੱਚ 117 –1 ਅਤੇ ਓਲੰਪਿਕ ਵਿੱਚ ਉਸ ਦੇ ਛੇ ਮੈਚ ਜਿੱਤਣ ਤੇ ਪ੍ਰਸੰਸਾ ਕਰਦਿਆਂ ਅਮਰੀਕਾ ਦਾ ਮਾਣ ਦੱਸਿਆ।ਇਸਦੇ ਇਲਾਵਾ ਗੈਬਲ ਦੀ ਆਇਓਵਾ ਯੂਨੀਵਰਸਿਟੀ ਵਿੱਚ ਇੱਕ ਕੋਚ ਦੇ ਤੌਰ ਤੇ ਕੰਮ ਕਰਦਿਆਂ ਉਸ ਦੀਆਂ ਟੀਮਾਂ ਨੇ 15 ਐਨ ਸੀ ਏ ਏ ਨੈਸ਼ਨਲ ਟੀਮ ਦੇ ਖ਼ਿਤਾਬ ਜਿੱਤੇ ਅਤੇ 355–21 ਦਾ ਰਿਕਾਰਡ ਵੀ ਕਾਇਮ ਕੀਤਾ।ਇਸਦੇ ਨਾਲ ਹੀ ਗੈਬਲ ਨੂੰ ਯੂਨਾਈਟਿਡ ਸਟੇਟਸ ਆਫ ਅਮੈਰਿਕਾ ਰੈਸਲਿੰਗ ਹਾਲ ਆਫ ਫੇਮ, ਯੂਨਾਈਟਿਡ ਸਟੇਟਸ ਓਲੰਪਿਕ ਹਾਲ ਆਫ ਫੇਮ ਅਤੇ ਨੈਸ਼ਨਲ ਰੈਸਲਿੰਗ ਹਾਲ ਆਫ ਫੇਮ ਵਿੱਚ ਵੀ ਸ਼ਾਮਲ ਕੀਤਾ ਗਿਆ ਹੈ।ਇਸ ਮਹਾਨ ਅਮਰੀਕੀ ਰੈਸਲਰ ਨੇ ਇਸ ਸਨਮਾਨ ਨੂੰ ਪ੍ਰਾਪਤ ਕਰਨ ਉਪਰੰਤ ਰਾਸ਼ਟਰਪਤੀ ਟਰੰਪ ਨੂੰ ਸਨਮਾਨ ਦੇਣ ਲਈ ਧੰਨਵਾਦ ਕੀਤਾ।

# ਤਿੰਨ ਖੇਤੀ ਕਾਨੂੰਨ ਰੱਦ ਕਰਨ 'ਤੇ ਅੜੇ ਕਿਸਾਨ

(ਸਫਾ 1 ਦੀ ਬਾਕੀ)

ਦੀ ਹਮਾਇਤ ਕੀਤੀ ਹੈ ਪਰ ਉਨ੍ਹਾਂ ਨੇ ਇਨ੍ਹਾਂ ਕਾਨੂੰਨਾਂ ਵਿਚ ਸੁਧਾਰ ਦੀ ਵੀ ਮੰਗ ਕੀਤੀ ਹੈ।

ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਭਾਰਤ ਬੰਦ ਤੋਂ ਬਾਅਦ ਮੰਗਲਵਾਰ ਨੂੰ ਅਮਿਤ ਸ਼ਾਹ ਵੱਲੋਂ ਕਿਸਾਨ ਜਥੇਬੰਦੀਆਂ ਨਾਲ ਸੱਦੀ ਗਈ ਮੀਟਿੰਗ ਵੀ ਬੇਸਿੱਟਾ ਰਹੀ। ਮੀਟਿੰਗ ਵਿਚ ਸਰਕਾਰ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਨ ਲਈ ਤਿਆਰ ਨਹੀਂ ਹੋਈ ਅਤੇ ਕਿਸਾਨ ਕਾਨੂੰਨਾਂ ਨੂੰ ਰੱਦ ਕਰਵਾਉਣ 'ਤੇ ਅੜੇ ਰਹੇ। ਹੁਣ ਕਿਸਾਨਾਂ ਨੇ 9 ਦਸੰਬਰ ਦੀ ਪਹਿਲਾਂ ਤੈਅ ਮੀਟਿੰਗ ਨੂੰ ਰੱਦ ਕਰਨ ਦਾ ਐਲਾਨ ਕੀਤਾ ਹੈ ਅਤੇ ਕਿਹਾ ਹੈ ਕਿ 6ਵੇਂ ਦੌਰ ਦੀ ਮੀਟਿੰਗ ਨਹੀਂ ਹੋਵੇਗੀ ਅਤੇ ਕਿਸਾਨ ਜਥੇਬੰਦੀਆਂ ਅਗਲੀ ਰਣਨੀਤੀ ਲਈ ਆਪਸ ਵਿਚ ਮੀਟਿੰਗ ਕਰਨਗੀਆਂ।

**ਕਿਸਾਨ ਅੰਦੋਲਨ ਦਾ ਖ਼ਾਲਿਸਤਾਨ ਨਾਲ ਕੋਈ ਸਬੰਧ ਨਹੀਂ– ਜਥੇਦਾਰ ਸਾਹਿਬਾਨ**

ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਨੂੰ ਆਖਿਆ ਹੈ ਕਿ ਉਹ ਲੋਕ ਰੋਹ ਅਤੇ ਕਿਸਾਨ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਖੇਤੀ ਵਿਰੋਧੀ ਕਾਨੂੰਨਾਂ ਨੂੰ ਤੁਰੰਤ ਵਾਪਸ ਲਵੇ। ਅਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਲੋਕ ਹਿੱਤਾਂ ਲਈ ਕਾਨੂੰਨ ਬਣਾਏ ਜਾਂਦੇ ਹਨ, ਜੇ ਲੋਕਾਂ ਨੂੰ ਹੀ ਅਜਿਹੇ ਕਾਨੂੰਨ ਪ੍ਰਵਾਨ ਨਹੀਂ ਹਨ ਤਾਂ ਫਿਰ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ। ਉਨ੍ਹਾਂ ਆਖਿਆ ਕਿ ਇਹ ਕਾਨੂੰਨ ਬਣਾਉਣ ਸਮੇਂ ਕਿਸਾਨਾਂ ਦਾ ਪੱਖ ਲੈਣਾ ਚਾਹੀਦਾ ਸੀ। ਕਿਸਾਨ ਸੰਘਰਸ਼ ਨੂੰ ਖ਼ਾਲਿਸਤਾਨੀ ਆਖੇ ਜਾਣ ਦਾ ਵਿਰੋਧ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਸੰਘਰਸ਼ ਦਾ ਖ਼ਾਲਿਸਤਾਨ ਨਾਲ ਕੋਈ ਸਬੰਧ ਨਹੀਂ ਹੈ।

ਇਸ ਨੂੰ ਖਾਲਿਸਤਾਨੀ ਆਖ ਕੇ ਸੰਘਰਸ਼ ਨੂੰ ਤਾਰਪੀਡੋ ਕਰਨ ਦਾ ਯਤਨ ਨਾ ਕੀਤਾ ਜਾਵੇ। ਐਮਐਸਪੀ ਸਰਕਾਰ 'ਤੇ ਕੋਈ ਬੋਝ ਨਹੀਂ ਹੈ ਸਗੋਂ ਜੋ ਬੈਂਕਾਂ ਦੀ ਵੱਡੀ ਰਕਮ ਲੈ ਕੇ ਬਾਹਰ ਭੱਜ ਗਏ ਹਨ ਉਹ ਬੋਝ ਹਨ। ਇਸ ਦਾ ਨਜ਼ਲਾ ਕਿਸਾਨਾਂ 'ਤੇ ਸੁੱਟਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ।







ਦੇਸ਼ ਦੁਆਬਾ

# ਕਿਸਾਨਾਂ ਦੀ ਗੱਲ ਨੂੰ ਸੁਣਿਆ ਜਾਵੇ

ਪੰਜਾਬ, ਹਰਿਆਣਾ ਅਤੇ ਕਈ ਹੋਰ ਸੂਬਿਆਂ ਦੇ ਕਿਸਾਨ ਪਿਛਲੇ ਕਈ ਦਿਨਾਂ ਤੋਂ ਨਿਰੰਤਰ ਸੰਘਰਸ਼ ਕਰ ਰਹੇ ਹਨ ਅਤੇ ਹੁਣ ਸੰਘਰਸ਼ ਰਾਜਧਾਨੀ ਵਿਚ ਜਾ ਪਹੁੰਚਿਆ ਹੈ। ਇਸ ਦਰਮਿਆਨ ਹਾਲਾਂਕਿ ਕੇਂਦਰ ਸਰਕਾਰ ਨਾਲ ਕਈ ਵਾਰ ਕਿਸਾਨਾਂ ਦੀ ਗੱਲਬਾਤ ਹੋਈ ਪਰ ਕੋਈ ਸਿੱਟਾ ਨਾ ਨਿਕਲਿਆ। ਕਿਸਾਨ ਤਿੰਨੇ ਖੇਤੀ ਬਿਲ ਰੱਦ ਕਰਾਉਣ ਤੇ ਅੜੇ ਹਨ, ਜਦਕਿ ਕੇਂਦਰ ਸਰਕਾਰ ਕੁਝ ਸੋਧਾਂ ਕਰਨ ਲਈ ਹੀ ਤਿਆਰ ਹੈ। ਇਸ ਦਰਮਿਆਨ ਕਿਸਾਨ ਸੰਘਰਸ਼ ਨੂੰ ਪੂਰੀ ਦੁਨੀਆਂ ਵਿਚ ਭਰਵਾਂ ਹੁੰਗਾਰਾ ਵੀ ਮਿਲ ਰਿਹਾ ਹੈ। ਇਹ ਨਿਰੋਲ ਕਿਸਾਨਾਂ ਦਾ ਸੰਘਰਸ਼ ਹੈ, ਜਿਸ ਦੀ ਵਾਗਡੋਰ ਸਿਰਫ ਕਿਸਾਨਾਂ ਦੇ ਕੋਲ ਹੈ।

ਸਰਕਾਰ ਤੇ ਕਿਸਾਨਾਂ ਦੀ ਹਾਲੇ ਤਕ ਦੀ ਗੱਲਬਾਤ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਦੋਵੇਂ ਧਿਰਾਂ ਆਪੋ-ਆਪਣੀ ਗੱਲ 'ਤੇ ਅੜੀਆਂ ਹੋਈਆਂ ਹਨ। ਸਰਕਾਰ ਦਾ ਕਹਿਣਾ ਹੈ ਕਿ ਨਵੇਂ ਕਾਨੂੰਨ ਕਿਸਾਨਾਂ ਦੀ ਹਾਲਤ ਨੂੰ ਸੁਧਾਰਨਗੇ ਤੇ ਐੱਮਐੱਸਪੀ ਪਹਿਲਾਂ ਵਾਂਗ ਜਾਰੀ ਰਹੇਗੀ। ਬੀਤੇ ਦਿਨ ਪ੍ਰਧਾਨ ਮੰਤਰੀ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਵਿਕਾਸ ਲਈ ਪੁਰਾਣੇ ਕਾਨੂੰਨਾਂ 'ਚ ਸੁਧਾਰ ਜ਼ਰੂਰੀ ਹੁੰਦਾ ਹੈ। ਉਨ੍ਹਾਂ ਕਿਹਾ ਸੀ ਕਿ ਜਿਹੜੇ ਕਾਨੂੰਨ ਪਿਛਲੀ ਸਦੀ 'ਚ ਲਾਹੇਵੰਦ ਸਨ, ਉਹ ਅਗਲੀ ਸਦੀ 'ਚ ਬੋਝ ਬਣ ਜਾਂਦੇ ਹਨ। ਪਹਿਲਾਂ ਸੁਧਾਰ ਟੁਕੜਿਆਂ 'ਚ ਹੁੰਦੇ ਸਨ ਜੋ ਹੁਣ ਸੰਪੂਰਨਤਾ ਨਾਲ ਕੀਤੇ ਜਾ ਰਹੇ ਹਨ। ਕਿਸਾਨ ਆਗੂਆਂ ਦਾ ਦਾਅਵਾ ਹੈ ਕਿ ਪੰਜਾਬ ਦੇ ਸੂਝਵਾਨ ਤੇ ਪੜ੍ਹੇ-ਲਿਖੇ ਕਿਸਾਨ ਖੇਤੀ ਕਾਨੂੰਨਾਂ ਦੀਆਂ ਬਾਰੀਕੀਆਂ ਨੂੰ ਸਮਝਦੇ ਹੋਏ ਉਨ੍ਹਾਂ ਦੇ ਅਸਰਾ ਦਾ ਸਹੀ ਮੁਲਾਂਕਣ ਕਰ ਰਹੇ ਹਨ। ਦਰਅਸਲ, ਦੋਵੇਂ ਧਿਰਾਂ ਨੂੰ ਨਵੇਂ ਸਿਰੇ ਤੋਂ ਫਰਾਖਦਿਲੀ ਨਾਲ ਗੱਲ ਕਰਨੀ ਚਾਹੀਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਦੀ ਜੋ ਵੀ ਸ਼ੰਕਾ ਹੈ ਉਸ ਨੂੰ ਦੂਰ ਕੀਤਾ ਜਾਵੇ ਅਤੇ ਉਨ੍ਹਾਂ ਦੇ ਹੱਕਾਂ ਨੂੰ ਮਜ਼ਬੂਤੀ ਦੇਣ ਲਈ ਜੋ ਵੀ ਸੋਧ ਕਰਨੀ ਹੈ, ਉਹ ਕੀਤੀ ਜਾਵੇ। ਕਿਸਾਨ ਅੰਦੋਲਨ 'ਚ ਐੱਮ ਐੱਸ ਪੀ ਸਭ ਤੋਂ ਵੱਡਾ ਮੁੱਦਾ ਹੈ। ਸਰਕਾਰ ਕਾਨੂੰਨ 'ਚ ਯਕੀਨੀ ਬਣਾਵੇ ਕਿ ਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।

ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਦੇ ਪ੍ਰਸਤਾਵ ਨੂੰ ਸੁਹਿਰਦਤਾ ਨਾਲ ਸੁਣੇ ਅਤੇ ਉਹਨਾਂ ਦੇ ਸ਼ੰਕਿਆਂ ਦਾ ਹੱਲ ਕੱਢੇ ਤਾਂ ਜੋ ਦੇਸ਼-ਵਿਦੇਸ਼ ਵਿਚ ਹੋ ਰਹੇ ਪ੍ਰਦਰਸ਼ਨਾਂ ਤੋਂ ਬਚਿਆ ਜਾ ਸਕੇ।

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-159

## ਚੰਦਨ ਬਾਰੇ ਜਾਣਕਾਰੀ, ਮਨੌਤਾਂ ਅਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

ਚੰਦਨ-ਇੱਕ ਸੁਗੰਧ ਵਾਲਾ ਬਿਰਛ ਅਤੇ ਉਸ ਦਾ ਕਾਠ ਜੋ ਸਭ ਦੇ ਚਿੱਤ ਨੂੰ ਚਦਿ (ਪ੍ਰਸੰਨ) ਕਰਦਾ ਹੈ। ਸ਼੍ਰੀਗੰਧ. ਸੰਦਲ. (ਸੈਨਟਾਲਮ ਐਲਬੰਮ) ਇਹ ਮੈਸੋਰ ਦੇ ਇਲਾਕੇ ਅਤੇ ਮਦਰਾਸ ਦੇ ਦੱਖਣੀ ਭਾਗ ਵਿੱਚ ਬਹੁਤ ਹੁੰਦਾ ਹੈ। ਇਸ ਦੀ ਤਾਸੀਰ ਸਰਦ ਤਰ ਹੈ। ਚੰਦਨ ਦੇ ਕਾਠ ਤੋਂ ਕੱਢਿਆ ਤੇਲ ਬਹੁਤ ਸੁਗੰਧ ਵਾਲਾ ਹੁੰਦਾ, ਇਸੇ ਤੋਂ ਸਾਰੇ ਇਤਰ ਬਣਾਏ ਜਾਂਦੇ ਅਤੇ ਅਨੇਕ ਰੋਗਾਂ ਲਈ ਵਰਤੀਦਾ ਹੈ। ਚੰਦਨ ਘਸਾਕੇ ਦੇਵਤਾ ਨੂੰ ਚੜ੍ਹਾਇਆ ਜਾਂਦੈ, ਮੱਥੇ ਤੇ ਟਿੱਕਾ ਅਨੇਕ ਹਿੰਦੂ ਲਾਉਂਦੇ ਹਨ। ਗਰਮੀ ਤੋਂ ਹੋਈ ਸਿਰ ਪੀੜ ਨੂੰ ਇਸ ਦਾ ਮੱਥੇ ਤੇ ਕੀਤਾ ਲੇਪ ਬਹੁਤ ਗੁਣਕਾਰੀ ਹੈ। ਚੰਦਨ ਦਾ ਸ਼ਰਬਤ ਪਿੱਤ ਤੋਂ ਹੋਏ ਤਾਪ ਨੂੰ ਦੂਰ ਕਰਦਾ, ਚੰਦਨ ਦੇ ਕਾਠ ਤੇ ਚਿਤਾਈ ਦਾ ਕੰਮ ਬਹੁਤ ਸੁੰਦਰ ਹੁੰਦਾ ਹੈ। ਇਸ ਤੋਂ ਬਣੇ ਕਲਮਦਾਨ ਡੱਬੇ ਆਦਿਕ ਦੂਰ-ਦੂਰ ਜਾਂਦੇ ਅਤੇ ਬਹੁਤ ਮੁੱਲ ਪਾਉਂਦੇ ਹਨ।(ਮਹਾਨਕੋਸ)

ਚੰਦਨ ਦੁਨੀਆਂ ਦੀਆਂ ਸਭ ਤੋਂ ਮਹਿੰਗੀਆਂ ਲੱਕੜਾਂ ਵਿਚੋਂ ਇਕ ਕਿਉਂ? ਚੰਦਨ ਸੈਨਟਾਲਮ ਪ੍ਰਜਾਤੀ ਵਿਚ ਦਰੱਖਤਾਂ ਵਿੱਚੋ ਲੱਕੜ ਦੀ ਇਕ ਸ਼੍ਰੇਣੀ ਹੈ। ਜੰਗਲ ਭਾਰੀ, ਪਿੱਲੇ ਅਤੇ ਬਰੀਕ ਜਿਹੇ ਹੁੰਦੇ ਅਤੇ ਹੋਰ ਕਈ ਖੁਸ਼ਬੂਦਾਰ ਜੰਗਲਾਂ ਦੇ ਉਲਟ, ਉਹ ਆਪਣੀ ਖੁਸ਼ਬੂ ਨੂੰ ਕਈ ਦਹਾਕਿਆਂ ਤੋਂ ਬਰਕਰਾਰ ਰੱਖਦੇ ਹਨ। ਇਹ ਕਰਨਾਟਕ ਦਾ ਰਾਜ ਦਰੱਖਤ ਹੈ। ਚੰਦਨ ਅਫਰੀਕੀ ਬਲੈਕਵੁੱਡ ਤੋਂ ਬਾਅਦ ਦੁਨੀਆਂ ਦੀ ਦੂਜੀ ਸਭ ਤੋਂ ਮਹਿੰਗੀ ਲੱਕੜ ਹੈ। ਉੱਚ ਗੁਣਵੱਤਾ ਵਾਲੀ ਚੰਦਨ ਦੀ ਕਿਸਮ ੧੦,੦੦੦ ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਦੀ ਕੀਮਤ ਲੈ ਸਕਦੀ ਹੈ। ਚੰਦਨ ਦੀ ਵਿਕਰੀ ਅਤੇ ਪ੍ਰੋਸੈਸਿੰਗ ਪੂਰੀ ਤਰ੍ਹਾਂ ਸਰਕਾਰ ਦੇ ਕਾਬੂ ਵਿੱਚ ਹੈ। ਚੰਦਨ ਦੀ ਕਾਸ਼ਤ ਭਾਰਤ ਅਤੇ ਆਸਟਰੇਲੀਆ ਵਿੱਚ ਵਿਆਪਕ ਤੌਰ ਤੇ ਕੀਤੀ ਜਾਂਦੀ ਹੈ। ਕੁਦਰਤੀ ਚੰਦਨ ਦੇ ਦਰੱਖਤ ਭਾਰਤ ਵਿਚ ਕੇਰਲਾ, ਕਰਨਾਟਕ, ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਵਿਚ ਪਾਏ ਜਾਂਦੇ ਨੇ ਜਿਸਦਾ ਮੁੱਖ ਕਾਰਨ ਇਹ ਕਿ ਚੰਦਨ ਦਾ ਉਤਪਾਦਨ ਘਟਿਆ ਅਤੇ ਇਸ ਦੇ ਨਾਲ ਮੰਗ ਵਧਦੀ ਜਾ ਰਹੀਏ ਜਿਸ ਕਾਰਨ ਇਸਦੀ ਕੀਮਤ ਬਹੁਤ ਜਿਆਦਾ ਹੈ। ਤੇਲ ਲਈ ਹਾਰਟਵੁੱਡ ਅਤੇ ਸੈਪਵੁੱਡ ਲਈ ਸਖ਼ਤ ਮੰਗ ਅਤੇ ਸਪਲਾਈ ਪ੍ਰਤੀਬਿੰਬਤ ਹੁੰਦੀ ਹੈ। ਚੰਦਨ ਦੀ ਅੰਦਰੂਨੀ ਅਤੇ ਬਾਹਰੀ ਬਾਜ਼ਾਰਾਂ ਵਿੱਚ ਵੱਧ ਰਹੀ ਮੰਗ ਦੇ ਕਾਰਨ, ਚੰਦਨ ਦੀਆਂ ਲੱਕੜਾਂ ਵਿੱਚ ਅਸਮਾਨੀ ਚੜ੍ਹਾਈ ਵੇਖੀ ਗਈ ਹੈ। ਅਸੀਂ ਨੋਟ ਕਰ ਸਕਦੇ ਹਾਂ ਕਿ ਸਾਲ ੧੯੦੦ ਤੋਂ ੧੯੯੦ ਤੱਕ ਕੀਮਤ ਦੀ ਸੀਮਾ ਦਾ ਮੁੱਖ ਵਾਧਾ ੩੬੫ ਰੁਪਏK ਟਨ ਤੋਂ ੭੮੦੦੦ ਰੁਪਏK ਟਨ ਹੈ।

ਕੀਮਤਾਂ ਵਿੱਚ ਵਾਧਾ ਅੰਸ਼ਕ ਤੌਰ ਤੇ ਸਪਲਾਈ ਵਿੱਚ ਕਮੀ ਕਾਰਨ ਹੋਇਆ ਹੈ। ੧੯੫੦ ਦੇ ਦਹਾਕੇ ਦੌਰਾਨ, ਦੇਸ਼ ਦਾ ਉਤਪਾਦਨ ਇਕ ਸਾਲ ਵਿਚ ਲਗਭਗ ੪੦੦੦ ਟਨ ਹਾਰਟਵੁੱਡ ਤੇ ਹੁਣ ਇਹ ਸਿਰਫ ੨੦੦੦ ਟਨ ਹੈ। ਸੰਨ ੧੯੭੦ ਦੇ ਦਹਾਕੇ ਵਿਚ ਸਿੰਥੈਟਿਕ ਪਦਾਰਥਾਂ ਤੋਂ ਬਹੁਤ ਜ਼ਿਆਦਾ ਕੀਮਤਾਂ ਅਤੇ ਮੁਕਾਬਲੇ ਦੇ ਨਤੀਜੇ ਵਜੋਂ ਚੰਦਨ ਦੇ ਤੇਲ ਦੀ ਮੰਗ ਵਿਚ ਤੇਜ਼ੀ ਨਾਲ ਗਿਰਾਵਟ ਆਈ। ਹਾਲਾਂਕਿ, ਇਸ ਨੇ ਬਹੁਤ ਘੱਟ ਕੀਮਤ ਵਾਲੀਆਂ ਫਾਰਮੂਲੇ ਨੂੰ ਪ੍ਰਭਾਵਤ ਕੀਤਾ ਅਤੇ ਕੁਦਰਤੀ ਤੇਲ ਨੇ ਚੋਟੀ ਦੇ ਦਰਜੇ ਦੇ ਉਤਪਾਦਾਂ ਵਿੱਚ ਆਪਣੀ ਮਾਰਕੀਟ ਬਣਾਈ ਰੱਖੀ। ਮੰਗ ਹੁਣ ਸਪਲਾਈ ਦੇ ਕਾਰਕਾਂ ਦੁਆਰਾ ਪ੍ਰਭਾਵਤ ਹੁੰਦੀ ਹੈ ਜਿਸ ਨਾਲ ਇਹ ਕੀਮਤਾਂ ਨੂੰ ਪ੍ਰਭਾਵਤ ਕਰਦਾ ਹੈ। ਚੰਦਨ ਦੇ ਗੈਰਕਨੂੰਨੀ ਵਪਾਰ ਨੂੰ ਰੋਕਣ ਲਈ ਅਧਿਕਾਰੀਆਂ ਦੁਆਰਾ ਕੀਤੀ ਗਈ ਤਾੜਨਾ ਦੇ ਨਤੀਜੇ ਵਜੋਂ ਹਾਲ ਦੀ ਨਿਲਾਮੀ ਵਿੱਚ ਚੰਦਨ ਦੀ ਲੱਕੜ ਦੀਆਂ ਕੀਮਤਾਂ (ਆਮ ਨਾਲੋਂ ੧੦-੧੨%) ਵੱਧ ਗਈਆਂ ਹਨ। ਤੇਲ ਨਾਲ ਸਬੰਧਤ ਨਿਰਯਾਤ ਦੀ ਮਾਤਰਾ ਪ੍ਰਭਾਵਿਤ ਨਹੀਂ ਜਾਪਦੀ। ਸੰਯੁਕਤ ਰਾਜ ਦੇ ਵਣਜ ਵਿਭਾਗ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਦੀ ਤੁਲਨਾ ਵਿਚ ਇਸ ਵਾਰ ਅਮਰੀਕਾ ਦੀ ਭਾਰਤ ਦੀ ਬਰਾਮਦ ਪਿਛਲੇ ਸਾਲ ਦੀ ਗਿਣਤੀ ਤੋਂ ਵੀ ਵੱਧ ਹੈ।

ਚੰਦਨ ਦੇ ਤੇਲ ਦੀਆਂ ਕੀਮਤਾਂ-ਚੰਦਨ ਦਾ ਤੇਲ ਲੱਕੜ ਦੇ ਸੈਪਵੁੱਡ ਹਿੱਸੇ ਵਿਚੋਂ ਕੱਢਿਆ ਗਿਆ। ਚੰਦਨ ਦਾ ਤੇਲ ਕੀਮਤੀ ਅਤੇ ਧੂਪ ਦੇ ਉਦੇਸ਼ ਲਈ ਵਰਤਿਆ ਜਾਂਦਾ ਹੈ। ਚੰਦਨ ਦਾ ਤੇਲ ਜ਼ਰੂਰੀ ਤੇਲ ਦੇ ਵਪਾਰ ਵਿਚ ਸਭ ਤੋਂ ਵੱਧ ਕੀਮਤ ਵਾਲੀਆਂ ਚੀਜ਼ਾਂ ਵਿਚੋਂ ਇਕ ਜੋ ਕੱਚੇ ਮਾਲ ਦੇ ਸਰੋਤ ਅਤੇ ਸਪਲਾਈ ਦੀ ਤੰਗੀ ਦੀ ਪ੍ਰਕਿਰਤੀ ਨੂੰ ਦਰਸਾਉਂਦਾ ਹੈ। ਸੰਨ ੧੯੮੦ ਦੇ ਅੰਤ ਵਿੱਚ ਇਹ ਲਗਭਗ $੨੦੦ ਕਿਲੋਗ੍ਰਾਮ ਵਿੱਕ ਰਿਹਾ ਸੀ। ਸਾਲ ੧੯੯੨ ਦੌਰਾਨ ਲੰਡਨ ਦੇ ਡੀਲਰਾਂ ਦੁਆਰਾ ਦਿੱਤੇ ਗਏ ਭਾਰਤੀ ਮੂਲ ਦੇ ਤੇਲ ਦੀ ਕੀਮਤ ਲਗਭਗ ੫ ਡਾਲਰ ਘੱਟ ਸੀ। ਸੰਨ ੧੯੯੩ ਦੇ ਅੱਧ ਵਿਚ ਇੰਡੀਅਨ ਤੇਲ ਦੀ ਕੀਮਤ ਇਕ ਵਾਰ ਫਿਰ $੧੮੦ ਪ੍ਰਤੀ ਕਿਲੋਗ੍ਰਾਮ ਹੋ ਗਈ ਅਤੇ ੧੯੯੪ ਦੇ ਸ਼ੁਰੂ ਵਿਚ ਇਹੀ ਕੀਮਤ ਸੀ। ਮੈਦਾਨ ਵਿਚ ਆਉਣ ਵਾਲੇ ਚੰਦਨ ਦੀ ਲੱਕੜ ਦਾ ਕੰਮ ਕਰਨਾਟਕ (ਸਿਰਫ ਮੈਸੂਰ) ਅਤੇ ਕੇਰਲਾ ਵਿਚ ਮਰਾਯੂਰ ਜੰਗਲ, ਦੱਖਣੀ ਭਾਰਤ ਹੈ। ਇਕ ਵਾਰ ਚੰਦਨ ਦੀ ਲੱਕੜ ਫਰਨੀਚਰ ਅਤੇ ਟੋਕਰੀਆਂ ਬਣਾਉਣ ਲਈ ਵਰਤੀ ਜਾਂਦੀ ਸੀ ਪਰ ਜਿਵੇਂ ਕਿ ਰੁੱਖ ਲਗਭਗ ਖ਼ਤਮ ਹੋ ਗਿਐ ਇਹ ਸਿਰਫ ਤੇਲ ਦੇ ਨਿਕਾਸ ਲਈ ਵਰਤਿਆ ਜਾਂਦਾ ਹੈ। ਭਾਰਤ ਵਿੱਚ ਇਸਦੀ ਬਹੁਤ ਵੱਢਿਆ ਤੀਲ ਦੀ ਕੀਮਤ ਅਤੇ ਚੰਗੀ ਮਾਰਕੀਟ ਦੇ ਨਤੀਜੇ ਵਜੋਂ ਸਭ ਤੋਂ ਮਹਿੰਗੇ ਜ਼ਰੂਰੀ ਤੇਲਾਂ ਵਿਚੋਂ ਇਕ ਬਣ ਗਿਐ ਅਤੇ ਇਸ ਕਰਕੇ ਅਸੀਂ ਪੇਸ਼ ਕਰਦੇ ਹਾਂ ਸ਼ੁੱਧ ਤੇਲ ਦੇ ਨਾਲ-ਨਾਲ ਵਧੇਰੇ ਕਿਫਾਇਤੀ ਮਿਸ਼ਰਣ ਜਿਸ ਵਿਚ ੨੫ % ਸ਼ੁੱਧ ਤੇਲ ਹੁੰਦਾ ਹੈ। ਚੰਦਨ ਦੇ ਦਰੱਖਤ ਦੀਆਂ ਕੀਮਤੀ ਵਿਸ਼ੇਸ਼ਤਾਵਾਂ ਹਾਰਟਵੁੱਡ ਵਿੱਚ ਕੇਂਦ੍ਰਿਤ ਨੇ ਜਿਵੇਂ ਕਿ ਇੱਕ ਖਰੀਦਦਾਰ ਦੁਆਰਾ ਅਦਾ ਕੀਤੀ ਗਈ ਕੀਮਤ ਮੁੱਖ ਤੌਰ ਤੇ ਤੇਲ ਦੀ ਸਮਗਰੀ ਅਤੇ ਦਿਲ ਦੀ ਲੱਕੜ ਦੀ ਮਾਤਰਾ ਤੇ ਨਿਰਭਰ ਕਰਦੀ ਹੈ ਜ਼ਿਨ੍ਹਾਂ ਦੇ ਹਾਰਟਵੁੱਡ ਦੇ ਟੁਕੜੇ ਵਿੱਚ ਵਧੇਰੇ ਤੇਲ ਦੀ ਸਮਗਰੀ ਵੱਧ ਤੇ ਇਸਦੀ ਕੀਮਤ ਵੀ ਵੱਧ ਹੁੰਦੀ ਹੈ। ਇਸ ਤੋਂ ਇਲਾਵਾ ਇਹ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਚੰਦਨ ਦੀ ਵਰਤੋਂ ਜ਼ਰੂਰੀ ਤੇਲ ਦੇ ਸਰੋਤ ਵਜੋਂ ਕੀਤੀ ਜਾਂਦੀਐ ਇਸ ਦੇ ਹੋਰ ਵੀ ਬਹੁਤ ਸਾਰੇ ਉਦੇਸ਼ ਹਨ। ਅਸੀਂ ਪਿਛਲੇ ਭਾਗ ਵਿਚ ਜ਼ਿਕਰ ਕੀਤੀਆਂ ਕੁਝ ਵਰਤੋਂ ਤੋਂ ਇਲਾਵਾ ਇਸ ਵਿਚ ਇਕ ਬਹੁਤ ਹੀ ਸੁੰਦਰ ਅਨਾਜ ਹੈ। ਇਸ ਨੂੰ ਉੱਚੇ ਅੰਤ ਵਿਚ ਲੱਕੜ ਦੇ ਕੰਮ ਕਰਨ ਵਾਲੇ ਪ੍ਰਾਜੈਕਟਾਂ(ਉੱਕਰੀ, ਫਰਨੀਚਰ ਅਤੇ ਹੋਰ) ਵਿਚ ਪ੍ਰਸਿੱਧ ਬਣਾਉਂਦਾ ਹੈ। ਭਾਰਤੀ ਚੰਦਨ ਦੀ ਸਪਲਾਈ ਹਰ ਸਾਲ ਘੱਟ ਰਹੀ ਹੈ। ਰੁੱਖ ਨੂੰ ਖ਼ਤਰੇ ਵਿੱਚ ਨਹੀਂ ਮੰਨਿਆ ਜਾਂਦਾ ਪ੍ਰੰਤੂ ਇਸਦੀ ਇੱਕ ਕਮਜ਼ੋਰ ਸੰਭਾਲ ਸਥਿਤੀ ਹੈ। ਸੈਂਟਲਮ ਐਲਬਮ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਵਿਚ, ਭਾਰਤ ਨੇ ਇਸ ਦੀ ਵਿਕਰੀ ਅਤੇ ਕਾਸ਼ਤ ਨੂੰ ਗ਼ੈਰਕਾਨੂੰਨੀ ਕਰ ਦਿੱਤੈ ਸਿਰਫ਼ ਉਹ ਸੰਸਥਾਵਾਂ ਨੂੰ ਇਸਦੀ ਕਾਸ਼ਤ ਦੀ ਮੰਜੂਰੀ ਮਿਲਦੀਐ ਜੋ ਜੰਗਲਾਤ ਵਿਭਾਗ ਤੋਂ ਆਗਿਆ ਲੈਂਦੇ ਹਨ। ਇਸ ਤੋਂ ਇਲਾਵਾ ਇਹ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਚੰਦਨ ਦੀ ਵਰਤੋਂ ਜ਼ਰੂਰੀ ਤੇਲ ਦੇ ਸਰੋਤ ਵਜੋਂ ਕੀਤੀ ਜਾਂਦੀ ਤੇ ਇਸ ਦੇ ਹੋਰ ਵੀ ਬਹੁਤ ਸਾਰੇ ਉਦੇਸ਼ ਹਨ।(ਗੁਰਪ੍ਰੀਤ ਕੌਰ-ਕ੍ਰਿਸ਼ੀ ਜਾਗਰਣ)

ਚੰਦਨ ਬਾਰੇ ਗੁਰਮਤਿ ਨਜ਼ਰੀਆ-ਚੰਦਨ ਇਕ ਗੁਣਕਾਰੀ ਮਹਿੰਗੀ ਲੱਕੜ ਹੈ। ਇਹ ਦੁਵਾਈਆਂ ਤੇ ਸ਼ਰਬਤਾਂ ਵਿੱਚ ਵੀ ਪੈਂਦਾ ਹੈ। ਇਸ ਦੀ ਤਸੀਰ ਠੰਡੀ ਹੋਣ ਕਰਕੇ ਇਹ ਮੱਥੇ ਅਤੇ ਸਰੀਰ ਤੇ ਵੀ ਮਲਿਆ ਜਾਂਦਾ ਹੈ। ਖੁਸ਼ਬੂਦਾਰ ਹੋਣ ਕਰਕੇ ਧੂਪਾਂ ਅਗਬੱਤੀਆਂ ਤੇ ਅਤਰਾਂ ਵਿੱਚ ਵੀ ਪੈਂਦਾ ਹੈ। ਇਹ ਛੋਟਾ ਜਿਹਾ ਰੁੱਖ ੬੦-੭੦ ਸਾਲ ਦੀ ਉਮਰ 'ਚ ਜਾ ਕੇ ਤੇਲ ਦਿੰਦਾ ਹੈ। ਹਿੰਦੂ ਮਨੌਤਾਂ ਅਨੁਸਾਰ ਇਹ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਸਸਕਾਰ ਵੇਲੇ ਮਿਰਤਕ ਦੇ ਮੂੰਹ 'ਚ ਪਾਇਆ ਜਾਂਦੈ ਤਾਂ ਕਿ ਸੁਗੰਧ ਆਉਂਦੀ ਰਹੇ ਤਾਂ ਕਿ ਦੇਵਤੇ ਪ੍ਰਸੰਨ ਰਹਿਣ। ਗੁਰਮਤਿ ਇਨ੍ਹਾਂ ਮਿਥਿਹਾਸਕ ਮਨੌਤਾਂ ਨਾਲ ਸਹਿਮਤ ਨਹੀਂ ਕਿ ਚੰਦਨ ਨਾਲ ਅਖੌਤੀ ਦੇਵਤੇ ਪ੍ਰਸੰਨ ਹੁੰਦੇ ਹਨ ਜਾਂ ਮਾਨਸਿਕ ਸ਼ਾਤੀ ਮਿਲਦੀ ਹੈ। ਜੇ ਚੰਦਨ ਛਿੜਕਨ ਨਾਲ ਹੀ ਮਿਰਤਕ ਦੀ ਮੁਕਤੀ ਹੁੰਦੀ ਹੈ ਤਾਂ ਫਿਰ ਗਰੀਬ ਲੋਕ ਤਾਂ ਮਹਿੰਗਾ ਚੰਦਨ ਵਰਤ ਨਹੀਂ ਸਕਦੇ ਭਲਿਓ ਮਨ ਦੀ ਸ਼ੀਤਲਤਾ ਨਾਮ ਜਪ ਭਾਵ ਪ੍ਰਭੂ ਨਿਯਮਾਂ ਨੂੰ ਧਾਰਨ ਕਰਕੇ ਹੁੰਦੀ ਹੈ-ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ॥ ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥(ਮ:੫-੭੦੯) ਗੁਰੂ ਸਾਹਿਬ ਹੋਰ ਫੁਰਮਾਂਦੇ ਹਨ ਕਿ-ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ॥ ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ॥(ਮ:੧-੬੪) ਮ੍ਰਿਤਕ ਨੂੰ ਭਾਂਵੇ ਚੰਦਨ ਲੇਪ ਤੇ ਰੇਸ਼ਮੀ ਕਪੜਿਆਂ ਦਾ ਸ਼ਿੰਗਾਰ ਕਰ ਦਈਏ ਆਖਰ ਦੇਹ ਖਾਕ 'ਚ ਹੀ ਮਿਲਦੀ ਹੈ। ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ ॥ ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ ॥੨॥(ਮ:੫-੬੭੩) ਭਾਵ ਖੋਤਾ ਮਿਟੀ 'ਚ ਲੇਟਣ ਨੂੰ ਹੀ ਸੁਖ ਸਮਝਦਾ ਹੈ ਭਾਂਵੇਂ ਉਸ ਦੇ ਸਰੀਰ 'ਤੇ ਚੰਦਨ ਦਾ ਲੇਪ ਪਏ ਕਰੀਏ। ਇਵੇਂ ਹੀ ਐ ਬੰਦੇ ਆਤਮਕ ਜੀਵਨ ਦੇਣ ਵਾਲੇ ਨਾਮ ਜਲ ਨਾਲ ਤੇਰਾ ਪਿਆਰ ਨਹੀਂ ਬਣਦਾ ਤੂੰ ਸਗੋਂ ਵਿਸ਼ਿਆਂ ਦੀ ਠੱਗਬੂਟੀ ਨਾਲ ਹੀ ਪਿਆਰ ਕਰਦਾ ਹੈਂ। ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥ ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥੧੧॥ (ਕਬੀਰ ਜੀ-੧੩੬੫) ਚੰਦਨ ਨੂੰ ਢਾਕ ਪਲਾਸ ਵੀ ਢੱਕ ਲੈਣ ਤਾਂ ਵੀ ਉਸ ਦੀ ਖੁਸ਼ਬੂ ਖਤਮ ਨਹੀਂ ਹੁੰਦੀ ਇਵੇਂ ਹੀ ਗੁਰਮੁਖ ਜਨ ਨੂੰ ਮਨਮੁਖ ਤੇ ਹੰਕਾਰੀ ਘੇਰ ਲੈਣ ਤਾਂ ਵੀ ਉਸ ਦੀਆਂ ਚੰਗਿਆਈਆਂ ਖਤਮ ਨਹੀਂ ਹੁੰਦੀਆਂ। ਤੁਮ ਚੰਦਨ ਹਮ ਇਰੰਡ ਬਾਪੁਰੇ, ਸੰਗਿ ਤੁਮਾਰੇ ਬਾਸਾ॥ਨੀਚ ਰੂਖ ਤੇ ਊਚ ਭਏ ਹੈ, ਗੰਧ ਸੁਗੰਧ ਨਿਵਾਸਾ।।੧।।(ਬਾਬਾ ਰਵਿਦਾਸ ਜੀ-੪੮੬) ਹੇ ਮਾਧੋ! ਤੂੰ ਚੰਦਨ ਦਾ ਬੂਟਾ ਹੈਂ ਮੈਂ ਨਿਮਾਣਾ ਹਰਿੰਡ ਹਾਂ ਪਰ ਤੇਰੀ ਮਿਹਰ ਨਾਲ ਮੈਨੂੰ ਤੇਰੇ ਚਰਨਾਂ 'ਚ ਰਹਿਣ ਲਈ ਥਾਂ ਮਿਲ ਗਈ ਹੈ ਤੇਰੀ ਸੋਹਣੀ ਮਿੱਠੀ ਵਾਸ਼ਨਾ ਮੇਰੇ ਅੰਦਰ ਵੱਸ ਪਈ ਹੁਣ ਮੈਂ ਨੀਵੇਂ ਰੁੱਖ ਤੋਂ ਉੱਚਾ ਬਣ ਗਿਆ ਹਾਂ।

ਚੰਦਨ ਆਪਣੀ ਸੁਗੰਧੀ ਨਾਲ ਆਲੇ ਦੁਆਲੇ ਦੀ ਬਨਸਪਤੀ ਨੂੰ ਸੁਗੰਧਤ ਕਰ ਦਿੰਦੈ ਪਰ ਬਾਂਸ ਨੂੰ ਕਿਸੇ ਵੀ ਰੁੱਤ ਵਿੱਚ ਚੰਦਨ ਸੁਗੰਧਤ ਨਹੀਂ ਕਰਦਾ। ਬਾਂਸ ਨੂੰ ਤਾਂ ਭਾਂਵੇਂ ਪਤਾ ਨਾ ਹੋਵੇ ਪਰ ਅਸਾਂ ਇੱਕ ਪ੍ਰਤੀਕ ਜ਼ਰੂਰ ਲੈਣਾ ਹੈ। ਬਾਂਸ ਅੰਦਰੋਂ ਖਾਲੀ ਤੇ ਦੂਸਰਾ ਉੱਚਾ ਕਰਕੇ ਹੰਕਾਰਿਆ ਹੈ। "ਸ਼ਬਦ ਗੁਰੂ ਗ੍ਰੰਥ" ਦਾ ਗਿਆਨ ਚੰਦਨ ਵਰਗੈ ਜੋ ਹਰ ਵੇਲੇ ਸੁਗੰਧੀ ਦਿੰਦੈ ਪਰ ਅਸੀਂ ਆਪਣੇ ਰੰਗ ਵਿੱਚ ਮਸਤ ਹਾਂ ਇਸ ਗਿਆਨ ਦੀ ਸੁਗੰਧੀ ਲੈਣ ਲਈ ਤਿਆਰ ਨਹੀਂ ਹਾਂ। ਸਾਡੇ ਜੀਵਨ ਵਿੱਚ ਸੁਗੰਧੀ ਆ ਸਕਦੀ ਏ ਜੇ ਗੁਰੂ ਦੇ ਗਿਆਨ ਨੂੰ ਵਰਤੋਂ ਵਿੱਚ ਲਿਆਈਏ। ਅਸੀਂ ਬਾਂਸ ਵਰਗੇ ਓਦੋਂ ਹੁੰਦੇ ਹਾਂ ਜਦੋਂ ਉਚੀਆਂ ਹੇਕਾਂ ਲਾ ਕੇ ਕਹਿ ਰਹੇ ਹੋਈਏ "ਫਲਾਨੇ ਬਾਬਾ ਜੀ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ" ਪਰ ਅਸੀਂ ਕਦੇ ਨਹੀਂ ਕਹਿੰਦੇ ਕਿ "ਬਾਬਾ ਰਵਿਦਾਸ ਜੀ, ਬਾਬਾ ਨਾਨਕ ਜੀ ਤੁਹਾਡੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ" ਜਾਂ "ਸ਼ਬਦ ਗੁਰੂ ਗ੍ਰੰਥ" ਤੇਰੀ ਸੋਚ 'ਤੇ ਪਹਿਰਾ ਦੀਆਂਗੇ ਠੋਕ ਕੇ" ਉਂਜ ਅਸੀਂ ਕਹਿ ਰਹੇ ਹੁੰਦੇ ਹਾਂ ਕਿ ਤੂੰ ਉੱਚਾ ਏਂ ਅਸੀਂ ਬੜੇ ਨੀਵੇਂ ਹਾਂ ਪਰ ਬਰਸੀ ਬੜੇ ਸੰਤਾਂ ਦੀ ਮਨਾਈ ਜਾਂਦੇ ਹਾਂ ਉਹ ਵੀ "ਸ਼ਬਦ ਗੁਰੂ ਗ੍ਰੰਥ" ਦੀ ਹਜ਼ੂਰੀ ਵਿਚ। ਕੀ ਵਾਕਿਆ ਹੀ ਅਸੀਂ ਗੁਰਬਾਣੀ ਗਿਆਨ ਚੰਦਨ ਤੋਂ ਗੁਰਮਤਿ-ਸੁਗੰਧ ਲੈ ਕੇ ਸੁਗੰਧਤ ਹੋ ਗਏ ਹਾਂ?

# ਯੂ ਐਸ ਸਰਕਾਰ ਦੀ ਹਿਰਾਸਤ ਵਿੱਚ 1000 ਤੋਂ ਵੱਧ ਪ੍ਰਵਾਸੀ ਬੱਚੇ ਹੋਏ ਕੋਰੋਨਾਂ ਪਾਜ਼ੀਟਿਵ

**ਗੁਰਿੰਦਰਜੀਤ ਨੀਟਾ ਮਾਛੀਕੇ /ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**- ਅਮਰੀਕੀ ਫੈਡਰਲ ਏਜੰਸੀ ਦੇ ਅਨੁਸਾਰ ਸਰਕਾਰ ਦੀ ਹਿਰਾਸਤ ਵਿੱਚ 1000 ਤੋਂ ਵੱਧ ਗੈਰਕਾਨੂੰਨੀ ਪ੍ਰਵਾਸੀ ਬੱਚਿਆਂ ਨੇ ਮਾਰਚ ਤੋਂ ਲੈ ਕੇ ਹੁਣ ਤੱਕ ਕੋਰੋਨਾਂ ਵਾਇਰਸ ਦਾ ਸਕਾਰਾਤਮਕ ਟੈਸਟ ਕੀਤਾ ਹੈ। ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੀ ਫੈਡਰਲ ਏਜੰਸੀ ਦੇ ਦਫਤਰ ਦੁਆਰਾ ਚਲਾਈ ਜਾ ਰਹੀ ਰਫਿਊਜੀ ਰੀਸੈਟਲਮੈਂਟ ਸੰਸਥਾ(ਓ ਆਰ ਆਰ) ਦੇ ਦਫਤਰ ਦੀ ਦੇਖ ਭਾਲ ਵਿੱਚ ਕੁੱਲ ਮਿਲਾ ਕੇ, 1061 ਪ੍ਰਵਾਸੀ ਬੱਚਿਆਂ ਦੇ ਕੋਰੋਨਾਂ ਟੈਸਟ ਦੀ ਲੈਬ ਦੁਆਰਾ ਪੁਸ਼ਟੀ ਹੋ ਚੁੱਕੀ ਹੈ। ਇਸ ਏਜੰਸੀ ਦੇ ਅਨੁਸਾਰ 1,061 ਮਾਮਲਿਆਂ ਵਿੱਚੋਂ 943 ਬੱਚੇ ਠੀਕ ਹੋ ਕੇ ਅਤੇ ਡਾਕਟਰੀ ਨਿਗਰਾਨੀ ਤੋਂ ਬਾਹਰ ਭੇਜ ਦਿੱਤੇ ਗਏ ਹਨ ਜਦਕਿ ਇਸ ਵੇਲੇ 118 ਬੱਚੇ ਵਾਇਰਸ ਦੇ ਪਾਜ਼ੀਟਿਵ ਟੈਸਟ ਨਾਲ ਮੈਡੀਕਲ ਨਿਗਰਾਨੀ ਹੇਠ ਹਨ। ਇਸ ਮਾਮਲੇ ਸੰਬੰਧੀ ਓ ਆਰ ਆਰ ਦੇ ਕਾਰਜਕਾਰੀ ਡਾਇਰੈਕਟਰ ਨਿਕੋਲ ਕਿਉਬੇਜ ਅਨੁਸਾਰ ਹਿਰਾਸਤ ਵਿੱਚ ਆਉਣ ਤੋਂ ਪਹਿਲਾਂ ਹੀ ਬੱਚੇ ਸੰਕਰਮਿਤ ਹੋ ਰਹੇ ਹਨ। ਇਹਨਾਂ ਦੇ ਸ਼ੁਰੂਆਤੀ 48 ਘੰਟਿਆਂ ਅੰਦਰ ਹੋਈ ਡਾਕਟਰੀ ਜਾਂਚ ਨੇ ਸਕਾਰਾਤਮਕ ਟੈਸਟਾਂ ਵਿੱਚ ਵਾਧਾ ਦਿਖਾਇਆ ਹੈ । ਅਮਰੀਕਾ ਵਿੱਚ ਐਚ ਐਚ ਐਸ 100 ਤੋਂ ਵੱਧ ਅਜਿਹੀਆਂ ਪਨਾਹਗਾਹਾਂ ਦੇ ਨੈਟਵਰਕ ਨੂੰ ਫੰਡ ਦਿੰਦਾ ਹੈ ਜੋ ਕਿ ਪਰਵਾਸੀ ਬੱਚੇ ਜਿਹੜੇ ਮਾਪਿਆਂ ਜਾਂ ਸਰਪ੍ਰਸਤਾਂ ਤੋਂ ਬਿਨਾਂ ਸੰਯੁਕਤ ਰਾਜ ਅਮਰੀਕਾ ਦਾਖਲ ਹੁੰਦੇ ਹਨ ,ਨੂੰ ਕੋਈ ਸਪਾਂਸਰ ਨਾ ਮਿਲਣ ਤੱਕ ਦੇਖਭਾਲ ਮੁਹੱਈਆ ਕਰਵਾਉਦੀਆਂ ਹਨ। ਅਜਿਹੇ ਬੱਚੇ ਜੋ ਦੇਖਭਾਲ ਦੌਰਾਨ ਕੋਰੋਨਾਂ ਵਾਇਰਸ ਤੋਂ ਪੀੜਤ ਹੋਏ ਹਨ ਉਹ ਨਿਊਯਾਰਕ, ਓਰੇਗਨ, ਟੈਕਸਸ, ਇਲੀਨੋਏ, ਪੈਨਸਿਲਵੇਨੀਆ, ਮਿਸ਼ੀਗਨ, ਐਰੀਜ਼ੋਨਾ, ਵਰਜੀਨੀਆ, ਕੈਲੀਫੋਰਨੀਆਂ ਅਤੇ ਫਲੋਰਿਡਾ ਵਿੱਚ ਪਨਾਹ ਲੈ ਰਹੇ ਸਨ। ਸਰਕਾਰੀ ਅੰਕੜਿਆਂ ਅਨੁਸਾਰ ਇਸ ਸਮੇਂ ਓ ਆਰ ਆਰ ਕੇਅਰ ਵਿਚ ਤਕਰੀਬਨ 3,150 ਗੈਰਕਾਨੂੰਨੀ ਪ੍ਰਵਾਸੀ ਬੱਚੇ ਹਨ।




The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕਿਸਾਨ ਜਥੇਬੰਦੀਆਂ ਵੱਲੋਂ ਦਿੱਤੇ ਭਾਰਤ ਬੰਦ ਦੇ ਸਮਰਥਨ ਵਿੱਚ ਬੰਗਾ ਮੰਡਲ ਦੇ ਬਿਜਲੀ ਕਾਮਿਆਂ ਵਲੋਂ ਦਿੱਤਾ ਧਰਨਾ







**ਬੰਗਾ, (ਰੇਸ਼ਮ ਕਰਨਾਣਵੀ)–** ਮਿਤੀ 8/12/20 ਨੂੰ ਰੈਗੂਲਰ , ਪੈਨਸ਼ਨਰ ਅਤੇ ਠੇਕਾ ਬਿਜਲੀ ਮੁਲਾਜ਼ਮਾਂ ਦੇ ਸਹਿਯੋਗ ਨਾਲ ਬਿਜਲੀ ਅਦਾਰੇ ਦੀਆਂ ਜਥੇਬੰਦੀਆਂ ਵਲੋਂ ਸਾਂਝੇ ਤੌਰ ਤੇ ਬਿਜਲੀ ਦਫ਼ਤਰ ਗੜ੍ਹਸ਼ੰਕਰ ਰੋਡ ਬੰਗਾ ਵਿਖੇ ਕਿਸਾਨੀ ਸੰਘਰਸ਼ ਦੀ ਹਮਾਇਤ ਵਿੱਚ ਧਰਨਾ ਦਿੱਤਾ ਗਿਆ। ਅੱਜ ਦੇ ਧਰਨੇ ਨੂੰ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਸਰਕਾਰ ਵੱਲੋਂ ਬਣਾਏ ਗਏ ਤਿੰਨ ਕਾਲੇ ਖੇਤੀ ਕਨੂੰਨਾ ਨਾਲ ਜਿੱਥੇ ਕਿਸਾਨੀ ਨੇ ਤਬਾਹ ਹੋਣਾ ਹੈ ਉਥੇ ਹਰ ਵਰਗ ਦੇ ਮਿਹਨਤੀ ਲੋਕ ਭੁੱਖ ਮਰੀ ਦਾ ਸ਼ਿਕਾਰ ਹੋਣਗੇ। ਸਰਕਾਰੀ ਖਰੀਦ ਬੰਦ ਕਰ ਕੇ ਕਿਸਾਨੀ ਦੀ ਫ਼ਸਲ ਵੱਡੇ-ਵੱਡੇ ਕਾਰਪੋਰੇਟ ਘਰਾਣੇ ਕੋਡੀਆਂ ਦੇ ਭਾਅ ਖਰੀਦ ਕੇ, ਕਿਰਤੀ ਲੋਕਾਂ ਨੂੰ ਮਹਿੰਗੇ ਭਾਅ ਵੇਚ ਕੇ ਕਿਸਾਨਾਂ ਤੇ ਕਿਰਤੀਆਂ ਦੀ ਵੱਡੀ ਲੁੱਟ ਕਰਨਗੇ, ਠੇਕਾ ਖੇਤੀ ਕਨੂੰਨ ਲਾਗੂ ਕਰਨ ਲਈ ਕਿਸਾਨਾਂ ਦੀਆਂ ਜਬਰੀ ਜ਼ਮੀਨਾਂ ਖੋਹਣਗੇ, ਖੇਤੀ ਕਾਰਪੋਰੇਟ ਸਿਸਟਮ ਲਾਗੂ ਕਰਕੇ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਵਿਚ ਹੀ ਮੁਜ਼ਾਹਰੇ ਬਣਾਉਣਗੇ। ਬਿਜਲੀ ਕਨੂੰਨ 2020 ਲਾਗੂ ਹੋਣ ਨਾਲ ਸਮੁੱਚਾ ਬਿਜਲੀ ਸਿਸਟਮ ਨਿੱਜੀ ਮਾਲਕਾਂ ਦੇ ਹਵਾਲੇ ਚਲਾ ਜਾਵੇਗਾ,ਸਬ ਸਿਡੀਆਂ ਬੰਦ ਹੋ ਜਾਣਗੀਆਂ, ਬਿਜਲੀ ਦੇ ਰੇਟ ਵਧਣ ਨਾਲ ਬਿਜਲੀ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ।ਕਿਰਤ ਕਨੂੰਨਾਂ ਵਿਚ ਸੋਧਾਂ ਕਰਕੇ ਰੈਗੂਲਰ ਭਰਤੀ ਬੰਦ ਕਰਕੇ ਠੇਕਾ ਭਰਤੀ ਕਰਕੇ ਨੌਜਵਾਨਾਂ ਦਾ ਆਰਥਿਕ ਸੋਸ਼ਣ ਕੀਤਾ ਜਾ ਰਿਹਾ ਹੈ। ਅੱਜ ਦੇ ਧਰਨੇ ਨੂੰ ਪੈਨਸ਼ਨਰ ਯੂਨੀਅਨ ਵਲੋਂ ਮਨੀ ਰਾਮ, ਸ਼੍ਰੀ ਕਿਸ਼ਨ, ਠਾਕੁਰ ਸਿੰਘ, ਅਮਰ ਸਿੰਘ, ਬਾਬੂ ਜੀਤ ਰਾਮ , ਇਪਲਾਈਜ ਫੈਡਰੇਸ਼ਨ ਵਲੋਂ ਨਿਰਵੈਰ ਸਿੰਘ, ਕਮਲ ਜਸਵਿੰਦਰ ਪਾਲ, ਅਸ਼ੋਕ ਕੁਮਾਰ, ਸੁੱਚਾ ਸਿੰਘ, ਨੰਦ ਲਾਲ , ਹਰਮੇਸ਼ ਲਾਲ ,ਰੇਸ਼ਮ ਲਾਲ , ਸ਼੍ਰੀ ਸੰਤੂ, ਕੁਲਦੀਪ ਸਿੰਘ, ਸੋਨੂੰ, ਪਾਵਰਕੌਮ ਅਤੇ ਟਰਾਂਸਕੋ ਠੇਕਾ ਮੁਲਾਜ਼ਮ ਜੂਨੀਅਨ ਵਲੋਂ ਵਿਨੋਦ ਕੁਮਾਰ, ਮਨਜੀਤ ਸਿੰਘ, ਸੰਜੀਵ ਕੁਮਾਰ, ਰਕੇਸ਼ ਕੁਮਾਰ ਅਤੇ ਹਰਪ੍ਰੀਤ ਹੈਪੀ ਨੇ ਸੰਬੋਧਨ ਕਰਦਿਆਂ ਮੰਗ ਕੀਤੀ ਕਿ ਕਾਲੇ ਖੇਤੀ ਕਨੂੰਨ, ਬਿਜਲੀ ਸੋਧ ਬਿੱਲ 2020, ਕਿਰਤ ਕਨੂੰਨਾਂ ਵਿਚ ਕੀਤੀਆਂ ਸੋਧਾਂ ਰੱਦ ਨੂੰ ਰੱਦ ਕੀਤਾ ਜਾਵੇ।

ਕਿਸਾਨਾਂ ਨੂੰ ਫਸਲਾਂ ਦੇ ਲਾਹੇਵੰਦ ਭਾਅ ਦਿੱਤੇ ਜਾਣ, ਸਮੁੱਚੇ ਅਦਾਰਿਆਂ ਦੇ ਨਿੱਜੀਕਰਨ ਦੀ ਨਿਤੀ ਰੱਦ ਕਰਕੇ ਸਰਕਾਰੀਕਰਨ ਕੀਤਾ ਜਾਵੇ, ਕਿਰਤ ਕਨੂੰਨਾਂ ਨੂੰ ਮਜ਼ਦੂਰ ਦੇ ਹੱਕ ਵਿੱਚ ਕੀਤਾ ਜਾਵੇ।

# ਕਾਂਗਰਸੀ ਆਗੂ 5-ਸਟਾਰ ਕਲਚਰ ਛੱਡਣ-ਗੁਲਾਮ ਨਬੀ ਆਜ਼ਾਦ

**ਨਵੀਂ ਦਿੱਲੀ –** ਬਿਹਾਰ ਵਿਧਾਨ ਸਭਾ ਚੋਣ ਨਤੀਜੇ ’ਚ ਕਾਂਗਰਸ ਨੂੰ 70 ’ਚੋਂ ਸਿਰਫ਼ 19 ਸੀਟਾਂ ਪ੍ਰਾਪਤ ਹੋਣ ਤੋਂ ਬਾਅਦ ਕਪਿਲ ਸਿੱਬਲ ਤੋਂ ਮਗਰੋਂ ਹੁਣ ਕਾਂਗਰਸ ਦੇ ਸੀਨੀਅਰ ਨੇਤਾ ਗ਼ੁਲਾਮ ਨਬੀ ਆਜ਼ਾਦ ਨੇ ਵੀ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਪਾਰਟੀ ਦੇ ਸੀਨੀਅਰ ਆਗੂ ਗ਼ੁਲਾਮ ਨਬੀ ਆਜ਼ਾਦ ਨੇ ਕਾਂਗਰਸ ਆਗੂਆਂ ਦੇ ਲੋਕਾਂ ਨਾਲੋਂ ਤਾਲਮੇਲ ਟੁੱਟਣ ਦੀ ਗੱਲ ਮੰਨਦਿਆਂ ਕਿਹਾ ਕਿ ਪਾਰਟੀ ਨੂੰ ’5-ਸਟਾਰ ਕਲਚਰ’ ਨੂੰ ਛੱਡਣਾ ਪਵੇਗਾ। ਉਨ੍ਹਾਂ ਕਿਹਾ ਕਿ ਸਾਡੇ ਲੋਕਾਂ ਦਾ ਬਲਾਕ ਪੱਧਰ ਤੇ ਜ਼ਿਲ੍ਹਾ ਪੱਧਰ ’ਤੇ ਲੋਕਾਂ ਦੇ ਨਾਲ ਤਾਲਮੇਲ ਟੁੱਟ ਗਿਆ ਹੈ। ਜਦੋਂ ਕੋਈ ਅਹੁਦੇਦਾਰ ਸਾਡੀ ਪਾਰਟੀ ’ਚ ਬਣਦਾ ਹੈ ਤਾਂ ਉਹ ਲੈਟਰ ਪੈਡ ਛਾਪ ਦਿੰਦਾ ਹੈ, ਵਿਜ਼ਟਿੰਗ ਕਾਰਡ ਬਣਾ ਲੈਂਦਾ ਹੈ, ਉਹ ਸਮਝਦਾ ਹੈ ਕਿ ਬਸ ਮੇਰਾ ਕੰਮ ਖ਼ਤਮ ਹੋ ਗਿਆ, ਜਦਕਿ ਕੰਮ



ਤਾਂ ਉਸ ਸਮੇਂ ਸ਼ੁਰੂ ਹੋਣਾ ਚਾਹੀਦਾ ਹੈ। ਨਾਲ ਹੀ ਗ਼ੁਲਾਮ ਨਬੀ ਨੇ ਕਿਹਾ ਕਿ ਸਾਡਾ ਢਾਂਚਾ ਕਮਜ਼ੋਰ ਹੈ। ਸਾਨੂੰ ਢਾਂਚਾ ਪਹਿਲਾਂ ਖੜ੍ਹਾ ਕਰਨ ਪਵੇਗਾ, ਫਿਰ ਉਸ ’ਚ ਕੋਈ ਵੀ ਨੇਤਾ ਹੋਵੇ ਚੱਲੇਗਾ। ਸਿਰਫ਼ ਨੇਤਾ ਬਦਲਣ ਨਾਲ ਤੁਸੀਂ ਕਹੋਗੇ ਕਿ ਪਾਰਟੀ ਬਦਲ ਜਾਵੇਗੀ? ਬਿਹਾਰ ਆਵੇਗਾ, ਮੱਧ ਪ੍ਰਦੇਸ਼ ਆਵੇਗਾ, ਉੱਤਰ ਪ੍ਰਦੇਸ਼ ਆਵੇਗਾ, ਨਹੀਂ ਉਹ ਸਿਸਟਮ ਨਾਲ ਬਦਲੇਗਾ। ਪਾਰਟੀ ਦੇ ਵੀ.ਆਈ.ਪੀ. ਕਲਚਰ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਕਿਹਾ ਕਿ 5 ਸਟਾਰ ਨਾਲ ਚੋਣਾਂ ਨਹੀਂ ਲੜੀਆਂ ਜਾਂਦੀਆਂ। ਸਾਡੇ ਆਗੂਆਂ ਦੀ ਇਹ ਸਮੱਸਿਆ ਹੈ ਕਿ ਜੇਕਰ ਟਿਕਟ ਮਿਲ ਗਈ ਤਾਂ 5-ਸਟਾਰ ’ਚ ਜਾ ਕੇ ਬੈਠ ਜਾਂਦੇ ਹਨ। ਏ.ਸੀ. ਗੱਡੀਆਂ ਦੇ ਬਿਨਾਂ ਨਹੀਂ ਜਾਣਗੇ, ਜਿੱਥੇ ਕੱਚੀ ਸੜਕ ਹੈ, ਉੱਥੇ ਨਹੀਂ ਜਾਣਗੇ। ਜਦੋਂ ਤੱਕ ਇਹ ਸੱਭਿਆਚਾਰ ਅਸੀਂ ਨਹੀਂ ਬਦਲਾਂਗੇ, ਅਸੀਂ ਚੋਣ ਨਹੀਂ ਜਿੱਤ ਸਕਦੇ।


‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics




Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਵ੍ਹਾਈਟ ਹਾਊਸ ਦੀ ਕਮਿਊਨੀਕੇਸ਼ਨ ਡਾਇਰੈਕਟਰ ਐਲਿਸ਼ਾ ਫਰਾਹ ਨੇ ਦਿੱਤਾ ਅਸਤੀਫਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**-ਵ੍ਹਾਈਟ ਹਾਊਸ ਦੀ ਕਮਿਊਨੀਕੇਸ਼ਨ ਡਾਇਰੈਕਟਰ ਐਲਿਸ਼ਾ ਫਰਾਹ ਟਰੰਪ ਪ੍ਰਸ਼ਾਸਨ ਦੇ ਨਾਲ ਆਪਣੇ ਸਾਢੇ ਤਿੰਨ ਸਾਲ ਦੇ ਕਾਰਜਕਾਲ ਤੋਂ ਬਾਅਦ ਆਪਣਾ ਅਹੁਦਾ ਛੱਡ ਰਹੀ ਹੈ।ਇਸ ਗੱਲ ਦੀ ਪੁਸ਼ਟੀ ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਦੁਆਰਾ ਕੀਤੀ ਗਈ ਹੈ।ਫਰਾਹ ਦੁਆਰਾ ਜਾਰੀ ਕੀਤੇ ਇੱਕ ਬਿਆਨ ਅਨੁਸਾਰ ਉਹ ਨਵੇਂ ਮੌਕਿਆਂ ਦੀ ਪੈਰਵੀ ਕਰਨ ਲਈ ਆਪਣਾ ਅਹੁਦਾ ਛੱਡ ਰਹੀ ਹੈ ਅਤੇ ਦੇਸ਼ ਦੇ ਪ੍ਰਸ਼ਾਸਨ ਵਿੱਚ ਸੇਵਾ ਕਰਨੀ ਉਸ ਲਈ ਇੱਕ ਵੱਡਾ ਸਨਮਾਨ ਹੈ।



31 ਸਾਲਾਂ ਫਰਾਹ ਇਸ ਸਾਲ ਦੇ ਸ਼ੁਰੂ ਵਿਚ ਵ੍ਹਾਈਟ ਹਾਊਸ ਦੀ ਟੀਮ ਵਿਚ ਸ਼ਾਮਲ ਹੋਈ ਸੀ।ਇਸ ਤੋਂ ਪਹਿਲਾਂ ਫਰਾਹ ਨੇ ਪੈਂਟਾਗਨ ਅਤੇ ਉਪ-ਰਾਸ਼ਟਰਪਤੀ ਮਾਈਕ ਪੈਂਸ ਦੀ ਪ੍ਰੈਸ ਸਕੱਤਰ ਵਜੋਂ ਕੰਮ ਕੀਤਾ ਸੀ। ਇਸ ਦੇ ਇਲਾਵਾ ਟਰੰਪ ਪ੍ਰਸ਼ਾਸਨ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਫਰਾਹ, ਰਾਸ਼ਟਰਪਤੀ ਦੇ ਚੀਫ਼ ਆਫ਼ ਸਟਾਫ ਮਾਰਕ ਮੀਡੋਜ਼ ਦੀ ਸਪੋਕਸ ਪਰਸਨ ਸੀ। ਜਿਕਰਯੋਗ ਹੈ ਕਿ ਫਰਾਹ ਨੇ ਰਾਸ਼ਟਰਪਤੀ ਟਰੰਪ ਦੇ ਚੋਣ ਧੋਖਾਧੜੀ ਦੇ ਝੂਠੇ ਦਾਅਵਿਆਂ ਨੂੰ ਜਨਤਕ ਤੌਰ 'ਤੇ ਸਮਰਥਨ ਕਰਨ ਤੋਂ ਨਾਂਹ ਕਰ ਦਿੱਤੀ ਸੀ।

# ਹਿਊਸਟਨ 'ਚ ਪੁਲਿਸ ਨੇ ਛੁਡਾਏ ਮਨੁੱਖੀ ਤਸਕਰੀ ਲਈ ਅਗਵਾ ਕੀਤੇ ਦਰਜਨਾਂ ਲੋਕ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**- ਹਿਊਸਟਨ ਦੇ ਇੱਕ ਘਰ ਵਿੱਚ ਮਨੁੱਖੀ ਤਸਕਰੀ ਕਰਨ



ਦੇ ਇਰਾਦੇ ਨਾਲ ਅਗਵਾ ਕਰਕੇ ਰੱਖੇ ਹੋਏ ਤਕਰੀਬਨ 30 ਵਿਅਕਤੀ ਜਿਹਨਾਂ ਵਿੱਚ ਇੱਕ ਔਰਤ ਵੀ ਸੀ , ਨੂੰ ਪੁਲਿਸ ਨੇ ਕਾਰਵਾਈ ਕਰਦਿਆਂ ਰਿਹਾਅ ਕਰਵਾਇਆ ਹੈ। ਪੁਲਿਸ ਅਨੁਸਾਰ ਵੀਰਵਾਰ ਦੀ ਰਾਤ ਨੂੰ ਇੱਕ ਗਲੀ ਵਿੱਚ ਭੱਜ ਰਿਹਾ ਇੱਕ ਵਿਅਕਤੀ ਅਧਿਕਾਰੀਆਂ ਦੇ ਧਿਆਨ ਹੇਠ ਆਇਆ ਜੋ ਕਿ ਉਸ ਨੂੰ ਅਗਵਾ ਕਰਨ ਬਾਰੇ ਕਹਿ ਰਿਹਾ ਸੀ ਜਦਕਿ ਹੋਰਾਂ ਨੂੰ ਘਰ ਵਿੱਚ ਰੱਖਣ ਬਾਰੇ ਵੀ ਦੱਸ ਰਿਹਾ ਸੀ। ਪੁਲਿਸ ਕਮਾਂਡਰ ਜੋਨਾਥਨ ਹਾਲੀਡੇਅ ਨੇ ਦੱਸਿਆ ਕਿ ਇਸਦੇ ਬਾਅਦ ਘਟਨਾ ਵਾਲੀ ਥਾਂ 'ਤੇ ਅਧਿਕਾਰੀਆਂ ਨੇ ਜ਼ਬਰਦਸਤੀ ਦਾਖਲ ਹੋ ਕੇ 29 ਆਦਮੀਆਂ ਅਤੇ ਇੱਕ ਔਰਤ ਨੂੰ ਲੱਭਣ ਵਿੱਚ ਸਫਲਤਾ ਪ੍ਰਾਪਤ ਕੀਤੀ। ਪੁਲਿਸ ਅਨੁਸਾਰ ਅਗਵਾ ਹੋਏ ਲੋਕਾਂ ਨੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਨੂੰ ਦੋ ਦਿਨ ਅਤੇ ਇੱਕ ਹਫ਼ਤਾ ਪਹਿਲਾਂ ਬ੍ਰਾਊਨਜ਼ਵਿੱਲੇ ਵਿੱਚ ਲਿਜਾਇਆ ਗਿਆ ਸੀ ਅਤੇ ਬਚਾਏ ਗਏ ਜ਼ਿਆਦਾਤਰ ਵਿਅਕਤੀ ਮੈਕਸੀਕੋ, ਅਲਸੈਲਵੇਡੋਰ, ਹੌਂਡੂਰਸ ,ਕਿਊਬਾ ਦੇ ਰਹਿਣ ਵਾਲੇ ਹਨ। ਅਧਿਕਾਰੀ ਹਾਲੀਡੇਅ ਅਨੁਸਾਰ ਇਮੀਗ੍ਰੇਸ਼ਨ ਅਧਿਕਾਰੀ ਘਟਨਾ ਸਥਾਨ 'ਤੇ ਹੋਮਲੈਂਡ ਸਿਕਿਓਰਿਟੀ ਵਿਭਾਗ ਨਾਲ ਹਾਜ਼ਰ ਸਨ ਅਤੇ ਅਗਲੀ ਜਾਂਚ ਦੀ ਤਿਆਰੀ ਕਰ ਰਹੇ ਸਨ।ਇਸ ਮਾਮਲੇ ਦੇ ਸੰਬੰਧ ਵਿੱਚ ਤਿੰਨ ਸੰਭਾਵਿਤ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਜਦਕਿ ਬਚਾਏ ਗਏ ਸਾਰੇ ਲੋਕਾਂ ਨੂੰ ਇੱਕ ਹਾਈ ਸਕੂਲ ਵਿੱਚ ਲਿਜਾ ਕੇ ਉਨ੍ਹਾਂ ਨੂੰ ਖਾਣਾ ਅਤੇ ਕੱਪੜੇ ਮੁਹੱਈਆ ਕਰਵਾਏ ਗਏ।

# ਜੋਅ ਬਾਈਡੇਨ ਕਰਨਗੇ ਅਮਰੀਕਾ ਵਾਸੀਆਂ ਨੂੰ 100 ਦਿਨ ਮਾਸਕ ਪਹਿਨਣ ਦੀ ਅਰਜ਼ੋਈ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ),** ਦੁਨੀਆਂ ਦੇ ਸ਼ਕਤੀਸ਼ਾਲੀ ਦੇਸ਼ਾਂ ਵਿੱਚੋਂ ਸਭ ਤੋਂ ਮੋਹਰੀ ਦੇਸ਼ ਅਮਰੀਕਾ ਇਸ ਸਮੇਂ ਕੋਰੋਨਾਂ ਵਾਇਰਸ ਮਹਾਂਮਾਰੀ ਦੀ ਮਾਰ ਝੱਲ ਰਿਹਾ ਹੈ। ਇਸ ਬਿਮਾਰੀ ਕਰਕੇ ਜਿੱਥੇ ਦੇਸ਼ ਦਾ ਵੱਡਾ ਆਰਥਿਕ ਨੁਕਸਾਨ ਹੋਇਆ ਹੈ, ਉੱਥੇ ਲੱਖਾਂ ਹੀ ਲੋਕਾਂ ਨੇ ਜਾਨ ਵੀ ਗਵਾਈ ਹੈ। ਸਿਹਤ ਮਾਹਿਰਾਂ ਅਨੁਸਾਰ ਕੋਰੋਨਾਂ ਵਾਇਰਸ ਦੀ ਲਾਗ ਨੂੰ ਫੈਲਣ ਤੋਂ ਰੋਕਣ ਲਈ ਇਸ ਪ੍ਰਤੀ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਹੁਤ ਮਹੱਤਵਪੂਰਨ ਹਨ, ਜਿਹਨਾਂ ਵਿੱਚ ਚਿਹਰੇ ਨੂੰ ਮਾਸਕ ਨਾਲ ਢਕਣਾ ਜਰੂਰੀ ਹੈ। ਨਵੇਂ ਚੁਣੇ ਗਏ ਰਾਸ਼ਟਰਪਤੀ ਵੀ ਮਾਸਕ ਦੀ ਮਹੱਤਤਾ ਤੋਂ ਜਾਣੂੰ ਹਨ।ਇਸ ਲਈ ਜੋਅ ਬਾਈਡੇਨ ਦਾ ਕਹਿਣਾ ਹੈ ਕਿ ਉਹ ਜਨਵਰੀ ਵਿੱਚ ਅਹੁਦਾ ਸੰਭਾਲਣ ਤੋਂ ਬਾਅਦ 100 ਦਿਨਾਂ ਤੱਕ ਅਮਰੀਕੀਆਂ ਨੂੰ ਆਪਣੇ ਚਿਹਰੇ 'ਤੇ ਮਾਸਕ ਪਹਿਨਣ ਲਈ ਕਹਿਣਗੇ। ਬਾਈਡੇਨ ਨੇ ਵੀਰਵਾਰ ਨੂੰ ਇੱਕ ਇੰਟਰਵਿਊ ਦੌਰਾਨ ਇਹ ਉਮੀਦ ਪ੍ਰਗਟ ਕੀਤੀ ਕਿ ਮਾਸਕ ਸੰਬੰਧੀ ਇਹ ਕਾਰਵਾਈ ਸੰਯੁਕਤ ਰਾਜ ਵਿੱਚ ਕੋਵਿਡ-19 ਦੇ ਫੈਲਣ ਨੂੰ ਘਟਾਉਣ ਵਿੱਚ ਸਹਾਇਤਾ ਕਰੇਗੀ। ਇਸ ਤੋਂ ਪਹਿਲਾਂ ਵੀ ਬਾਈਡਨ ਨੇ ਮਾਸਕ ਪਹਿਨਣ ਨੂੰ ਦੇਸ਼ ਭਗਤੀ ਲਈ ਇੱਕ ਫਰਜ਼ ਦੱਸਦਿਆਂ, ਰਾਜਨੀਤੀ ਨੂੰ ਇਸਤੋਂ ਦੂਰ ਰੱਖਣ ਦੀ ਗੱਲ ਕੀਤੀ ਸੀ। ਇਸ ਸੰਬੰਧੀ ਬਾਈਡੇਨ ਨੇ ਸਵੀਕਾਰ ਕੀਤਾ ਕਿ ਉਸ ਕੋਲ ਦੇਸ਼ ਪੱਧਰ ਤੇ ਮਾਸਕ ਪਾਉਣ ਨੂੰ ਲਾਗੂ ਕਰਨ ਦੀ ਪੂਰੀ ਤਾਕਤ ਨਹੀਂ ਹੈ, ਅਤੇ ਇਸ ਤਰ੍ਹਾਂ ਦੇ ਨਿਯਮ ਲਾਗੂ ਕਰਨ ਵਿੱਚ ਉਸਨੂੰ ਰਾਜ ਅਤੇ ਸਥਾਨਕ ਅਧਿਕਾਰੀਆਂ ਦੀ ਮਦਦ ਦੀ ਜ਼ਰੂਰਤ ਹੋਵੇਗੀ ਅਤੇ ਦੇਸ਼ ਵਾਸੀਆਂ ਨੂੰ ਵੀ ਇਸ ਸਥਿਤੀ ਵਿੱਚ ਸਰਕਾਰ ਦਾ ਸਾਥ ਦੇਣ ਦੀ ਜ਼ਰੂਰਤ ਹੈ। ਅਮਰੀਕਾ ਦੀ ਬਿਮਾਰੀ ਨਿਯੰਤਰਣ ਅਤੇ ਰੋਕਥਾਮ ਕੇਂਦਰ(ਸੀ.ਡੀ.ਸੀ) ਸੰਸਥਾ ਨੇ ਵੀ ਲੋਕਾਂ ਨੂੰ ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਲਈ ਚਿਹਰੇ ਦੇ ਮਾਸਕ ਨੂੰ ਪਹਿਨਣ ਦੀ ਸਲਾਹ ਦਿੱਤੀ ਹੈ, ਕਿਉਂਕਿ ਇਸ ਨਾਲ ਵਾਇਰਸ ਦੀ ਲਾਗ ਨੂੰ ਘੱਟ ਕੀਤਾ ਜਾ ਸਕਦਾ ਹੈ। ਜੌਹਨ ਹਾਪਕਿਨਜ਼ ਯੂਨੀਵਰਸਿਟੀ ਦੇ ਅੰਕੜਿਆਂ ਅਨੁਸਾਰ ਇਸ ਸਮੇਂ ਦੇਸ਼ 'ਚ ਵੀਰਵਾਰ ਤੱਕ 276,100 ਤੋਂ ਵੱਧ ਕੋਰੋਨਾਂ ਵਾਇਰਸ ਮੌਤਾਂ ਦਰਜ਼ ਕੀਤੀਆਂ ਗਈਆਂ ਹਨ









# ਬਾਈਡੇਨ ਲਗਵਾਉਣਗੇ, ਸਾਬਕਾ ਰਾਸ਼ਟਰਪਤੀਆਂ ਨਾਲ ਜਨਤਕ ਤੌਰ 'ਤੇ ਕੋਰੋਨਾਂ ਵਾਇਰਸ ਟੀਕਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**- ਇਸ ਸਮੇਂ ਕੋਰੋਨਾਂ ਵਾਇਰਸ ਦੇ ਇਲਾਜ ਲਈ ਇੱਕ ਟੀਕੇ ਦੀ ਆਸ ਬੱਝੀ ਹੋਈ ਹੈ ਜਦਕਿ ਕਈ ਟੀਕਾ ਬਨਾਉਣ ਵਾਲੀਆਂ ਕੰਪਨੀਆਂ ਇਸਦੀ ਪ੍ਰਭਾਵਸ਼ੀਲਤਾ ਦਾ ਦਾਅਵਾ ਵੀ ਕਰ ਰਹੀਆਂ ਹਨ। ਪਰ ਟੀਕੇ ਦੇ ਉਪਲੱਬਧ ਹੋਣ ਤੇ ਲੋਕਾਂ ਵਿੱਚ ਇਸ ਬਾਰੇ ਸ਼ੰਕਾ ਵੀ ਹੈ। ਇਸ ਸੰਬੰਧੀ ਅਮਰੀਕਾ ਵਾਸੀਆਂ ਨੂੰ ਟੀਕੇ ਪ੍ਰਤੀ ਉਤਸ਼ਾਹਿਤ ਅਤੇ ਸੁਰੱਖਿਅਤ ਸਾਬਿਤ ਕਰਨ ਲਈ ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਨੇ ਇੱਕ ਇੰਟਰਵਿਊ ਦੌਰਾਨ ਕਿਹਾ ਹੈ ਕਿ ਉਹ ਕੋਰੋਨਾਂ ਵਾਇਰਸ ਟੀਕੇ ਦੇ ਉਪਲੱਬਧ ਹੋਣ ਦੌਰਾਨ ਜਨਤਕ ਤੌਰ 'ਤੇ ਇੱਕ ਟੀਕਾ ਲਵਾਉਣਗੇ ਜਦਕਿ ਤਿੰਨ ਸਾਬਕਾ ਰਾਸ਼ਟਰਪਤੀਆਂ ਬਰਾਕ ਓਬਾਮਾ, ਜਾਰਜ ਡਬਲਯੂ ਬੁਸ਼ ਅਤੇ ਬਿੱਲ ਕਲਿੰਟਨ ਨੇ ਵੀ ਹਾਲ




ਹੀ ਵਿੱਚ ਅਜਿਹਾ ਕਰਨ ਦਾ ਵਾਅਦਾ ਕੀਤਾ ਹੈ। ਇਸਦੇ ਇਲਾਵਾ ਟੀਕੇ ਦੇ ਸੰਬੰਧ ਵਿੱਚ ਤਿੰਨੇ ਸਾਬਕਾ ਰਾਸ਼ਟਰਪਤੀਆਂ ਨੇ ਇਸ ਹਫ਼ਤੇ ਕਿਹਾ ਕਿ ਉਹ ਇਲਾਜ ਨੂੰ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਸਾਬਿਤ ਕਰਨ ਲਈ ਕੋਰੋਨਾਂ ਵਾਇਰਸ ਟੀਕਾ ਲਗਵਾਉਣ ਲਈ ਤਿਆਰ ਹਨ ਅਤੇ ਉਹ ਟੀਕੇ ਲੱਗਣ ਦੇ ਸਮੇਂ ਨੂੰ ਵੀਡੀਓ ਵਿੱਚ ਵੀ ਕੈਦ ਕਰ ਸਕਦੇ ਹਨ।ਬਾਈਡੇਨ ਅਨੁਸਾਰ ਲੋਕਾਂ ਲਈ ਇਹ ਗੱਲ ਮਾਇਨੇ ਰੱਖਦੀ ਹੈ ਕਿ ਦੇਸ਼ ਦਾ ਰਾਸ਼ਟਰਪਤੀ ਜਨਤਾ ਲਈ ਕੀ ਕਰ ਰਿਹਾ ਹੈ, ਇਸ ਲਈ ਉਹ ਟੀਕਾ ਲਗਵਾਉਣ ਤੋਂ ਹਿਚਕਿਚਾਉਣਗੇ ਨਹੀਂ ਕਿਉਂਕਿ ਡਾਕਟਰ ਐਂਥਨੀ ਫੌਕੀ ਵਰਗੇ ਮਾਹਰ ਟੀਕੇ ਨੂੰ ਸੁਰੱਖਿਅਤ ਦੱਸ ਰਹੇ ਹਨ ਅਤੇ ਇਹ ਫੈਡਰਲ ਸਰਕਾਰ ਦੁਆਰਾ ਵੀ ਨਿਯੰਤਰਿਤ ਅਤੇ ਸੁਰੱਖਿਅਤ ਹੋਣਗੇ।

# ਕੈਲੀਫੋਰਨੀਆਂ 'ਚ ਜਾਰੀ ਹੋਣਗੇ 'ਸਟੇਅ ਐਟ ਹੋਮ' ਦੇ ਹੁਕਮ: ਗਵਰਨਰ ਨਿਊਸਮ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)** ਅਮਰੀਕੀ ਸੂਬੇ ਕੈਲੀਫੋਰਨੀਆਂ ਵਿੱਚ ਵਾਇਰਸ ਦੀ ਲਾਗ ਦੇ ਮਾਮਲੇ ਲਗਾਤਾਰ ਵਧ ਰਹੇ ਹਨ, ਜਿਸ ਕਰਕੇ ਹਸਪਤਾਲਾਂ ਵਿੱਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ 'ਚ ਭਾਰੀ ਵਾਧਾ ਹੋ ਰਿਹਾ ਹੈ।ਇਹਨਾਂ ਵਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਕੈਲੀਫੋਰਨੀਆਂ ਦੇ ਗਵਰਨਰ ਗੈਵਿਨ ਨਿਊਸਮ ਨੇ ਵੀਰਵਾਰ ਨੂੰ ਇੱਕ ਨਵਾਂ ਖੇਤਰੀ 'ਸਟੇਅ ਐਟ ਹੋਮ' ਦਾ ਆਦੇਸ਼ ਪੇਸ਼ ਕੀਤਾ ਹੈ ,ਕਿਉਂਕਿ ਕੋਰੋਨਾਂ ਵਾਇਰਸ ਕੇਸਾਂ ਦੀ ਗਿਣਤੀ ਵਧਣ ਕਾਰਨ ਰਾਜ ਦੇ ਜ਼ਿਆਦਾਤਰ ਹਸਪਤਾਲਾਂ ਵਿੱਚ ਗੰਭੀਰ ਦੇਖਭਾਲ ਦੇ ਬਿਸਤਰਿਆਂ ਦੀ ਘਾਟ ਹੋ ਸਕਦੀ ਹੈ।ਨਿਊਸਮ ਅਨੁਸਾਰ ਜੇਕਰ ਕਿਸੇ ਖੇਤਰ ਵਿੱਚ ਹਸਪਤਾਲਾਂ 'ਚ



ਇੰਟੈਂਸਿਵ ਕੇਅਰ ਯੂਨਿਟ (ਆਈ ਸੀ ਯੂ ) ਦੀ ਸਮਰੱਥਾ 15 ਪ੍ਰਤੀਸ਼ਤ ਤੋਂ ਹੇਠਾਂ ਆ ਜਾਂਦੀ ਹੈ ਤਾਂ ਇਹ ਆਦੇਸ਼ ਖੇਤਰ ਦੁਆਰਾ ਲਾਗੂ ਕੀਤਾ ਜਾਵੇਗਾ। ਜਿਸ ਤਹਿਤ ਬਾਰਾਂ, ਬਾਲ ਸੈਲੂਨ ਅਤੇ ਹੋਰ ਜ਼ਰੂਰੀ ਕਾਰੋਬਾਰਾਂ ਨੂੰ ਤਕਰੀਬਨ ਤਿੰਨ ਹਫਤਿਆਂ ਲਈ ਬੰਦ ਕਰਨ ਦੀ ਜ਼ਰੂਰਤ ਹੋਵੇਗੀ। ਜਦਕਿ ਰਾਜ ਵਿਚਕਾਰ ਯਾਤਰਾ ਵੀ ਅਸਥਾਈ ਤੌਰ ਤੇ ਰੋਕ ਦਿੱਤੀ ਜਾਵੇਗੀ, ਪਰ ਇਸ ਦੌਰਾਨ ਸਕੂਲ ਖੁੱਲ੍ਹੇ ਰਹਿਣਗੇ। ਇਸਦੇ ਇਲਾਵਾ ਰੈਸਟੋਰੈਂਟ ਟੈਕਆਊਟ ਅਤੇ ਸਪੁਰਦਗੀ ਦੀ ਸੇਵਾ ਜਾਰੀ ਰੱਖ ਸਕਦੇ ਹਨ, ਜਦਕਿ ਪ੍ਰਚੂਨ ਦੀਆਂ ਦੁਕਾਨਾਂ 20 ਪ੍ਰਤੀਸ਼ਤ ਇਕੱਠ ਦੀ ਸਮਰੱਥਾ ਤੇ ਕੰਮ ਕਰ ਸਕਦੀਆਂ ਹਨ। ਗਵਰਨਰ ਅਨੁਸਾਰ ਪ੍ਰਾਂਤ ਦੇ ਪੰਜਾਂ ਵਿੱਚੋਂ ਚਾਰ ਖੇਤਰਾਂ ਦੀ ਕੁੱਝ ਦਿਨਾਂ ਦੇ ਅੰਦਰ ਹੀ 15 ਪ੍ਰਤੀਸ਼ਤ ਦੇ ਥ੍ਰੈਸ਼ਹੋਲਡ ਤੋਂ ਹੇਠਾਂ ਆਉਣ ਦੀ ਉਮੀਦ ਹੈ ਜਦਕਿ ਸਿਰਫ ਸੈਨ ਫ੍ਰਾਂਸਿਸਕੋ ਬੇਅ ਖੇਤਰ ਬਾਅਦ ਵਿੱਚ ਇਸ ਸਥਿਤੀ ਦਾ ਸਾਹਮਣਾ ਕਰ ਸਕਦਾ ਹੈ।ਪਿਛਲੇ ਦੋ ਹਫਤਿਆਂ ਦੌਰਾਨ, ਕੈਲੀਫੋਰਨੀਆ ਵਿਚ ਦੇਸ਼ ਵਿਚ ਨਵੇਂ ਮਾਮਲਿਆਂ ਵਿਚ ਇਕ ਮਹੱਤਵਪੂਰਨ ਵਾਧਾ ਹੋਇਆ ਹੈ. ਅੰਕੜੇ ਦਰਸਾਉਂਦੇ ਹਨ ਕਿ ਨਵੇਂ ਕੇਸਾਂ ਵਿੱਚ 84 ਪ੍ਰਤੀਸ਼ਤ ਵਾਧਾ ਹੋਇਆ ਹੈ। ਵਾਇਰਸ ਸੰਬੰਧੀ ਰਾਜ ਦੇ ਅੰਕੜੇ ਦਰਸਾਉਂਦੇ ਹਨ ਕਿ ਮੰਗਲਵਾਰ ਨੂੰ ਕੈਲੀਫੋਰਨੀਆਂ ਵਿੱਚ 20,000 ਤੋਂ ਵੱਧ ਨਵੇਂ ਕੇਸ ਦਰਜ ਕੀਤੇ ਗਏ ਹਨ ਅਤੇ ਲੱਗਭਗ 10,000 ਲੋਕ ਹਸਪਤਾਲਾਂ ਵਿੱਚ ਦਾਖਲ ਹਨ, ਜਿਨ੍ਹਾਂ ਵਿੱਚੋਂ ਤਕਰੀਬਨ 2,100 ਤੋਂ ਵੱਧ ਗੰਭੀਰ ਦੇਖਭਾਲ ਵਾਲੇ ਹਨ। ਇਸਦੇ ਨਾਲ ਹੀ ਪਿਛਲੇ 48 ਘੰਟਿਆਂ ਵਿੱਚ ਕੋਰੋਨਾਂ ਵਾਇਰਸ ਕਰਕੇ 220 ਤੋਂ ਮੌਤਾਂ ਵੀ ਦਰਜ਼ ਕੀਤੀਆਂ ਗਈਆਂ ਹਨ।

# ਕੈਲੀਫੋਰਨੀਆਂ ਵਿੱਚ ਭਾਰਤ ਅੰਦਰ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਖ਼ਿਲਾਫ਼ ਜ਼ਬਰਦਸਤ ਰੋਡ ਸ਼ੋਅ











ਭਾਰਤ ਅੰਦਰ ਕਾਲੇ ਕਨੂੰਨਾਂ ਵਿਰੁੱਧ ਸੰਘਰਸ਼ ਕਰ ਰਹੇ ਕਿਸਾਨਾਂ ਦੀ ਹਮਾਇਤ ਵਿਚ ਦੁਨੀਆਂ ਭਰ ਵਿਚ ਲਗਾਤਾਰ ਧਰਨੇ ਮੁਜ਼ਾਹਰੇ ਹੋ ਰਹੇ ਹਨ। ਇਸੇਕੜੀ ਤਹਿਤ ਕੈਲੀਫੋਰਨੀਆਂ ਦੇ ਬੇ-ਏਰੀਏ ਵਿੱਚ ਪੰਜਾਬੀਆਂ ਨੇ ਇੱਕ ਵਿਸ਼ਾਲ ਟਰੱਕ ਐਂਡ ਕਾਰ ਰੋਡ ਸ਼ੋਅ ਦਾ ਆਯੋਜਨ ਕੀਤਾ ਤੇ ਪੰਜਾਬੀ ਭਾਈਚਾਰੇ ਨੇਇਸ ਰੈਲੀ ਵਿੱਚ ਵਿੱਚ ਵੱਧ ਚੜ੍ਹਕੇ ਹਿੱਸਾ ਲਿਆ। ਬੇਕਰਸਫੀਲਡ, ਫਰਿਜ਼ਨੋ ਤੋ ਲੈਕੇ ਯੂਬਾ ਸਿਟੀ, ਸੈਕਰਾਮੈਂਟੋ ਦੇ ਪੰਜਾਬੀਆਂ ਨੇ ਹਜ਼ਾਰਾਂ ਕਾਰਾਂ ਦੇ ਕਾਫ਼ਲੇਨਾਲ ਇਸ ਰੋਡ ਸ਼ੋਅ ਨੂੰ ਕਾਮਯਾਬ ਬਣਾਇਆ ਜੇ ਸੂਤਰਾਂ ਦੀ ਮੰਨੀਏ ਤਾਂ ਇਸ ਰੋਡ ਸ਼ੋਅ ਵਿੱਚ ਤਕਰੀਬਨ ਤੇਰਾਂ ਤੋਂ ਪੰਦਰਾਂ ਹਜ਼ਾਰ ਲੋਕਾਂ ਨੇ ਭਾਗ ਲਿਆ।ਇਹ ਰੋਡ ਸ਼ੋਅ ਓਕਲੈਂਡ ਦੇ ਸ਼ੋਰਲਾਈਨ ਪਾਰਕ ਤੋਂ ਸ਼ੁਰੂ ਹੋਇਆ ਅਤੇ ਸੈਨਫਰਾਂਸਿਸਕੋ ਇੰਡੀਅਨ ਅੰਬੈਸੀ ਦੇ ਅੱਗੋਂ ਲੰਘਦਾ ਫਿਰ ਬੇ ਬ੍ਰਿਜ ਰਾਹੀਂ ਵਾਪਸਓਕਲੈਂਡ ਆਇਆ ਜਿੱਥੇ ਇਸ ਸਫਲ ਰੋਡ ਸ਼ੋਅ ਲਈ ਪਰਮਾਤਮਾਂ ਦਾ ਸ਼ੁਕਰਾਨਾ ਕਰਨ ਲਈ ਅਰਦਾਸ ਕੀਤੀ ਗਈ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿਅਸੀ ਤਨੋਂ ਮਨੋਂ ਧਨੋਂ ਪੰਜਾਬ-ਭਾਰਤ ਦੇ ਕਿਸਾਨਾਂ ਨਾਲ ਖੜੇ ਹਾਂ ਅਤੇ ਭਾਰਤ ਸਰਕਾਰ ਦੇ ਇਹ ਤਿੰਨੇ ਕਨੂੰਨਾਂ ਦਾ ਡਟਕੇ ਵਿਰੋਧ ਕਰਦੇ ਹਾਂ। ਇਸ ਰੋਡ ਸ਼ੋਅਲਈ ਸੱਦਾ ਜੈਕਾਰਾ ਮੂਵਮੈਂਟ ਦੇ ਨੌਜਵਾਨ ਬੱਚੇ ਬੱਚੀਆਂ ਵੱਲੋਂ ਦਿੱਤਾ ਗਿਆ ਸੀ ਅਤੇ ਇਸ ਸਫਲ ਰੋਡ ਸ਼ੋਅ ਲਈ ਜੈਕਾਰਾਂ ਮੂਵਮੈਂਟ ਦੇ ਨੌਜਵਾਨ ਵਧਾਈ ਦੇਪਾਤਰ ਹਨ। ਪੰਜਾਬੀ ਕਲਚਰਲ ਐਸੋਸੀਏਸ਼ਨ ਬੇ-ਏਰੀਆ, ਸੰਦੀਪ ਸਿੰਘ ਜੰਟੀ ਅਤੇ ਉਹਨਾਂ ਦੀ ਸਾਰੀ ਟੀਮ ਨੇ ਇਸ ਈਵੈਂਟ ਨੂੰ ਕਾਮਯਾਬ ਲਈ ਦਿਨ ਰਾਤ ਇੱਕ ਕਰ ਦਿੱਤਾ। ਇਸ ਮੌਕੇ ਸਮਰਾਟ ਰੈਸਟੋਰੈਂਟ, ਪੀਸੀਏ ਮੈਂਬਰ ਮਿੱਕੀ ਸਰਾਂ ਅਤੇ ਸਾਥੀਆਂ ਵੱਲੋਂ ਲੰਗਰ ਅਤੁੱਟ ਵਰਤਾਏ ਗਏ। ਕੈਲੀਫੋਰਨੀਆਂ ਦੀਆਂ ਸਾਰੀਆਂ ਗੁਰਦਵਾਰਾ ਪ੍ਰਬੰਧਕ ਕਮੇਟੀਆਂ, ਸਪੋਰਟਸ ਕਲੱਬਾਂ, ਟਰੱਕਿੰਗ ਕੰਪਨੀਆਂ, ਸਮੂਹ ਧਾਰਮਿਕ ਅਤੇ ਸੱਭਿਆਚਾਰਕ ਸੰਸਥਾਵਾਂ ਦਾ ਇਸਰੋਡ ਸ਼ੋਅ ਨੂੰ ਕਾਮਯਾਬ ਕਰਨ ਲਈ ਵੀ ਵੱਡਾ ਯੋਗਦਾਨ ਰਿਹਾ। ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਕਾਲੇ ਕਾਨੂੰਨਾਂ ਦੀ ਰੱਜ ਕੇ ਨਿੰਦਿਆ ਕੀਤੀ।ਲੋਕਾਂ ਨੇ ਗੱਡੀਆਂ ਤੇ ਕਿਸਾਨਾਂ ਦੇ ਹੱਕ ਵਿੱਚ ਵੱਡੇ ਝੰਡੇ ਅਤੇ ਸਟਿਕਰ ਲਾਏ ਹੋਏ ਸਨ। ਇਸ ਰੋਡ ਸ਼ੋਅ ਦੌਰਾਨ ਪੰਜਾਬੀ ਪੰਜਾਬੀਅਤ ਅਤੇ ਸਿੱਖੀ ਦੇ ਰੰਗ ਵਿੱਚਰੰਗੇ ਇੱਕ ਵੱਖਰੇ ਜੋਸ਼ ਵਿੱਚ ਗੜੁੱਚ ਨਜ਼ਰੀਂ ਆਏ।

# ਬਾਈਡੇਨ, ਭਾਰਤੀ ਮੂਲ ਦੇ ਡਾ.ਵਿਵੇਕ ਮੂਰਤੀ ਨੂੰ ਸਰਜਨ ਜਨਰਲ ਦੇ ਅਹੁਦੇ ਲਈ ਕਰ ਸਕਦੇ ਹਨ ਨਾਮਜ਼ਦ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)** ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਦੇਸ਼ ਦੀ ਪ੍ਰਤੀਨਿਧਤਾ ਕਰਨ ਲਈ ਵੱਖ-ਵੱਖ ਵਿਭਾਗਾਂ ਦੀਆਂ ਟੀਮਾਂ ਦੀ ਚੋਣ ਕਰ ਰਹੇ ਹਨ।

ਇਸ ਲਈ ਸਿਹਤ ਟੀਮ ਦੀ ਚੋਣ ਪ੍ਰਕਿਰਿਆ ਵਿੱਚ ਜੋਅ ਬਾਈਡੇਨ



ਦੁਆਰਾ ਭਾਰਤੀ ਮੂਲ ਦੇ ਡਾਕਟਰ ਵਿਵੇਕ ਮੂਰਤੀ ਨੂੰ ਦੇਸ਼ ਦੇ ਸਰਜਨ ਜਨਰਲ ਨਾਮਜ਼ਦ ਕਰਨ ਦੀ ਉਮੀਦ ਕੀਤੀ ਜਾ ਰਹੀ ਹੈ। ਡਾਕਟਰ ਮੂਰਤੀ 2014 ਤੋਂ 2017 ਤੱਕ ਵੀ ਇਸ ਅਹੁਦੇ 'ਤੇ ਸੇਵਾ ਨਿਭਾ ਚੁੱਕੇ ਹਨ ਅਤੇ ਸੂਤਰਾਂ ਅਨੁਸਾਰ ਬਾਈਡੇਨ ਦੀ ਟੀਮ ਕੋਰੋਨਾਂ ਵਾਇਰਸ ਮਹਾਂਮਾਰੀ ਨਾਲ ਨਜਿੱਠਣ ਲਈ ਮੂਰਤੀ ਦੀਆਂ ਯੋਜਨਾਵਾਂ ਨੂੰ ਪਹਿਲ ਦੇ ਸਕਦੀ ਹੈ। ਇਸ ਅਹੁਦੇ ਬਾਰੇ ਜੇਕਰ ਸੈਨੇਟ ਦੁਆਰਾ ਪੁਸ਼ਟੀ ਕੀਤੀ ਜਾਂਦੀ ਹੈ, ਤਾਂ ਡਾ.ਮੂਰਤੀ ਕੋਰੋਨਾਂ ਮਹਾਂਮਾਰੀ ਸੰਬੰਧੀ ਪ੍ਰਸ਼ਾਸਨ ਦੇ ਪ੍ਰਤੀਕਰਮ ਵਿੱਚ ਅਹਿਮ ਭੂਮਿਕਾ ਅਦਾ ਕਰ ਸਕਦੇ ਹਨ। ਡਾਕਟਰ ਮੂਰਤੀ ਨੂੰ 2014 ਵਿੱਚ ਆਪਣੀ ਸੈਨੇਟ ਦੀ ਪੁਸ਼ਟੀ ਪ੍ਰਕਿਰਿਆ ਦੌਰਾਨ, ਉਸਦੀ ਬੰਦੂਕ ਦੀ ਹਿੰਸਾ ਕਰਕੇ ਕੁੱਝ ਰਿਪਬਲਿਕਨ ਮੈਬਰਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਮੌਕੇ ਵੀ ਜੇਕਰ ਰਿਪਬਲੀਕਨ ਮੈਂਬਰ ਚੈਂਬਰ ਵਿੱਚ ਬਹੁਮਤ ਰੱਖਦੇ ਹਨ ਤਾਂ ਮੂਰਤੀ ਨੂੰ ਸੈਨੇਟ ਵਿੱਚ ਇਕ ਵਾਰ ਫਿਰ ਤੋਂ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮੂਰਤੀ ਬਾਈਡੇਨ ਦੀ ਮੁਹਿੰਮ ਦੇ ਇੱਕ ਉੱਚ ਸਿਹਤ ਸਲਾਹਕਾਰ ਹੋਣ ਦੇ ਨਾਲ ਬਾਈਡੇਨ ਦੀ ਪਬਲਿਕ ਹੈਲਥ ਐਡਵਾਈਜ਼ਰੀ ਕਮੇਟੀ ਦਾ ਹਿੱਸਾ ਵੀ ਸਨ। ਇਸ ਤੋਂ ਇਲਾਵਾ ਇੱਕ ਰਿਪੋਰਟ ਅਨੁਸਾਰ ਬਾਈਡੇਨ ਦੁਆਰਾ ਕੈਲੀਫੋਰਨੀਆਂ ਦੇ ਅਟਾਰਨੀ ਜਨਰਲ ਜ਼ੇਵੀਅਰ ਬੇਸੇਰਾ ਨੂੰ ਯੂ ਐਸ ਦੇ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੀ ਅਗਵਾਈ ਲਈ ਨਾਮਜ਼ਦ ਕਰਨ ਦੀ ਵੀ ਉਮੀਦ ਹੈ। ਇਸ ਟੀਮ ਸੰਬੰਧੀ ਬਾਈਡੇਨ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਇਸ ਹਫਤੇ ਵਿੱਚ ਆਪਣੀ ਸਿਹਤ ਟੀਮ ਦੇ ਮੈਂਬਰਾਂ ਨੂੰ ਰਸਮੀ ਤੌਰ ਜਨਤਕ ਕਰ ਸਕਦੇ ਹਨ।

# ਅਲਾਬਾਮਾ ਵਾਸੀ ਵਿਸ਼ਵ ਯੁੱਧ ਦੂਜੇ ਦੇ 104 ਸਾਲਾ ਸਾਬਕਾ ਸੈਨਿਕ ਨੇ ਦਿੱਤੀ ਕੋਰੋਨਾਂ ਨੂੰ ਮਾਤ


**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)** ਜੇਕਰ ਵਿਅਕਤੀ ਦਾ ਕਿਸੇ ਕੰਮ ਪ੍ਰਤੀ ਦ੍ਰਿੜ ਇਰਾਦਾ ਅਤੇ ਯਕੀਨ ਹੋਵੇ ਤਾਂ ਉਮਰ ਦੇ ਹਰ ਪੜਾਅ ਵਿੱਚ ਕਿਸੇ ਵੀ ਖੇਤਰ 'ਚ ਸਫਲਤਾ ਹਾਸਿਲ ਕੀਤੀ ਜਾ ਸਕਦੀ ਹੈ। ਅਜਿਹੀ ਹੀ ਇੱਕ ਮਿਸ਼ਾਲ ਅਲਾਬਾਮਾ ਦੇ 104 ਸਾਲਾਂ ਸਾਬਕਾ ਸੈਨਿਕ ਨੇ ਕੋਰੋਨਾਂ ਵਾਇਰਸ ਨੂੰ ਹਰਾ ਕੇ ਕਾਇਮ



ਕੀਤੀ ਹੈ।ਪਿਛਲੇ ਹਫਤੇ ਹਸਪਤਾਲ ਦਾਖਲ ਹੋਏ ਅਤੇ ਕੋਰੋਨਾਂ ਵਾਇਰਸ ਨਾਲ ਲੜਨ ਤੋਂ ਬਾਅਦ ਇਸ ਵਿਅਕਤੀ ਨੂੰ ਆਪਣਾ 104 ਵਾਂ ਜਨਮ ਦਿਨ ਮਨਾਉਣ ਲਈ ਹਸਪਤਾਲ ਤੋਂ ਛੁੱਟੀ ਦਿੱਤੀ ਗਈ ਹੈ। ਦੂਜੇ ਵਿਸ਼ਵ ਯੁੱਧ ਦੇ ਬਜ਼ੁਰਗ ਮੇਜਰ ਲੀ ਵੂਟਨ ਪਿਛਲੇ ਹਫਤੇ ਮੈਡੀਸਨ, ਅਲਾਬਮਾ ਵਿੱਚ ਇਸ ਵਾਇਰਸ ਤੋਂ ਠੀਕ ਹੋਏ ਹਨ। ਮੈਡੀਸਨ ਹਸਪਤਾਲ ਦੇ ਸਟਾਫ ਨੇ ਉਸ ਨੂੰ ਇੱਕ ਵਿਸ਼ੇਸ਼ ਤਰੀਕੇ ਨਾਲ ਉਸਦੇ ਜਨਮ ਦਿਨ ਤੋਂ ਦੋ ਦਿਨ ਪਹਿਲਾਂ ਮੰਗਲਵਾਰ ਨੂੰ ਛੁੱਟੀ ਦਿੱਤੀ ਹੈ। ਇਸ ਦੌਰਾਨ ਇਸ ਬਜ਼ੁਰਗ ਸੈਨਿਕ ਦਾ ਹੌਸਲਾ ਵਧਾਉਣ ਲਈ ਸਿਹਤ ਕਰਮਚਾਰੀਆਂ ਨੇ ਕਤਾਰ ਵਿੱਚ ਖੜੇ ਹੋ ਕੇ "ਹੈਪੀ ਬਰਥਡੇ" ਦੇ ਗੀਤ ਗਾਏ ਅਤੇ ਵੂਟਨ ਦੀ ਪ੍ਰਸ਼ੰਸਾ ਵੀ ਕੀਤੀ।ਜਾਣਕਾਰੀ ਅਨੁਸਾਰ, ਵੂਟੇਨ ਨੇ ਵਿਦੇਸ਼ਾ ਵਿੱਚ ਕਈ ਸਾਲਾਂ ਲਈ ਯੂ ਐਸ ਦੀ ਫੌਜ ਵਿੱਚ ਸੇਵਾ ਕੀਤੀ ਹੈ,ਜਿਸ ਦੌਰਾਨ ਉਸਨੇ ਰੇਲ ਰੋਡ ਬਣਾਏ ਅਤੇ 1940 ਦੇ ਦਹਾਕੇ ਵਿੱਚ ਪੈਰਿਸ 'ਚ ਰੇਲ ਕਾਰਾਂ ਤੇ ਵੀ ਕੰਮ ਕੀਤਾ ਹੈ।ਉਮਰ ਦੇ ਇਸ ਪੜਾਅ ਵਿੱਚ ਵੀ ਇਸ ਬਿਮਾਰੀ ਨੂੰ ਹਰਾ ਕੇ ਇਹ ਬਜ਼ੁਰਗ ਹੋਰਾਂ ਲਈ ਪ੍ਰੇਰਨਾ ਸਰੋਤ ਹੈ।

# ਅਮੈਰਿਕਨ ਸੀਨੀਅਰ ਸਿਟੀਜਨਜ਼ ਗਰੁੱਪ ਸੈਕਰਾਮੈਂਟੋ (ਕੈਲੀਫੋਰਨੀਆ) ਦੀ ਮੀਟਿੰਗ





**ਸੈਕਰਾਮੈਂਟੋ–** ਮਿਤੀ 3 ਦਸੰਬਰ 2020 ਦਿਨ ਵੀਰਵਾਰ ਨੂੰ ਸਿਟੀਜਨਜ਼ ਗਰੁੱਪ ਦੀ ਮੀਟਿੰਗ ਆਮ ਵਾਂਗ ਹੋਈ, ਜਿਸ ਵਿਚ ਕੈਲੇਫੋਰਨੀਆ ਵਿਚ ਕਰੋਨਾ ਦੇ ਵਧਦੇ ਪ੍ਰਕੋਪ ਸਬੰਧੀ ਜਾਣਕਾਰੀ ਦਿੱਤੀ ਗਈ। ਗਰੁੱਪ ਦੇ ਬਹੁਤ ਸਾਰੇ ਮੈਂਬਰਾਂ ਵੱਲੋਂ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਗਿਆ।

ਇਸ ਤੋਂ ਇਲਾਵਾ ਸਾਰੇ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਭਾਰਤ ਵਿਚ ਚੱਲ ਰਹੇ ਖੇਤੀ ਕਾਨੂੰਨਾਂ ਸਬੰਧੀ ਅੰਦੋਲਨ ਦੀ ਚਰਚਾ ਕੀਤੀ ਗਈ। ਸਾਰੇ ਮੈਂਬਰਾਂ ਨੇ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ। ਸਾਰੇ ਮੈਂਬਰਾਂ ਦੀ ਇਸ ਸਬੰਧੀ ਰਾਇ ਸੀ ਕਿ ਇਹ ਕਾਨੂੰਨ ਸਮੇਂ ਦੀ ਸਰਕਾਰ ਵੱਲੋਂ ਜੋ ਪਾਸ ਕੀਤੇ ਗਏ ਹਨ, ਇਹ ਕਰੋਨਾ ਦੇ ਸਮੇਂ ਵਿਚ ਬਿਨਾਂ ਸਬੰਧਤ ਰਾਜਾਂ ਦੀ ਸਲਾਹ ਲਏ ਕਾਹਲੀ-ਕਾਹਲੀ ਵਿਚ ਪਾਸ ਕੀਤੇ ਗਏ ਹਨ।

ਇਸ ਸਬੰਧੀ ਹੇਠ ਲਿਖੇ ਅਨੁਸਾਰ ਸਾਰੇ ਮੈਂਬਰਾਂ ਨੇ ਮਤਾ ਪਾਸ ਕੀਤਾ:-

ਅਸੀਂ ਅਮੈਰਿਕਨ ਸੀਨੀਅਰ ਸਿਟੀਜਨਜ਼ ਗਰੁੱਪ ਦੀ ਤਰਫੋਂ ਬੀਜੇਪੀ ਸਰਕਾਰ ਵੱਲੋਂ ਲੋਕੀ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦੀ ਪੁਰਜ਼ੋਰ ਨਿਖੇਧੀ ਕਰਦੇ ਹਾਂ ਅਤੇ ਕਾਲੇ ਕਾਨੂੰਨਾਂ ਨੂੰ ਵਾਪਸ ਲੈਣ ਦੀ ਅਪੀਲ ਕਰਦੇ ਹਾਂ, ਇਸ ਤੋਂ ਇਲਾਵਾ ਭਾਰਤ ਵਿਚ ਘੱਟ ਗਿਣਤੀਆਂ/ ਦਲਿਤਾਂ ਵਿਰੁੱਧ ਅੱਤਿਆਚਾਰ ਦੀ ਨਿਖੇਧੀ ਕਰਦੇ ਹਾਂ ਅਤੇ ਡੂੰਘੀ ਚਿੰਤਾ ਪ੍ਰਗਟ ਕਰਦੇ ਹਾਂ।

ਇਸ ਤੋਂ ਇਲਾਵਾ ਮਿਤੀ 5 ਦਸੰਬਰ 2020 ਨੂੰ ਜੋ ਸਾਨਫਰਾਂਸਿਸਕੋ ਵਿਖੇ ਭਾਰਤ ਦੇ ਕਿਸਾਨਾਂ ਦੇ ਹੱਕ ਵਿਚ ਰੈਲੀ ਕੱਢੀ ਗਈ, ਉਸ ਵਿਚ ਬਹੁਤ ਹੀ ਭਾਰੀ ਇਕੱਠ ਹੋਇਆ, ਜੋ ਕਿ ਓਕਲੈਂਡ ਦੀ ਪੋਰਟ ਤੋਂ ਸ਼ੁਰੂ ਹੋਇਆ ਅਤੇ ਇੰਡੀਅਨ ਕਾਂਸਲੇਟ ਸਾਨਫਰਾਂਸਿਸਕੋ ਵਿਖੇ ਖਤਮ ਹੋਇਆ, ਇਹ ਵੀ ਇਕ ਇਤਿਹਾਸਕ ਰੈਲੀ ਹੀ ਸੀ।

**ਰਿਪੋਰਟ- ਬਿੱਕਰ ਸਿੰਘ ਮਾਨ**

# ਲੱਕੜ ਦੀ ਮਿੱਲ 'ਚ ਕੰਮ ਕਰਨ ਵਾਲਾ ਪੰਜਾਬੀ ਬਣਿਆ ਬ੍ਰਿਟਿਸ਼ ਕੋਲੰਬੀਆ ਦਾ ਸਪੀਕਰ

**ਲੁਧਿਆਣਾ –** ਇਥੋਂ ਦੇ ਪਿੰਡ ਗਹੌਰ 'ਚ ਜਨਮੇ ਰਾਜ ਚੌਹਾਨ ਨੂੰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਅਸੈਂਬਲੀ ਦਾ ਸਪੀਕਰ ਨਾਮਜ਼ਦ ਕੀਤਾ ਗਿਆ ਹੈ। ਉਨ੍ਹਾਂ ਦੇ ਵੱਡੇ ਭਰਾ ਵਕੀਲ ਰਾਜਵੰਤ ਸਿੰਘ ਨੂੰ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ।

**2005 'ਚ ਪਹਿਲੀ ਵਾਰ ਬਣੇ ਸਨ ਵਿਧਾਇਕ**

ਦੱਸਣਯੋਗ ਹੈ ਕਿ ਰਾਜ ਚੌਹਾਨ ਲੁਧਿਆਣਾ ਦੇ ਆਰਿਆ ਕਾਲਜ ਤੋਂ ਗਰੈਜੁਏਸ਼ਨ ਕਰਨ ਤੋਂ ਬਾਅਦ ਕੈਨੇਡਾ ਚਲੇ ਗਏ ਸਨ। ਸਾਲ 2005 'ਚ ਪਹਿਲੀ ਵਾਰ ਉਹ ਵਿਧਾਇਕ ਬਣੇ ਸਨ। ਅਜੇ ਤੱਕ ਉਹ ਬਰਨਬੀ ਤੋਂ ਪੰਜਵੀਂ ਵਾਰ ਵਿਧਾਇਕ ਬਣ ਚੁੱਕੇ ਹਨ। ਹੁਣ ਉਹਨਾਂ ਨੂੰ ਬ੍ਰਿਟਿਸ਼ ਕੋਲੰਬੀਆ ਦੀ ਨਵੀਂ ਅਸੈਂਬਲੀ ਦਾ ਬਣਾਇਆ ਗਿਆਹੈ। ਵਕੀਲ ਰਾਜਵੰਤ ਸਿੰਘ ਨੇ ਦੱਸਿਆ ਕਿ ਰਾਜ ਚੌਹਾਨ ਨੇ ਸਪੀਕਰ ਡੈਰਿਲ ਪਲੈਕਸ ਦੀ ਜਗ੍ਹਾ ਲਈ ਹੈ। ਅਕਤੂਬਰ ਦੌਰਾਨ ਹੋਈਆਂ ਚੋਣਾਂ 'ਚ ਡੈਰਿਲ ਪਲੈਕਸ ਨੇ ਚੋਣਾਂ ਨਹੀਂ ਲੜੀਆਂ ਸਨ। ਇਸ ਤੋਂ ਪਹਿਲਾਂ ਰਾਜ ਚੌਹਾਨ ਡੈਰਿਲ ਦੇ ਨਾਲ ਡਿਪਟੀ ਸਪੀਕਰ ਦਾ ਕੰਮ ਕਰ



ਚੁੱਕੇ ਹਨ, ਇਸ ਲਈ ਰਾਜ ਚੌਹਾਨ ਦਾ ਸਪੀਕਰ ਵਜੋਂ ਚੁਣਿਆ ਜਾਣਾ ਤੈਅ ਸੀ।

**ਲੱਕੜ ਦੀ ਮਿੱਲ 'ਚ ਕੀਤਾ ਮਜ਼ਦੂਰੀ ਦਾ ਕੰਮ**

ਰਾਜ ਚੌਹਾਨ ਸਾਲ 1972 'ਚ ਆਪਣੇ ਦੋਸਤ ਹਰਿੰਦਰ ਸਿੰਘ ਦੇ ਨਾਲ ਕੈਨੇਡਾ ਚਲੇ ਗਏ ਸਨ। ਉਥੇ ਜਾ ਕੇ ਪਹਿਲਾਂ ਵੈਨਕੂਵਰ 'ਚ ਲੱਕੜੀਆਂ ਦੀ ਵੱਡੀ ਮਿੱਲ 'ਚ ਲੇਬਰ ਦਾ ਕੰਮ ਕੀਤਾ।

ਉਨ੍ਹਾਂ ਦਾ ਛੋਟਾ ਬੇਟਾ ਕਾਫ਼ੀ ਸਮਝਦਾਰ ਸੀ। ਉਥੇ ਉਸ ਨੇ ਵੇਖਿਆ ਕਿ ਇਥੇ ਜ਼ਿਆਦਾਤਰ ਭਾਰਤੀ ਫਾਰਮ 'ਚ ਆ ਕੇ ਕੰਮ ਕਰਦੇ ਹਨ ਪਰ ਉਨ੍ਹਾਂ ਦੀ ਹਾਲਤ ਬੇਹੱਦ ਤਰਸਯੋਗ ਹੈ। ਉਨ੍ਹਾਂ ਲਈ ਨਿਯਮ ਕਾਨੂੰਨ ਕੁੱਝ ਨਹੀਂ ਸਨ। ਇਨ੍ਹਾਂ ਦੀ ਆਵਾਜ਼ ਸਭ ਤੋਂ ਪਹਿਲਾਂ ਉਨ੍ਹਾਂ ਦੇ ਭਰਾ ਨੇ ਚੁੱਕੀ।

ਇਸ ਕੰਮ 'ਚ ਉਥੇ ਭਾਰਤੀ ਪ੍ਰੋਫੈਸਰ ਹਰੀ ਸ਼ਰਮਾ ਨੇ ਉਨ੍ਹਾਂ ਦਾ ਬਹੁਤ ਸਾਥ ਦਿੱਤਾ। ਉਨ੍ਹਾਂ ਨੇ ਕੈਨੇਡਾ 'ਚ ਫਾਰਮ ਵਰਕਰਸ ਯੂਨੀਅਨ ਦਾ ਗਠਨ ਕੀਤਾ ਅਤੇ ਇਸ ਦੇ ਫਾਊਂਡਰ ਬਣੇ। ਉਥੇ ਹੀ 18 ਸਾਲ ਉਹ ਹਸਪਤਾਲ ਇੰਪਲਾਈਜ਼ ਯੂਨੀਅਨ ਦੇ ਡਾਇਰੈਕਟਰ ਵੀ ਰਹਿ ਚੁੱਕੇ ਹਨ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Dharminder Singh

Call : Dharminder Singh
Cell : 530-870-6600 Fax : (530) 870-1429
532, Houston St.
West Sacramento, CA 95691
Email: myfuturetruck@gmail.com

# ਵਿਪਸਾ ਵੱਲੋਂ ਕਿਸਾਨ-ਮਜ਼ਦੂਰ ਏਕਤਾ ਲਈ ਅਪੀਲ

ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਸਾਮੂਹਿਕ ਵਿਚਾਰ ਗੋਸ਼ਟੀ ਅਨੁਸਾਰ ਇਹ ਸਾਂਝ ਪਾਉਣੀ ਅਵੱਸ਼ਕ ਹੈ ਕਿ, ਕਿਸਾਨ-ਮਜ਼ਦੂਰ ਏਕਤਾ ਨਾਲ ਖੜੀ ਸੁਹਿਰਦ ਸਾਧਸੰਗਤ ਜੀਓ, ਬੁੱਧੀਜੀਵੀਓ ਅਤੇ ਸਾਹਿਤਕਾਰੋਭਾਰਤ ਦੀ ਮੌਜੂਦਾ ਸਰਕਾਰ ਨੇ ਆਪਣੀ ਪਾਰਟੀ ਦੀ ਸੱਤਾ ਦੇ ਘੁਮੰਡ ਵਿਚ ਭਾਰਤ ਦੀ ਕਿਸਾਨ-ਮਜ਼ਦੂਰ ਸ਼੍ਰੈਣੀ ਦੇ ਜਜ਼ਬਾਤਾਂ ਨਾਲ, ਹੱਕਾਂ ਨਾਲ ਅਤੇ ਵਿਸ਼ੇਸ਼ ਕਰ ਕੇ ਰੋਜ਼ੀ-ਰੋਟੀ ਨਾਲ ਖਿਲਵਾੜ ਕਰਨ ਦੇ ਇਰਾਦੇ ਨਾਲ ਇਕ ਠੋਸੇ ਜਾ ਰਹੇ ਕਾਨੂੰਨ ਰਾਹੀਂ ਲੱਖਾਂ ਦੀ ਸੰਖਿਆ ਵਿਚ ਪੰਜਾਬ, ਹਰਿਆਣਾ, ਰਾਜਸਥਾਨ, ਯੂਪੀ, ਬਿਹਾਰ ਆਦਿ ਪ੍ਰਾਂਤਾਂ ਚੋਂ 14 ਸਾਲਾਂ ਦਿਆਂ ਬੱਚਿਆਂ ਤੋਂ ਲੈ ਕੇ 80 ਸਾਲਾਂ ਦਿਆਂ ਬਜ਼ੁਰਗ ਮਰਦ-ਔਰਤਾਂ ਲਈ ਜੀਣ-ਮਰਣ ਦੇ ਸੰਕਲਪ ਨੂੰ ਇਕ ਸੰਜੀਦਾ ਅਤੇ ਮਰਨ-ਜੀਣ ਦੀ ਕਾਗਾਰ ਤੇ ਲਿਆ ਖੜਾ ਹੋਣ ਲਈ ਮਜਬੂਰ ਕਰਦਿੱਤਾ ਹੈ। ਇਹ ਇਕ' ਗੇਮ ਆਫ ਸਰਵਾਈਵਲ ' ਦੀ ਸ਼ਕਲ ਇਖਤਿਆਰ ਕਰ ਚੁਕਾ ਹੈ।ਆਓ ਅਸੀਂ ਇਸ ਥੋਪੇ ਗਏ ਕਾਨੂੰਨ ਦੀ ਨਖੇਦੀ ਕਰਦੇ ਹੋਏ ਇਹ ਪਰੋਟੈਸਟ ਕਰੀਏ ਕਿ ਭਾਰਤ ਦੀ ਹਰ ਰਿਆਸਤ ਦੇ ਕਿਸਾਨਾਂ ਦੇਂ ਸ਼ਫ਼ ਲਏ ਨੂੰ ਦੇਸ਼ ਦੇ ਲ਼ਓ ਵਜੋਂ ਲਾਗੂ ਕੀਤਾ ਜਾਏ ਅਤੇ ਇਸ ਵਿਚ ਭਾਰਤੀ ਮੁਲਾਜ਼ਮਾਂ ਵਾਂਗ ਵ੍ਰਰੇਵਾਰ ਮਹਿੰਗਾਈ ਭੱਤੇ (ਅਲਲੋਾਓਨਚਏ )ਦੀ ਤਰਮੀਮ ਸ਼ਾਮਲ ਕੀਤੀ ਜਾਏ।ਇਸ ਵਜੋਂ ਭਾਰਤ ਅਤੇ ਵਿਦੇਸ਼ਾਂ ਵਿਚ ਵਸ ਰਹੇ ਭਾਰਤੀ ਅਤੇ ਭਾਰਤੀ ਮੂਲ ਦੀ ਜਨ-ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਸੋਧੇਜਾਣ ਵਾਲੇ ਕਾਨੂੰ ਦੀ ਮੰਗ ਨੂੰ ਸਾਕਾਰ ਕਰਨ ਹਿੱਤ ਆਪੋ ਆਪਣਾ ਯੋਗਦਾਨ ਦੇਣ ਵਿਚ ਕਿਸੇ ਪਰਕਾਰ ਦੀ ਢਿੱਲ ਜਾਂ ਸੰਕੋਚ ਨਾ ਕੀਤਾ ਜਾਏ।।ਸਰਕਾਰ ਦੇ ਅੜੀਅਲ, ਤਾਨਾਸ਼ਾਹੀ



,ਹਿਟਲਰੀ ਅਤੇ ਫ਼ਿਰਕੂ ਰਵੱਈਏ ਕਾਰਨ ਦਿੱਲੀ ਦੀਆਂ ਸਰਹੱਦਾਂ ਤੇ ਅਜਿਹੇਠੰਡੇ ਮੌਸਮ ਅਤੇ ਕੋਰੋਨਾ ਦੇ ਮਾਰੂ-ਕਾਲ ਵਿਚ ਜੀਣ ਦੇ ਅਧੀਕਾਰਾਂ ਲਈ ਮੰਗ ਕਰ ਹਰੇ ਲੱਖਾਂ ਕਿਸਾਨਾਂ ਨੂੰ ਹੌਸਲੇ, ਇਮਦਾਦ ਅਤੇ ਸਹਿਯੋਗ ਦੀ ਆਵਸ਼ੱਕਤਾ ਹੈ। ਸਮੇਂ ਦੀ ਇਸ ਪੁਕਾਰ ਵਿਚ ਆਪਣੇ ਬੋਲ, ਬਲ ਅਤੇ ਬਲੀਦਾਨ ਦੀ ਜਗਿਆਸਾ ਨੂੰ ਅਰਥ ਦੇਣਾ ਹਰ ਭਾਰਤੀ ਦਾ ਅਵਲੀਨ ਫ਼ਰਜ਼ ਬਣਦਾ ਹੈ। ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫੋਰਨੀਆ ਵਲੋਂ ਇਹ ਹਰ ਲੇਖਕ ਨੂੰ ਵੀ ਇਹ ਅਪੀਲ ਕੀਤੀ ਜਾਂਦੀ ਹੈ ਕਿ ਅਕੈਡਮੀ ਨੂੰ ਇਕ ਪ੍ਰੋਟੈਸਟ ਵਜੋਂ ਆਪੋਆਪਣੀਆਂ ਰਚਨਾਵਾਂ ਭੇਜਣ ਤਾ ਕਿ ਇਕ ਸਾਮੂਹਿਕ ਸੋਚ, ਅਪੀਲ ਜਾਂ ਵਿਦਰੋਹ ਨੂੰ ਸਮੁੱਚੇ ਹਾਕਮਾਂ ਦੀ ਨਜ਼ਰ ਕੀਤਾ ਜਾਏ।ਮੇਰੇ ਵਲੋਂ ਇਕ ਰੁਬਾਈ ਹਾਜ਼ਰ ਹੈ :

"ਕਰੋਗੇ ਰੌਸ਼ਨੀ, ਨਿਸਚਿਤ ਏ, ਅੱਜ ਗੂੜ੍ਹਾ ਹਨੇਰ ਹੈ
ਸਿਆਸਤ ਸਾਜ਼ਸ਼ੀ ਏ ਪਰ, ਸਿਰੜ ਇਤਿਹਾਸ, ਮੇਰਾ ਹੈ
ਨਹੀਂ ਆਉਣਾ ਫ਼ਰੇਬੀ ਚਾਲਬਾਜ਼ਾਂ ਦੇ ਸ਼ਿਕੰਜੇ ਵਿੱਚਜਮਾ ਰੱਖੋਗੇ
ਡੇਰਾ ਇਸ਼ਟ ਦਾ, ਦ੍ਰਿੜਤਾ ਹੈ, ਜੇਰਾ ਹੈ।

ਆਪ ਦੇ ਹਿੱਤੂ,

ਸੁਰਿੰਦਰ ਸੀਰਤ (ਪ੍ਰਧਾਨ) ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫੋਰਨੀਆ ਦੇ ਸਮੂਹ ਮੈਂਬਰ: ਸੁਖਵਿੰਦਰ ਕੰਬੋਜ, ਕੁਲਵਿੰਦਰ, ਰੇਸ਼ਮ ਸਿੱਧੂ, ਜਗਜੀਤ ਨੋਸ਼ਿਹਰਵੀ,ਅਮ-ਰਜੀਤ ਪੰਨੂ, ਤਾਰਾ ਸਾਗਰ, ਸੁਰਜੀਤ ਸਖੀ, ਬੀਬੀ ਸੁਰਜੀਤ ਕੌਰ,ਗੁਲਸ਼ਨ ਦਿਆਲ, ਲਾਜ ਨੀਲਮ ਸੈਣੀ, ਚਰਨਜੀਤ ਪੰਨੂ, ਡਾ. ਗੁਰਪਰੀਤ ਸਿੰਘ ਧੁੱਗਾ, ਹਰਮਿੰਦਰ ਸਿੰਘ ਸੰਘੇੜਾ, ਗੁਰ-ਮੀਤ ਸਿੰਘ ਬਰਸਾਲ, ਸੁਰਿੰਦਰ ਸਿੰਘ ਧਨੋਆ, ਅਸ਼ੋਕ ਕੁਮਾਰ ਐਸ਼, ਸੁਖਦੇਵ ਸਾਹਿਲ, ਅਮਰਜੀਤ ਜੋਹਲ,ਸੁਖਪਾਲ ਸੰਘੇੜਾ, ਰਵਿੰਦਰ ਢਿੱਲੋਂ, ਹਜ਼ੂਰਾ ਸਿੰਘ, ਗੁਰਦੀਪ ਸਿੰਘ, ਗੁਰਦੇਵ ਘਣਗਸ, ਦਲਜੀਤ ਸਿੰਘ ਸਹੋਤਾ, ਦਿੱਲ ਨਿਜੱਰ, ਇੰਦਰਜੀਤ ਗਰੇਵਾਲ, ਸੁਰਜੀਤ ਕੌਰ ਚੀਮਾ ਤੇ ਸਾਰੇ ਵਿਪਸਾ-ਸਹਿਯੋਗੀ।

# ਹਰਮੇਸ਼ ਭਾਰ ਸਿੰਘ ਪੁਰੀ ਵੱਲੋਂ ਕਿਸਾਨ ਅੰਦੋਲਨ ਦਾ ਪੂਰਨ ਸਮਰਥਨ

ਬੀਤੀ 4 ਦਸੰਬਰ ਨੂੰ ਹਰਮੇਸ਼ ਭਾਰ ਸਿੰਘ ਪੁਰੀ, ਸੀਨੀਅਰ ਬਸਪਾ ਆਗੂ ਪੰਜਾਬ ਹਾਲ ਵਾਸੀ ਯੂ. ਐਸ. ਏ. ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦੇ ਕਿਹਾ ਕਿ ਅਸੀਂ ਕਿਸਾਨ ਮੋਰਚੇ ਦਾ ਪੂਰਨ ਤੌਰ ਤੇ ਸਮਰਥਨ ਕਰਦੇ ਹਾਂ। ਇਹ ਕਿਸਾਨ ਅੰਦੋਲਨ ਪੰਜਾਬੀ ਵਿਚ ਲੰਮੇ ਸਮੇਂ ਤੋਂ ਚੱਲ ਰਿਹਾ ਸੀ। ਪੰਜਾਬ ਤੋਂ ਦਿੱਲੀ ਦੇਸ਼ ਦੀ ਰਾਜਧਾਨੀ ਸਾਰੇ ਬੈਰੀਅਰ ਤੋੜਦਾ ਹੋਇਆ ਪਹੁੰਚ ਗਿਆ, ਜੋ ਕਿ ਅੱਜ ਪੂਰੇ ਭਾਰਤ ਦਾ ਹੀ ਅੰਦੋਲਨ ਬਣ ਗਿਆ ਹੈ। ਜਿਸ ਵਿਚ ਪਹਿਲਕਦਮੀ ਪੰਜਾਬ ਦੀਆਂ 31 ਕਿਸਾਨ ਯੂਨੀਅਨਾਂ, ਵੱਖ-ਵੱਖ ਨਾਵਾਂ ਥੱਲੇ ਕੰਮ ਕਰਦੀਆਂ ਹੋਈਆਂ ਵੀ ਇੱਕਜੁਟਤਾ ਨਾਲ ਇਕੋ ਸੋਚ ਬਣਾ ਕੇ ਦਿੱਲੀ ਵਿਚ ਪੱਕੇ ਮੋਰਚੇ ਲਾ ਕੇ ਬੈਠ ਗਈਆਂ ਹਨ। ਜੋ ਕਿ ਇਕ ਬਹੁਤ ਵੱਡੀ ਕਾਮਯਾਬੀ ਹੈ ਕਿਉਂਕਿ ਇਹਨਾਂ ਨੇ ਦੁਸ਼ਮਣ ਨੂੰ ਪਹਿਚਾਨਣ ਵਿਚ ਦੇਰੀ ਨਹੀਂ ਕੀਤੀ ਜੋ ਕਿ ਭਾਰਤ ਦੀ ਸਰਕਾਰ ਕਰੋਨਾ ਦੀ ਆੜ ਵਿਚ ਜਲਦਬਾਜ਼ੀ ਵਿਚ ਤਿੰਨ ਕਾਲੇ ਕਾਨੂੰਨ ਲਿਆ ਕੇ ਭਾਰਤ ਦੇ ਸੰਵਿਧਾਨ ਦੀਆਂ ਅਤੇ ਰਾਜ ਸਭਾ ਵਿਚ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ। ਜੋ ਮੈਂ ਸਮਝਦਾ ਹਾਂ ਉਹ ਇਹ ਹੈ ਕਿ ਕਾਰਪੋਰੇਟ ਘਰਾਣਿਆਂ ਨੇ ਆਪਣੇ ਹੱਕ ਵਿਚ ਕਾਨੂੰਨ ਬਣਾਉਣ ਲਈ ਆਰ. ਐਸ. ਐਸ. ਨੂੰ ਚੋਗਾ ਵੱਡੇ ਪੱਧਰ ਤੇ ਪਾਇਆ ਗਿਆ। ਆਰ. ਐਸ. ਐਸ. ਦਾ ਦੂਜਾ ਨਾਂ ਭਾਰਤੀ ਜਨਤਾ ਪਾਰਟੀ ਹੈ। ਕਦੇ ਇਹ ਜਨਸੰਘ ਦੇ ਨਾਂ ਥੱਲੇ ਕੰਮ ਕਰਦੀ ਸੀ,



ਜਿਹਨਾਂ ਦਾ ਚੋਣ ਨਿਸ਼ਾਨ ਦੀਵਾ ਹੋਇਆ ਕਰਦਾ ਸੀ। ਜੇਕਰ ਅੱਜ ਭਾਰਤੀ ਜਨਤਾ ਪਾਰਟੀ ਸਰਕਾਰ ਤੋਂ ਆਪਣੇ ਹੱਕ-ਹਕੂਕ ਲੈਣੇ ਹਨ ਤਾਂ ਆਰ. ਐਸ. ਐਸ. ਦੀ ਧੌਣ ਨੂੰ ਹੱਥ ਪਾਉਣਾ ਪਵੇਗਾ, ਤਦ ਹੀ ਮਸਲਾ ਹੱਲ ਹੋ ਸਕਦਾ ਹੈ ਕਿਉਂਕਿ ਇਹ ਲੋਕ ਭਾਰਤ ਦੇ ਸੰਵਿਧਾਨ ਦੇ ਮੁਤਾਬਕ ਦੇਸ਼ ਨੂੰ ਨਹੀਂ ਚਲਾਉਂਦੇ। ਮਨੂੰ ਸਿਮਰਤੀ ਦੇ ਮੁਤਾਬਕ ਦੇਸ਼ ਨੂੰ ਚਲਾਉਣਾ ਚਾਹੁੰਦੇ ਹਨ। ਇਹਨਾਂ ਦਾ ਟੀਚਾ ਕੀ ਹੈ ਜਿਵੇਂ ਕਿ ਪਹਿਲਾਂ ਵਿੱਦਿਆ ਖੋਹਣ ਦਾ ਪ੍ਰਬੰਧ ਕੀਤਾ। ਵਿੱਦਿਆ ਪ੍ਰਾਈਵੇਟ ਕੀਤੀ, ਸਰਕਾਰੀ ਨੌਕਰੀਆਂ ਖੋਹਣ ਦਾ ਪ੍ਰਬੰਧ ਕੀਤਾ। ਸਰਕਾਰੀ ਅਦਾਰੇ ਪ੍ਰਾਈਵੇਟ ਕੀਤੇ। ਹੁਣ ਤਿੰਨ ਕਾਲੇ ਕਾਨੂੰਨ ਲਿਆ ਕੇ ਜ਼ਮੀਨਾਂ ਨੂੰ ਖ਼ੋਹਣਾ ਚਾਹੁੰਦੇ ਹਨ ਤਾਂ ਕਿ 85 ਫੀਸਦੀ ਲੋਕਾਂ ਨੂੰ ਗੁਲਾਮ ਕੀਤਾ ਜਾ ਸਕੇ, ਜਿਵੇਂ ਕਿ ਵਿੱਦਿਆ ਗਈ ਤਾਂ ਵਿਵੇਕ ਗਿਆ, ਵਿਵੇਕ ਗਿਆ ਤਾਂ ਬੁੱਧੀ ਗਈ, ਬੁੱਧੀ ਗਈ ਤਾਂ ਧਨ ਗਿਆ, ਧਨ ਗਿਆ ਤਾਂ ਗਰੀਬ ਹੋਏ, ਗਰੀਬ ਹੋਏ ਤਾਂ ਲਾਚਾਰ ਹੋਏ, ਲਾਚਾਰ ਹੋਏ ਤਾਂ ਗੁਲਾਮ ਹੋਏ।

ਇਹ ਵਰਤਾਰਾ ਮਨੂੰ ਸਿਮਰਤੀ ਵਿਚ ਲਿਖਿਆ ਹੋਇਆ ਹੈ ਕਿ 85 ਫੀਸਦੀ ਲੋਕਾਂ ਨੂੰ ਗੁਲਾਮ ਕਿਵੇਂ ਕਰਨਾ, ਫਿਰ ਭਾਰਤ ਦਾ ਸੰਵਿਧਾਨ ਬਦਲ ਕੇ ਮਨੂੰ ਸਿਮਰਤੀ ਲਾਗੂ ਕਰਨੀ ਹੈ। ਇਹ ਤਿਆਰੀਆਂ ਹੋ ਚੁੱਕੀਆਂ ਹਨ, ਮੰਨੋ ਚਾਹੇ ਨਾ ਮੰਨੋ। ਇਕ ਗੱਲ ਤਾਂ ਸਮਝ ਲੱਗਦੀ ਹੈ ਕਿ ਜਿਹਨਾਂ ਕੋਲ ਜ਼ਮੀਨ ਨਹੀਂ ਹੈ, ਉਹ ਲੋਕ ਕਿੱਦਾਂ ਦੀ ਜ਼ਿੰਦਗੀ ਕੱਟਦੇ ਹੋਣਗੇ। ਜਦ ਕਿਸਾਨਾਂ ਕੋਲੋਂ ਤਿੰਨ ਕਾਲੇ ਕਾਨੂੰਨਾਂ ਰਾਹੀਂ ਜ਼ਮੀਨ ਖੋਹਣ ਦਾ ਪ੍ਰਬੰਧ ਕੀਤਾ ਜਾ ਰਿਹਾ ਸੀ ਤਾਂ ਪਤਾ ਲੱਗਦਾ ਹੈ ਕਿ ਬੇਜ਼ਮੀਨਿਆਂ ਦਾ ਹਾਲ ਕੀ ਹੈ। ਅੱਜ ਲੋੜ ਹੈ ਕਿਸਾਨ ਅਤੇ ਖੇਤ ਮਜ਼ਦੂਰਾਂ ਨੂੰ ਏਕਾ ਕਰਕੇ ਆਉਣ ਵਾਲੇ ਟਾਈਮ ਵਿਚ ਇੱਕਜੁਟ ਹੋ ਕੇ ਭਾਰਤ ਵਿਚ ਆਪਣੀ ਸਰਕਾਰ ਬਣਾਉਣੀ ਚਾਹੀਦੀ ਹੈ। ਇਸਦੀ ਸ਼ੁਰੂਆਤ 2022 ਵਿਚ ਪੰਜਾਬ ਤੋਂ ਸ਼ੁਰੂ ਕਰਨੀ ਚਾਹੀਦੀ ਹੈ। ਆਰ. ਐਸ. ਐਸ. ਨੂੰ ਦੇਸ਼ ਵਿਚੋਂ ਕੱਢ ਕੇ ਬਾਹਰ ਸੁੱਟਣਾ ਚਾਹੀਦਾ ਹੈ।

ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਕਿਹਾ ਕਰਦੇ ਸੀ, ਜਿਸ ਦਿਨ ਕਿਸਾਨ ਅਤੇ ਮਜ਼ਦੂਰ ਨੂੰ ਆਰ. ਐਸ. ਐਸ. ਅਤੇ ਇਸਦੇ ਧਰਮ ਗ੍ਰੰਥ ਮਨੂੰ ਸਿਮਰਤੀ ਦੀ ਸਮਝ ਲੱਗ ਗਈ, ਉਸ ਦਿਨ ਜੋ ਇਹ 15 ਫੀਸਦੀ ਲੋਕ ਘੋੜਿਆਂ ਤੇ ਚੜ੍ਹ ਕੇ ਭਾਰਤ ਦੀ ਧਰਤੀ ਤੇ ਆਈ ਸੀ, ਉਹਨਾਂ ਨੂੰ ਖੋਤਿਆਂ 'ਤੇ ਚਾੜ੍ਹ ਕੇ ਮੋੜ ਦਿਆਂਗੇ। ਪਰ ਕਿਸਾਨਾਂ ਅਤੇ ਮਜ਼ਦੂਰਾਂ ਨੇ ਗੱਲ ਨਹੀਂ ਮੰਨੀ ਤਾਂ ਹੀ ਅੱਜ ਇਹ ਲੋਕ ਸਾਡੇ ਤੇ ਰਾਜ ਕਰਦੇ ਹਨ। ਇਹ ਅੱਜ ਲੋੜ ਹੈ ਗੱਲ ਨੂੰ ਸਮਝਣ ਦੀ। ਅੱਜ ਜੋ ਮਰਚਾ ਦਿੱਲੀ ਲੱਗਾ ਹੈ, ਉਦੋਂ ਤੱਕ ਜਾਰੀ ਰੱਖਣਾ ਜ਼ਰੂਰੀ ਹੈ ਜਿੰਨਾ ਚਿਰ ਇਹ ਤਿੰਨੇ ਕਾਲੇ ਕਾਨੂੰਨ ਵਾਪਸ ਨਹੀਂ ਹੋ ਜਾਂਦਾ ਅਤੇ ਜੋ ਆਰਡੀਨੈਂਸ ਅਤੇ ਕਿਸਾਨਾਂ ਦਾ ਸਿਰ ਚੜ੍ਹਿਆ ਕਰਜਾ ਹਟਾਉਣ ਦੀ ਜ਼ਿੰਮੇਵਾਰੀ ਸਰਕਾਰ ਨਹੀਂ ਲੈਂਦੀ, ਉਦੋਂ ਤੱਕ ਜਾਰੀ ਰਹਿਣਾ ਚਾਹੀਦਾ ਹੈ। ਇਸ ਮੌਕੇ ਤੇ ਮੈਂ ਇਹ ਵੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜੇ ਲੋਕ ਸਿੱਖ ਗੁਰੂਆਂ ਅਤੇ ਸਿੱਖ ਸਮਾਜ ਨੂੰ ਬਦਨਾਮ ਕਰਨ ਤੇ ਲੱਗੇ ਹੋਏ ਹਨ, ਉਹ ਲੋਕ ਯਾਦ ਰੱਖਣ ਕਿ ਸਿੱਖ ਯੋਧਿਆਂ ਨੇ ਸਨਾਤਨ ਧਰਮ ਦੀਆਂ ਕੁੜੀਆਂ ਨੂੰ ਗਜਨੀ ਦੇ ਬਜ਼ਾਰ 'ਚੋਂ ਟਕੇ-ਟਕੇ ਤੇ ਵਿਕਦੀਆਂ ਨੂੰ ਵਾਪਸ ਲਿਆ ਕੇ ਤੁਹਾਡੇ ਘਰਾਂ ਦੀ ਇੱਜਤ ਦੀ ਰਾਖੀ ਕੀਤੀ ਸੀ। ਸਾਡੀ ਤੁਹਾਨੂੰ ਸਲਾਹ ਹੈ ਕਿ ਇਸ ਤਰ੍ਹਾਂ ਦਾ ਮਾਹੌਲ ਤਿਆਰ ਨਾ ਕਰੋ ਕਿ ਤੁਹਾਨੂੰ ਬਚਾਉਣ ਲਈ ਕੋਈ ਵੀ ਨਾ ਆਵੇ। ਆਪ ਸਭ ਨੇ ਪਹਿਲਾਂ 2 ਅਪ੍ਰੈਲ ਨੂੰ ਦੇਖ ਲਿਆ ਹੋਣਾ, ਜਦ ਸੁਪਰੀਮ ਕੋਰਟ ਦੇ ਮਨੂੰਵਾਦੀ ਜੱਜਾਂ ਨੇ ਰਿਜ਼ਰਵੇਸ਼ਨ ਨਾਲ ਛੇੜਛਾੜ ਕੀਤੀ ਸੀ। ਜੇਕਰ ਰਿਜ਼ਰਵੇਸ਼ਨ ਬੰਦ ਕਰਨੀ ਹੈ ਤਾਂ ਪੁਲੀਟੀਕਲ ਬੰਦ ਕਰੋ ਜੋ ਹਰ ਦਸ ਸਾਲ ਬਾਅਦ ਵਧਾਈ ਜਾਂਦੀ ਹੈ ਤਾਂ ਕਿ ਸਮਾਜ ਵਿਚੋਂ ਚਮਚੇ ਪੈਦਾ ਕਰਨ ਲਈ ਬਿਨਾਂ ਧਰਨਾ ਪ੍ਰਦਰਸ਼ਨ ਤੇ ਵਧਾ ਦਿੰਦੇ ਹੋ। ਜਿਸ ਦੀ ਸਾਨੂੰ ਕੋਈ ਲੋੜ ਨਹੀਂ ਹੈ। ਕਰੋ ਬੰਦ ਫਿਰ ਦੇਖਦੇ ਹਾਂ ਕਿਹੜਾ ਮਾਈ ਦਾ ਲਾਲ ਸਰਕਾਰ ਬਣਾਉ ਹੈ। ਇਸ ਮੌਕੇ ਤੇ ਕਿਰਪਾਲ ਸਿੰਘ ਡੱਲੀ ਯੂ. ਐਸ. ਏ., ਬਲਜੀਤ ਭਟੋਆ ਫਿਲੌਰ ਹਾਲ ਵਾਸੀ ਕੈਨੇਡਾ ਅਤੇ ਬਲਜੀਤ ਸਿੰਘ ਖਾਲਸਾ ਕੈਨੇਡਾ ਮੌਜੂਦ ਸਨ।

## NAME CHANGED

I Virender Singh Dhillon s/o Parmjeet Singh
Resident of 3469 W. Benjamin Holt Dr., Apt 498
Stockton, CA-95219, USA

Now I have changed my name
From **Virender Singh Dhillon** To **Virender Singh**
All concerned kindly note it.




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928



'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com

# 2022 ਵਿੱਚ ਪੰਜਾਬ ਵਿੱਚ ਬਸਪਾ ਦੀ ਸਰਕਾਰ ਬਣਾ ਕੇ ਸਾਹਿਬ ਕਾਂਸ਼ੀ ਰਾਮ ਦਾ ਸੁਪਨਾ ਪੂਰਾ ਕਰਾਂਗੇ - ਰਣਧੀਰ ਸਿੰਘ ਬੈਨੀਵਾਲ

## ਬਸਪਾ ਕਿਸਾਨ ਵਿਰੋਧੀ ਕਾਨੂੰਨਾਂ ਦੀ ਪੁਰਜ਼ੋਰ ਨਿੰਦਾ ਕਰਦੀ ਹੈ ਤੇ ਮੋਦੀ ਸਰਕਾਰ ਇਹ ਕਾਨੂੰਨ ਰੱਦ ਕਰੇ- ਡਾਕਟਰ ਨਛੱਤਰ ਪਾਲ

**ਕੋਟਕਪੂਰਾ (ਬਿਊਰੋ)–** ਬਹੁਜਨ ਸਮਾਜ ਪਾਰਟੀ ਵੱਲੋਂ ਇਹਨਾਂ ਦਿਨਾਂ ਵਿਚ ਪਾਰਟੀ ਮਜ਼ਬੂਤੀ ਲਈ ਸਲਾਨਾ ਆਰਥਿਕ ਸਹਿਯੋਗ ਫੰਡ' ਇਕੱਠਾ ਕਰਨ ਦੀ ਸੂਬਾ ਭਰ ਵਿੱਚ ਮੁਹਿੰਮ ਚਲਾਈ ਜਾ ਰਹੀ ਹੈ। ਇਸ ਸਬੰਧੀ ਪਾਰਟੀ ਦੇ ਸੂਬਾ ਪੱਧਰੀ ਆਗੂ ਸੂਬੇ ਦਾ ਦੌਰਾ ਕਰਕੇ ਵਰਕਰਾਂ ਤੇ ਆਗੂਆਂ ਨੂੰ ਉਤਸ਼ਾਹਿਤ ਕਰ ਰਹੇ ਹਨ। ਅਜਿਹੀ ਹੀ ਇੱਕ ਲੋਕ ਸਭਾ ਜੋਨ ਪੱਧਰੀ ਮੀਟਿੰਗ ਸੂਬਾ ਜਨਰਲ ਸਕੱਤਰ ਸ੍ਰ ਲਾਲ ਸਿੰਘ ਸੁਲਹਾਣੀ ਦੀ ਪ੍ਰਧਾਨਗੀ ਹੇਠ ਇਥੇ ਸ਼ਹੀਦੀ ਸਮਾਰਕ, ਜਲਾਲੇਆਣਾ ਰੋਡ, ਕੋਟਕਪੂਰਾ ਵਿਖੇ ਹੋਈ। ਮੀਟਿੰਗ ਵਿੱਚ ਸ੍ਰੀ ਰਣਧੀਰ ਸਿੰਘ ਬੈਨੀਵਾਲ ਇੰਚਾਰਜ ਪੰਜਾਬ ਅਤੇ ਚੰਡੀਗੜ੍ਹ ਮੁੱਖ ਮਹਿਮਾਨ ਅਤੇ ਡਾਕਟਰ ਨਛੱਤਰ ਪਾਲ ਸੂਬਾ ਜਰਨਲ ਸਕੱਤਰ ਬਹੁਜਨ ਸਮਾਜ ਪਾਰਟੀ ਵਿਸ਼ੇਸ਼ ਵਜੋਂ ਸ਼ਾਮਲ ਹੋਏ।

ਸ੍ਰੀ ਬੈਨੀਵਾਲ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਹੁਕਮਾਂ ਅਨੁਸਾਰ ਪੰਜਾਬ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਪੰਜਾਬ ਦੀ ਲੀਡਰਸ਼ਿਪ ਸਰਗਰਮੀ ਨਾਲ ਕੰਮ ਕਰ ਰਹੀ ਹੈ ਅਤੇ ਸਮੇਂ ਸਮੇਂ ਭੈਣ ਕੁਮਾਰੀ ਮਾਇਆਵਤੀ ਜੀ ਪੰਜਾਬ ਸਬੰਧੀ ਰਿਪੋਰਟ ਪ੍ਰਾਪਤ ਕਰ ਕੇ ਵਿਚਾਰ ਵਟਾਂਦਰਾ ਕਰਦੇ ਰਹਿੰਦੇ ਹਨ। ਉਹਨਾਂ ਦੱਸਿਆ ਕਿ ਭੈਣ ਜੀ ਚਾਹੁੰਦੇ ਹਨ ਕਿ ਪੰਜਾਬ ਦੇ ਜੰਮਪਲ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਪੰਜਾਬ ਚੋਂ ਉਠ ਕੇ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉਤੱਰ ਪ੍ਰਦੇਸ਼ ਵਿਚ ਸਰਕਾਰ ਬਣਾਉਣ ਦਾ ਕੰਮ ਕੀਤਾ ਪਰ ਪੰਜਾਬ ਵਿਚ ਉਹਨਾਂ ਦਾ ਸੁਪਨਾ ਅਜੇ ਵੀ ਅਧੂਰਾ ਹੈ।

ਉਹਨਾਂ ਕਿਹਾ ਕਿ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਇਸ ਇਸ ਕਦਰ ਸਰਗਰਮ ਹੋ ਕੇ 2022 ਵਿੱਚ ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਬਣਾ ਕੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਸੁਪਨਾ ਪੂਰਾ ਕੀਤਾ ਜਾਵੇਗਾ। ਡਾਕਟਰ ਨਛੱਤਰ ਪਾਲ ਸੂਬਾ ਜਰਨਲ ਸਕੱਤਰ ਨੇ ਕਿਸਾਨਾਂ ਵਲੋਂ ਵਿੱਢੇ ਅੰਦੋਲਨ ਦੀ ਹਮਾਇਤ ਕਰਦਿਆਂ ਦਸਿਆ ਬਸਪਾ ਕਿਸਾਨ ਵਿਰੋਧੀ ਕਾਨੂੰਨਾਂ ਦਾ ਪੁਰਜੋਸ਼ ਵਿਰੋਧ ਕਰਦੀ ਹੈ ਤੇ ਕਾਲੇ ਕਾਨੂੰਨ ਵਾਪਸ ਕਰਵਾਉਣ ਲਗਈ ਲਗਾਤਾਰ ਸੜਕਾਂ ਤੇ ਸੰਘਰਸ਼ ਕਰ ਰਹੀ ਹੈ।

ਸਰਦਾਰ ਲਾਲ ਸਿੰਘ ਸੁਲਹਾਣੀ ਨੇ ਕੈਪਟਨ ਸਰਕਾਰ ਦੇ ਪੋਸਟ ਮੈਟ੍ਰਿਕ ਸ਼ਕਾਲਰਸ਼ਿਪ ਘਪਲੇ ਦੀ ਪੁਰਜ਼ੋਰ ਨਿੰਦਾ ਕਰਦਿਆਂ ਕਿਹਾ ਕਿ ਘਪਲ਼ੇਬਾਜ ਮੰਤਰੀ ਸਾਧੂ ਸਿੰਘ ਧਰਮਸੌਤ ਨੂੰ ਤੁਰੰਤ ਬਰਖਾਸਤ ਕੀਤਾ ਜਾਵੇ ਸ਼ਕਾਲਰਸ਼ਿਪ ਸਕੀਮ ਪਹਿਲਾਂ ਵਾਂਗ ਲਾਗੂ ਕੀਤੀ ਜਾਵੇ।

ਇਸ ਮੌਕੇ ਸੂਬਾ ਜਨਰਲ ਸਕੱਤਰ ਸ੍ਰ: ਲਾਲ ਸਿੰਘ ਸੁਲਹਾਣੀ ਨੇ ਕਿਹਾ ਕਿ ਪਾਰਟੀ ਨੂੰ ਮਜ਼ਬੂਤ ਕਰਨ ਲਈ ਆਰਥਿਕ ਸਹਿਯੋਗ ਫੰਡ' ਦੀ ਸਖ਼ਤ ਲੋੜ ਹੈ ਤਾਂ ਕਿ ਦੁਸ਼ਮਣ ਦੇ ਸਾਮ,ਦਾਮ,ਦੰਡ,ਭੇਦ ਦੀ ਨੀਤੀ ਦਾ ਮੁਕਾਬਲਾ ਕਰਕੇ ਅੱਗੇ ਵਧਿਆ ਜਾਵੇ। ਇਸ ਮੌਕੇ ਉਨ੍ਹਾਂ ਨੇ ਜ਼ਿਲ੍ਹਾ ਫਰੀਦਕੋਟ ਮੋਗਾ ਤੇ ਸ੍ਰੀ ਮੁਕਤਸਰ ਸਾਹਿਬ ਦੇ ਵਰਕਰਾਂ ਵੱਲੋਂ ਇਕੱਤਰ ਕੀਤੀ ਸਹਿਯੋਗ ਰਾਸ਼ੀ 2 ਲੱਖ 31 ਹਜਾਰ ਰੁਪਏ ਦੀ ਥੈਲੀ ਬੈਨੀਵਾਲ ਸਾਹਿਬ ਨੂੰ ਭੇਂਟ ਕੀਤੀ।


ਇਸ ਮੌਕੇ ਸੂਬਾ ਸਕੱਤਰ ਸ੍ਰੀ ਸੰਤ ਰਾਮ ਮੱਲੀ, ਸ੍ਰੀ ਸੁਖਦੇਵ ਸਿੰਘ ਸ਼ੀਰਾ ਸਕੱਤਰ ਬਸਪਾ ਪੰਜਾਬ, ਮੁੱਖ ਲੋਕ ਸਭਾ ਜੋਨ ਇੰਚਾਰਜ ਸ੍ਰੀ ਅਵਤਾਰ ਕ੍ਰਿਸ਼ਨ ਐਡਵੋਕੇਟ, ਜੋਨ ਇੰਚਾਰਜ ਕੇਵਲ ਸਿੰਘ ਸੈਦੋਕੇ ਅਤੇ ਜੋਨ ਇੰਚਾਰਜ ਸ੍ਰੀ ਜਗਦੀਸ਼ ਪ੍ਰਸ਼ਾਦ ਐਡਵੋਕੇਟ ਨੇ ਬੈਨੀਪਾਲ ਸਾਹਿਬ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਸੱਭ ਦੇ ਸਹਿਯੋਗ ਨਾਲ ਹੋਰ ਰਾਸ਼ੀ ਵੀ ਬਹੁਤ ਜਲਦੀ ਇਕੱਤਰ ਕੀਤੀ ਜਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਫਰੀਦਕੋਟ ਕੁਲਦੀਪ ਸਿੰਘ ਵੀਰੇ ਵਾਲਾ ਐਡਵੋਕੇਟ, ਜ਼ਿਲ੍ਹਾ ਪ੍ਰਧਾਨ ਮੋਗਾ ਹਰਦੇਵ ਸਿੰਘ ਤਖਾਣਵੱਧ, ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਮੰਦਰ ਸਿੰਘ ਸਰਾਏਨਾਗਾ, ਬਲਵਿੰਦਰ ਸਿੰਘ ਮੱਲਵਾਲ ਪਰਧਾਨ ਬਸਪਾ ਫਿਰੋਜ਼ਪੁਰ, ਬੀਬੀ ਸੁਨੀਤਾ ਰਾਣੀ ਇੰਚਾਰਜ ਮਹਿਲਾ ਸੰਗਠਨ ਜ਼ਿਲ੍ਹਾ ਮੋਗਾ, ਬੀਬੀ ਰਾਣੀ ਕੌਰ ਇੰਚਾਰਜ ਮਹਿਲਾ ਸੰਗਠਨ ਸ੍ਰੀ ਮੁਕਤਸਰ ਸਾਹਿਬ, ਬੀਬੀ ਪਰਮਜੀਤ ਕੌਰ ਲੰਬੀ, ਬੀਬੀ ਚਰਨਜੀਤ ਕੌਰ ਸਕੱਤਰ ਬਸਪਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਬੀਬੀ ਸੀਮਾ ਰਾਣੀ, ਬੋਹੜ ਸਿੰਘ ਥਰਾਜਵਾਲਾ, ਸੁਖਦੇਵ ਸਿੰਘ ਲੱਖੇਵਾਲੀ, ਨਿਰਭੈ ਸਿੰਘ, ਸ਼ਿੰਦਰਪਾਲ ਸਿੰਘ ਹਰੀ ਨੌ ਖਜਾਨਚੀ , ਗੁਰਬਖਸ਼ ਸਿੰਘ ਚੌਹਾਨ, ਕਿੱਕਰ ਸਿੰਘ ਧਾਲੀਵਾਲ, ਗੁਰਪ੍ਰੀਤ ਸਿੰਘ ਗੋਪੀ ਜਰਨਲ ਸਕੱਤਰ ਮੋਗਾ, ਬਿੱਕਰ ਸਿੰਘ ਵੱਧਣੀ ਕਲਾਂ, ਪਰਮਜੀਤ ਸਿੰਘ ਧੀਰਾ, ਕਰਨੈਲ ਸਿੰਘ ਕਾਲੇਕੇ, ਜੈਲਾ ਰਾਮ ਮਲੋਟ , ਤਰਸੇਮ ਸਿੰਘ ਮਲੋਟ, ਜਗਦੇਵ ਅਲਾਰਮ ਆਦਿ ਆਗੂ ਹਾਜ਼ਰ ਸਨ।

# ਸੰਵਿਧਾਨ ਚੌਂਕ ਅਤੇ ਸੰਤ ਰਾਮਾਨੰਦ ਜੀ ਦੇ ਨਾਂ ਤੇ ਮਾਰਗ ਦਾ ਨਾਂ ਰੱਖਣ ਤੇ ਸਾਰਿਆਂ ਦਾ ਧੰਨਵਾਦ- ਪਾਰਸ਼ਦ ਜਗਦੀਸ਼ ਸਮਰਾਏ

**ਜਲੰਧਰ–** ਨਗਰ ਨਿਗਮ ਦੇ ਹਾਊਸ ਦੀ ਮੀਟਿੰਗ ਵਿਚ 2 ਅਹਿਮ ਫੈਸਲੇ ਹੋਏ, ਜਿਵੇਂ ਕਿ ਅੰਬੇਡਕਰਾਈਟ ਲੀਗਲ ਫੋਰਸ ਦੇ ਬੇਨਤੀ ਕਰਨ ਤੋਂ ਬਅਦ ਮੇਅਰ ਅਤੇ ਕਮਿਸ਼ਨਰ ਦੀ ਮਨਜ਼ੂਰੀ ਨਾਲ ਇਸਨੂੰ ਨਗਰ ਨਿਗਮ ਦੇ ਹਾਊਸ ਦੇ ਏਜੰਡੇ ਵਿਚ ਪਾਇਆ ਗਿਆ ਕਿਉਂਕਿ ਭਾਰਤ ਦੇ ਨਾਗਰਿਕਾਂ ਦੇ ਦਿਲ ਵਿਚ ਸੰਵਿਧਾਨ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ ਹੋਰ ਵੀ ਗਹਿਰਾ ਅਤੇ ਜ਼ਿਆਦਾ ਹੋਣਾ ਚਾਹੀਦਾ ਹੈ।






ਜ਼ਿਲ੍ਹਾ ਜਲੰਧਰ ਵਿਚ ਪਹਿਲਾਂ ਕੋਈ ਸੰਵਿਧਾਨ ਚੌਂਕ ਨਹੀਂ ਬਣਿਆ ਹੈ ਅਤੇ ਇਸ ਏਰੀਆ ਵਿਚ ਪੁਲਿਸ ਪ੍ਰਸ਼ਾਸਨ, ਜ਼ਿਲ੍ਹਾ ਪ੍ਰਸ਼ਾਸਨ, ਜ਼ਿਲ੍ਹਾ ਸੈਸ਼ਨ ਅਦਾਲਤਾਂ ਅਤੇ ਸ਼ਹਿਰ ਦਾ ਮੁੱਖ ਮਾਰਗ ਹੋਣ ਦੇ ਨਾਲ-ਨਾਲ ਇਸ ਜਗ੍ਹਾ ਤੋਂ ਲੱਖਾਂ ਲੋਕ ਲੰਘਦੇ ਹਨ ਅਤੇ ਇਸ ਚੌਂਕ ਤੋਂ ਕਿਸੇ ਨੂੰ ਕੋਈ ਸ਼ਿਕਾਇਤ ਵੀ ਨਹੀਂ ਹੈ, ਕਿਉਂਕਿ ਪਹਿਲਾਂ ਇਸ ਚੌਂਕ ਦਾ ਨਾਂ (ਬ੍ਰਿਟਿਸ਼ ਮੋਟਰ ਕਾਰ ਕੰਪਨੀ) ਦੇ ਨਾਂ ਸੀ, ਜੋ ਅੱਜ ਕੰਪਨੀ ਬੰਦ ਹੋ ਚੁੱਕੀ ਹੈ ਅਤੇ ਦੂਜਾ ਰਾਮਾ ਮੰਡੀ ਚੌਂਕ ਅਤੇ ਮਾਰਗ ਦਾ ਨਾਂ ਵਿਆਨਾ ਵਿਚ ਅੱਤਵਾਦੀ ਹਮਲੇ ਵਿਚ ਸ਼ਹੀਦ ਹੋਏ ਸੰਤ ਰਾਮਾਨੰਦ ਜੀ ਦੇ ਨਾਂ ਤੇ ਰੱਖਣ ਦੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਗਈ।

# ਸੰਤ ਹਰੀ ਦਾਸ ਉਦਾਸੀਨ ਆਸ਼ਰਮ ਨੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਕਰਵਾਏ ਆਨੰਦ ਕਾਰਜ

## ਸਮਾਜ ਸੇਵੀ ਕਾਰਜਾਂ ਨੂੰ ਪਹਿਲ ਦੇ ਅਧਾਰ ਤੇ ਕਰਨਾ ਮਹਾਪੁਰਸ਼ਾਂ ਦਾ ਕਰਮ - ਸੰਤ ਸੁਰਿੰਦਰ ਦਾਸ ਕਠਾਰ



**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ) –** ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਜੀ ਦੇ ਆਸ਼ੀਰਵਾਦ ਨਾਲ ਪ੍ਰਬੰਧਕ ਕਮੇਟੀ ਸਮੂਹਿਕ ਸ਼ਾਦੀ ਸਮਾਰੋਹ ਸੰਤ ਹਰੀ ਦਾਸ ਜੀ ਉਦਾਸੀਨ ਆਸ਼ਰਮ ਪਿੰਡ ਕੂਪਰ ਢੇਪੁਰ ਅੱਡਾ ਕਠਾਰ ਵਲੋਂ ਸੰਤ ਸੁਰਿੰਦਰ ਦਾਸ ਜੀ ਕਠਾਰ ਅਤੇ ਸੰਤ ਗੁਰਬਚਨ ਦਾਸ ਜੀ ਚੱਕਲਾਦੀਆਂ ਵਾਲਿਆਂ ਦੀ ਦੇਖ ਰੇਖ ਹੇਠ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਸ਼ਾਦੀ ਸਮਾਰੋਹ ਦੌਰਾਨ ਪਿੰਡ ਡਾਡਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਸੰਤ ਸਖੀ ਨਾਥ ਦਰਬਾਰ ਵਿਖੇ ਪੂਰਨ ਗੁਰ ਮਰਿਆਦਾ ਅਨੁਸਾਰ ਆਨੰਦ ਕਾਰਜ ਕਰਵਾਏ ਗਏ। ਸਮਾਗਮ ਦੇ ਮੁੱਖ ਪ੍ਰਬੰਧਕ ਸੰਤ ਸੁਰਿੰਦਰ ਦਾਸ ਜੀ ਨੇ ਦੱਸਿਆ ਇਸ ਮੌਕੇ 9 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਆਨੰਦ ਕਾਰਜ ਵੱਖ-ਵੱਖ ਸੰਤ ਮਹਾਪੁਰਸ਼ਾਂ ਦੇ ਆਸ਼ੀਰਵਾਦ ਨਾਲ ਕਰਵਾ ਕੇ ਸਮੂਹ ਪ੍ਰਬੰਧਕਾਂ ਨੇ ਸਮਾਜ ਸੇਵਾ ਵਿਚ ਆਪਣਾ ਬਣਦਾ ਵੱਡਾ ਯੋਗਦਾਨ ਪਾਇਆ ਹੈ। ਇਸ ਸਮਾਰੋਹ ਮੌਕੇ ਐਸ ਐਸ ਪੀ, ਪੀ ਪੀ ਏ ਸ. ਕੁਲਵੰਤ ਸਿੰਘ ਹੀਰ, ਐਸ ਐਸ ਪੀ ਨਵਜੋਤ ਸਿੰਘ ਮਾਹਲ ਹੁਸ਼ਿਆਰਪੁਰ, ਕੈਬਨਿਟ ਮੰਤਰੀ ਸ਼ਾਮ ਸੁੰਦਰ ਅਰੋੜਾ ਹੁਸ਼ਿਆਰਪੁਰ, ਵਿਧਾਇਕ ਪਵਨ ਕੁਮਾਰ ਟੀਨੂੰ ਆਦਮਪੁਰ, ਸਾਬਕਾ ਸੰਸਦੀ ਸਕੱਤਰ ਦੇਸ ਰਾਜ ਸਿੰਘ ਧੁੱਗਾ, ਸਾਬਕਾ ਮੰਤਰੀ ਮਹਿੰਦਰ ਸਿੰਘ ਕੇ ਪੀ, ਸਾਬਕਾ ਮੰਤਰੀ ਸ਼ਮਸ਼ੇਰ ਸਿੰਘ ਦੂੱਲੋ, ਸ਼ੈਸ਼ਨ ਜੱਜ ਕਿਸ਼ੋਰ ਕੁਮਾਰ, ਤਹਿਸੀਲਦਾਰ ਮਨੋਹਰ ਲਾਲ, ਤਹਿਸੀਲਦਾਰ ਵਿਜੇ ਕੁਮਾਰ, ਡਾ. ਰਵੀ ਆਦਮਪੁਰ, ਡਾ. ਜਗਦੀਸ਼ ਚੰਦਰ, ਪ੍ਰੋ. ਲਾਲ ਬਹਾਦਰ, ਈ ਓ ਰਾਮ ਜੀ ਭੋਗਪੁਰ, ਸਰਪੰਚ ਦੀਪ ਕੌਰ, ਕਮਲੇਸ਼ ਰਾਣੀ, ਨੀਰੂ ਨੰਦਾ, ਧੀਰ ਸਾਹਬ ਦਿੱਲੀ, ਡਾ. ਮੀਨਾਕਸ਼ੀ, ਮਹਿੰਦਰ ਸੰਧੂ, ਸਤਪਾਲ ਸਾਹਲੋਂ ਤੋਂ ਇਲਾਵਾ ਕਈ ਹੋਰ ਇਲਾਕੇ ਦੇ ਪਤਵੰਤੇ ਹਾਜ਼ਰ ਸਨ। ਇਸ ਮੌਕੇ ਪੁੱਜੇ ਸੰਤ ਮਹਾਪੁਰਸ਼ਾਂ ਵਿਚ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸੰਤ ਨਿਰੰਜਣ ਦਾਸ ਜੀ, ਬੀਬੀ ਭਜਨੋ ਜੀ, ਬੀਬੀ ਸ਼ਰੀਫਾਂ ਜੀ ਉਦੇਸੀਆਂ, ਸੁਆਮੀ ਰਾਮੇਸ਼ਵਰਾ ਨੰਦ ਤਪੋਵਣ ਕੁਟੀਆ ਰਣੀਆਂ, ਸੰਤ ਜਸਪਾਲ ਸਿੰਘ ਓਡਰਾ, ਸੰਤ ਬਾਬਾ ਰਾਮ ਮੂਰਤੀ ਨਾਰਾ, ਸੰਤ ਪ੍ਰਦੀਪ ਦਾਸ, ਬਾਬਾ ਪ੍ਰਿਥੀ ਸਿੰਘ ਬਾਲੀ, ਬਾਬਾ ਨਿਰਮਲ ਸਿੰਘ ਢੈਹਾ, ਸੰਤ ਦੇਸ ਰਾਜ ਦਰਾਵਾਂ, ਸੰਤ ਲੇਖ ਰਾਜ ਨੂਰਪੁਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਹੋਰਨਾਂ ਤੋਂ ਇਲਾਵਾ ਡੇਰਾ ਬੱਲਾਂ ਦੇ ਟਰੱਸਟੀ ਸਤਪਾਲ ਵਿਰਦੀ, ਨਿਰੰਜਣ ਚੀਮਾ ਅਤੇ ਸ਼ਤੀਸ਼ ਕੁਮਾਰ ਸ਼ਾਮਚੁਰਾਸੀ, ਸ਼੍ਰੀ ਜੋਗਿੰਦਰ ਪਾਲ, ਡੀ ਸੀ ਭਾਟੀਆ, ਮਾ. ਮਹਿਮੀ, ਡਾ. ਰਜਿੰਦਰ ਪਾਲ, ਜਸਵਿੰਦਰ ਸਿੰਘ, ਸ. ਹਰਜਿੰਦਰ ਸਿੰਘ, ਸੰਸਾਰ ਚੰਦ ਪ੍ਰਧਾਨ ਬਿਆਸ ਪਿੰਡ, ਗਿਆਨੀ ਪਰਮਜੀਤ ਸਿੰਘ ਮਾਣਕਰਾਈ, ਗਿਆਨੀ ਹਰਪਾਲ ਸਿੰਘ ਵਿਰਦੀ, ਸ਼੍ਰੀ ਸਤਪਾਲ ਸਿੰਘ, ਐਕਸੀਅਨ ਸਤਨਾਮ ਸਿੰਘ, ਰੌਸ਼ਨ ਲਾਲ ਸੋਂਧੀ, ਕਸ਼ਮੀਰੀ ਲਾਲ ਡਾਡਾ ਸਮੇਤ ਵੱਡੀ ਗਿਣਤੀ ਵਿਚ ਪ੍ਰਬੰਧਕ ਅਤੇ ਸੇਵਾਦਾਰ ਹਾਜ਼ਰ ਸਨ। ਸਟੇਜ ਦੀ ਸੇਵਾ ਕੁਲਦੀਪ ਚੁੰਬਰ, ਆਸ਼ੂ ਚੋਪੜਾ, ਰਿੱਕੀ ਚੋਪੜਾ ਸ਼ਾਮ-ਚੁਰਾਸੀ ਨੇ ਸਾਂਝੇ ਤੌਰ ਤੇ ਨਿਭਾਈ। ਆਈ ਸੰਗਤ ਨੂੰ ਪ੍ਰੀਤੀ ਭੋਜਨ ਕਰਵਾਇਆ ਗਿਆ।



# ਡਾ. ਸਾਹਿਬ ਗਿਆਨ ਅਤੇ ਸਿੱਖਿਆਂ ਦੇ ਅਜਿਹੇ ਪ੍ਰਚੰਡ ਸੂਰਜ ਸਨ ਜਿੰਨਾ ਦਾ ਪਰਕਾਸ਼ ਸਦੀਆਂ ਤਕ ਗਿਆਨ ਨੂੰ ਜਾਣਨ ਦੀ ਇੱਛਾ ਰੱਖਣ ਵਾਲਿਆਂ ਲਈ ਪਰਕਾਸ਼ ਦਿੰਦਾ ਰਹੇਗਾ- ਬਲਵਿੰਦਰ ਸਿੰਘ ਧਾਲੀਵਾਲ

**ਫਗਵਾੜਾ (ਬੀ.ਕੇ.ਰੱਤੂ)–** ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ (ਰਿਟਾਇਡ ਆਈਏਐਸ) ਨੇ ਅੱਜ ਸੰਵਿਧਾਨ ਨਿਰਮਾਤਾ ਭਾਰਤ ਰਤਨ ਡਾ.ਬੀ. ਆਰ. ਅੰਬੇਡਕਰ ਜੀ ਦੇ ਪ੍ਰੀ ਨਿਰਵਾਣ ਦਿਵਸ ਮੌਕੇ ਯਾਦ ਕਰਦੇ ਕਿਹਾ ਕਿ ਡਾ. ਸਾਹਿਬ ਗਿਆਨ ਅਤੇ ਸਿੱਖਿਆਂ ਦੇ ਅਜਿਹੇ ਪ੍ਰਚੰਡ ਸੂਰਜ ਸਨ ਜਿੰਨਾ ਦਾ ਪਰਕਾਸ਼ ਸਦੀਆਂ ਤਕ ਗਿਆਨ ਨੂੰ ਜਾਣਨ ਦੀ ਇੱਛਾ ਰੱਖਣ ਵਾਲਿਆਂ ਲਈ ਪਰਕਾਸ਼ ਦਿੰਦਾ ਰਹੇਂਗਾ ਧਾਲੀਵਾਲ ਨੇ ਅੱਜ ਹਰਗੋਬਿੰਦ ਨਗਰ ਵਿਚ ਉਨਾਂ ਦੇ ਬੁੱਤ ਤੇ ਫੁੱਲ ਮਾਲਾਵਾਂ ਚੜਾ ਕੇ ਉਨਾਂ ਦੇ ਯੋਗਦਾਨ ਲਈ ਯਾਦ ਕੀਤਾ ਅਤੇ ਨਮਨ ਕੀਤਾ ਉਨਾਂ ਕਿਹਾ ਕਿ ਡਾ.ਸਾਹਿਬ ਨੇ ਦੇਸ਼ ਨੂੰ ਸੰਵਿਧਾਨ ਦਿੱਤਾ ਜਿਸ ਦੀ ਬਦੌਲਤ ਹੀ ਵਿਸ਼ਵ ਦੀ ਸਭ ਤੋਂ ਵੱਡਾ ਡੈਮੋਕ੍ਰੇਟਿਕ ਦੇਸ਼ ਅੱਜ ਵਿਕਾਸ ਦੀ ਲੀਹਾਂ ਤੇ ਚੱਲ ਰਿਹਾ ਹੈ ਡਾ.ਸਾਹਿਬ ਦੇ ਯਤਨਾਂ ਸਦਕਾ ਸਮਾਜਿਕ ਕਰਾਂਤੀ ਆਈ ਜਿਸਤੋਂ ਬਾਅਦ ਦਲਿਤਾਂ,ਦੱਬੇ ਕੁਚਲੇ ਅਤੇ ਪ੍ਰਤਾੜੀਤ ਲੋਕਾਂ ਦੀ ਸੁਣੀ ਜਾਣ ਲੱਗੀ ਅਤੇ ਤਰੱਕੀ ਦੇ ਰਸਤੇ ਖੁਲੇ ਉਨਾਂ ਨੇ ਸ਼ੋਸ਼ਿਤ ਸਮਾਜ ਨੂੰ ਉੱਠੋ,ਪੜੋਂ,ਸੰਗਠਿਤ ਹੋਵੋ ਅਤੇ ਸੰਘਰਸ਼ ਕਰੋਂ ਦਾ ਨਾਅਰਾ ਦਿੱਤਾ ਜੋ ਅੱਜ ਵੀ ਸਮਾਜ ਲਈ ਉਨਾਂ ਹੀ ਕਾਰਗਰ ਹੈ ਇਸ ਮੌਕੇ ਬਲਾਕ ਕਾਂਗਰਸ ਦੇ ਪ੍ਰਧਾਨ ਸੰਜੀਵ ਬੁੱਗਾ,ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ, ਵਿਧਾਇਕ ਦੇ ਮੀਡੀਆ ਐਡਵਾਈਜ਼ਰ ਗੁਰਜੀਤ ਪਾਲ ਵਾਲੀਆ, ਕੁਲਦੀਪ ਸਿੰਘ, ਅਮਰਜੀਤ ਸਿੰਘ, ਬੰਟੀ ਵਾਲੀਆ, ਵਿਜੈ ਬਸੰਤ ਨਗਰ, ਅਵਿਨਾਸ਼ ਗੁਪਤਾ, ਸੁਖਪਾਲ ਬਿਨਿੰਗ, ਸੋਨੂੰ ਪਸਰੀਚਾ, ਅਰਜਨ ਸੁਧੀਰ, ਬੌਬੀ ਵੋਹਰਾ, ਹਰਪ੍ਰੀਤ ਭੋਗਲ ਆਦਿ ਮੌਜੂਦ ਸਨ, ਜਿਨਾ ਨੇ ਬਾਬਾ ਸਾਹਿਬ ਦੇ ਬੁੱਤ ਤੇ ਫੁੱਲ ਚੜਾ ਕੇ ਨਮਨ ਕੀਤਾ।



# ਅਮਰਜੀਤ ਲੁਬਾਣਾ ਦੀ ਪੁਸਤਕ 'ਮਿਲਾ ਨਹੀ ਤੁੱਮ ਸਾ 'ਲੋਕ ਅਰਪਣ ਕੀਤੀ

**ਰਾਜਪੁਰਾ (ਬਿਊਰੋ)–** ਲੋਕ ਸਾਹਿਤ ਸੰਗਮ ਦੀ ਸਾਹਿਤਕ ਇਕੱਤਰਤਾ ਰੋਟਰੀ ਭਵਨ ਦੇ ਹਾਲ ਵਿਚ ਡਾ ਗੁਰਵਿੰਦਰ ਅਮਨ ਦੀ ਪ੍ਰਧਾਨਗੀ ਵਿਚ ਹੋਈ। ਜਿਸ ਵਿਚ ਵਿਸ਼ੇਸ਼ ਮਹਿਮਾਨ ਰੋਟਰੀ ਕਲੱਬ ਦੇ ਅਗਾਮੀ ਪ੍ਰਧਾਨ ਜੋਗਿੰਦਰ ਬਾਂਸਲ ਸਨ। ਮੌਕੇ ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਕਿਹਾ ਕਿ ਸਾਹਿਤ ਰਚਨਾ ਜਿੰਦਗੀ ਦੀ ਸਾਧਨਾ ਹੈ। ਸਾਹਿਤਕਾਰ ਸਮਾਜਿਕ ਵਰਤਾਰਾ ਆਪਣੀ ਸੂਖ਼ਮ ਦ੍ਰਿਸ਼ਟੀ ਨਾਲ ਦੇਖਕੇ ਆਪਣੀ ਕਲਾਕ੍ਰਿਤੀ ਰਾਹੀਂ ਚਿੱਤਰ ਦਿੰਦਾ ਹੈ। ਇਹੋ ਕੰਮ ਅਮਰਜੀਤ ਸਿੰਘ ਲੁਬਾਣਾ ਨੇ ਕੀਤਾ ਹੈ।ਉਨ੍ਹਾਂ ਸ੍ਰ ਲੁਬਾਣਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਕਿਤਾਬ ਉਨ੍ਹਾਂ ਦੀ ਸਾਹਿਤ ਸਾਧਨਾ ਦਾ ਹੀ ਸਿੱਟਾ ਹੈ। ਇਸ ਉਪਰੰਤ ਸਭਾ ਦਾ ਆਗਾਜ਼ ਕੁਲਵੰਤ ਜੱਸਲ ਨੇ ਤੂੰਬੀ ਦੀ ਟੁਣਕਾਰ ਨਾਲ ਰਾਂਝੇ ਨੇ ਧਾਹ ਮਾਰੀ ਨਾਲ ਕੀਤਾ। ਗੁਰਵਿੰਦਰ ਆਜ਼ਾਦ ਦੀ ਕਵਿਤਾ 'ਕਦੇ ਚੰਦ ਵੱਲ ਤੱਕਾਂ ਕਦੇ ਤਾਰਿਆਂ ਦੇ ਵੱਲ 'ਸੁਣਾਕੇ ਚੰਗਾ ਰੰਗ ਬੰਨਿਆ। ਸੁਰਿੰਦਰ ਸੋਹਣਾ ਨੇ ਅਜੋਕੇ ਪਾਖੰਡੀ ਸਾਧਾਂ ਤੇ ਨਿਸ਼ਾਨਾ ਸਾਧਿਆ ਅਤੇ 'ਫੇਰ ਹਾਸੇਗੀ ਦੁਨੀਆ ਸੱਜਣੋ ਫੇਰ ਉਹੀ ਦਿਨ ਆਵਣਗੇ ' ਆਸ਼ਵਾਦੀ ਸੁਨੇਹਾ ਦਿਤਾ । ਪ੍ਰੋ ਸ਼ਤਰੁਘਨ ਗੁਪਤਾ ਨੇ 'ਬਚਪਨ ਤੇਰੀ ਯਾਦ ਬਹੁਤ ਆਉਂਦੀ ਐ ' ਸੁਣਾਕੇ ਸਬ ਦਾ ਮਨ ਮੋਹ ਲਿਆ। ਸੁਨੀਤਾ ਦੇਸ਼ਰਾਜ ਦੀ ਕਵਿਤਾ 'ਲਾਰਾ' ਸੁਣਾਈ। ਤਾਰਾ ਸਿੰਘ ਮਾਠਿਅੜਾ ਨੇ ਬੁਲੰਦ ਆਵਾਜ਼ ਵਿਚ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਵਾਰ ਸੁਣਾਈ। ਬਚਨ ਸਿੰਘ ਬਚਨ ਸੋਢੀ ਦੀ ਤਰੰਨੁਮ ਚ ਗ਼ਜ਼ਲ ਕਾਬਲੇ ਤਾਰੀਫ ਸੀ। ਨਾਵਲਿਸਟ ਕੁਲਵੰਤ ਸ਼ਰਮਾ ਦਾ ਗੀਤ ਵਧੀਆ ਸੀ। ਲੋਕ ਕਵੀ ਕਰਮ ਸਿੰਘ ਹਕੀਰ ਨੇ 'ਹਿੰਮਤ ਨਾ ਹਾਰੀ ਦਿਨ ਤੱਤੇ ਲੰਘ ਜਾਵਣਗੇ ਸੁਣਾਕੇ ਸ੍ਰੋਤਿਆਂ ਨੂੰ ਕੀਲਿਆ। ਅੰਗਰੇਜ ਕਲੇਰ ਨੇ ਜਿਥੇ ਸਭਾ ਦੀ ਕਾਰਵਾਈ ਚਲਾਈ ਉੱਥੇ ਆਪਣੀ ਕਵਿਤਾ 'ਖਾਨਾਬਦੋਸ਼ ਹੂੰ ਮੈ ' ਆਪਣੀ ਪ੍ਰਪੱਕਤਾ ਦਾ ਸਬੂਤ ਦਿੱਤਾ। ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਆਪਣੀ ਮਿੰਨੀ ਕਹਾਣੀ 'ਸਹਿਮ 'ਤੇ ਹੈ ਤੌਂ ਸੀ ' ਸੁਣਾਕੇ ਅਜੋਕੇ ਸਮਾਜ ਤੇ ਕਟਾਕਸ਼ ਕੀਤਾ। ਮੁੱਖ ਮਹਿਮਾਨ ਜੋਗਿੰਦਰ ਬਾਂਸਲ ਨੇ ਸਾਰੇ ਸਾਹਿਤਕਾਰਾਂ ਦਾ ਜਿੱਥੇ ਧੰਨਵਾਦ ਕੀਤਾ ਉੱਥੇ ਸਭਨੂੰ ਵਧਾਈ ਵੀ ਦਿਤੀ।



# ਜਾਰਜੀਆ ਦੇ ਗਵਰਨਰ ਨੇ ਟਰੰਪ ਦੀ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਦੀ ਬੇਨਤੀ ਕੀਤੀ ਰੱਦ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਡੋਨਾਲਡ ਟਰੰਪ ਵਾਰ ਵਾਰ ਨਤੀਜ਼ਾ ਬਦਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਵਾਰ ਵਾਰ ਆਪਣੀ ਕੋਸ਼ਿਸ਼ ਵਿਚ ਫੇਲ ਹੋ ਰਹੇ ਹਨ। ਉਹ ਇਕ ਵਾਰ ਫਿਰ ਜਾਰਜੀਆ ਦੇ ਰਿਪਬਲੀਕਨ ਗਵਰਨਰ ਤੇ ਵਿਧਾਨ ਸਭਾ ਉਪਰ ਦਬਾਅ ਬਣਾ ਕੇ ਚੋਣ ਨਤੀਜ਼ਾ ਉਲਟਾਉਣ ਦੀ ਕੋਸ਼ਿਸ਼ ਵਿਚ ਹਨ। ਗਵਰਨਰ ਬਰੀਅਨ ਕੈਂਪ ਨੇ ਟਰੰਪ ਦੀ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਦੀ ਬੇਨਤੀ ਰੱਦ ਕਰ ਦਿੱਤੀ।

ਟਰੰਪ ਚਾਹੁੰਦੇ ਸਨ ਕਿ ਵਿਧਾਨ ਸਭਾ ਵਿਚ ਉਸ ਦੇ ਸਮਰਥਨ ਵਿਚ ਮਤਾ ਪਾਸ ਕੀਤਾ ਜਾਵੇ ਤਾਂ ਜੋ ਜੋਅ ਬਾਇਡੇਨ ਦੀ ਜਿੱਤ ਨੂੰ ਨਕਾਰਿਆ ਜਾ ਸਕੇ। ਟਰੰਪ ਨੇ ਵਲ-ਡੋਸਤਾ, ਜਾਰਜੀਆ ਲਈ ਰਵਾਨਾ ਹੋਣ ਤੋਂ ਪਹਿਲਾਂ ਗਵਰਨਰ ਕੈਂਪ ਨੂੰ ਫੋਨ ਕਰਕੇ ਵਿਧਾਨ ਸਭਾ ਦਾ ਇਜਲਾਸ ਸੱਦਣ ਲਈ ਕਿਹਾ ਜਿਸ ਨੂੰ ਗਵਰਨਰ ਨੇ ਸਿਰੇ ਤੋਂ ਖਾਰਜ ਕਰ ਦਿੱਤਾ। ਗਵਰਨਰ ਨੇ ਇਕ ਟਵੀਟ ਵਿਚ ਕਿਹਾ ' ਉਹ ਟਰੰਪ ਦੀ 'ਸਿਗਨੇਚਰ ਆਡਿਟ' ਦੀ ਬੇਨਤੀ ਨਾਲ ਸਹਿਮਤ ਹਨ ਪਰੰਤੂ ਉਨਾਂ ਕੋਲ ਅਜਿਹਾ ਕਰਨ ਦਾ ਅਧਿਕਾਰ ਨਹੀਂ ਹੈ ਜਦ ਕਿ ਉਹ ਤੇ ਰਾਜ ਦੇ ਹੋਰ ਅਧਿਕਾਰੀ ਪਹਿਲਾਂ ਹੀ ਨਤੀਜ਼ੇ ਦੀ ਪੁਸ਼ਟੀ ਕਰ ਚੁੱਕੇ ਹਨ। ਇਸ ਟਵੀਟ ਦਾ ਉਤਰ ਦਿੰਦਿਆਂ ਟਰੰਪ ਨੇ ਕਿਹਾ ' ਤੁਸੀ ਲੋਕ ਜੋ ਕਹਿੰਦੇ ਹੋ ਉਹ ਕਰਨ ਤੋਂ ਨਾਂਹ ਕਰ ਰਹੇ ਹੋ। ਕੀ ਛੁਪਾਇਆ ਜਾ ਰਿਹਾ ਹੈ?'' ਉਨਾਂ ਹੋਰ ਕਿਹਾ ' ਘੱਟੋ ਘੱਟ ਤੁਸੀਂ ਤੁਰੰਤ ਵਿਧਾਨ ਸਭਾ ਦਾ ਇਜਲਾਸ ਸੱਦ ਸਕਦੇ ਹੋ। ਇਹ ਕੰਮ ਤੁਸੀਂ ਬਹੁਤ ਅਸਾਨੀ ਨਾਲ ਕਰ ਸਕਦੇ ਹੋ।' ਜਾਰਜੀਆ ਵਿਧਾਨ ਸਭਾ ਆਪਣੇ ਇਲੈਕਟੋਰਲ ਕਾਲਜ ਬਣਾਉਣ ਲਈ ਸੰਵਿਧਾਨਕ ਤੌਰ 'ਤੇ ਅਧਿਕਾਰਤ ਨਹੀਂ ਹੈ ਜਿਸ ਤਰਾਂ ਕਿ ਟਰੰਪ ਚਹੁੰਦੇ ਹਨ। ਜੇਕਰ ਕਿਸੇ ਵੀ ਹਾਲਤ ਵਿਚ ਅਜਿਹਾ ਹੋ ਵੀ ਜਾਂਦਾ ਹੈ ਤਾਂ ਫਿਰ ਵੀ ਜੋਅ ਬਾਇਡੇਨ ਦੀ ਜਿੱਤ ਨੂੰ ਹਾਰ ਵਿਚ ਨਹੀਂ ਬਦਲਿਆ ਜਾ ਸਕਦਾ। ਜਾਰਜੀਆ ਦੀਆਂ 16 ਇਲੈਕਟੋਰਲ ਵੋਟਾਂ ਘਟਣ ਨਾਲ ਬਾਇਡੇਨ ਦੀ ਜਿੱਤ ਉਪਰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਉਸ ਕੋਲ 306 ਇਲੈਕਟੋਰਲ ਵੋਟਾਂ ਹਨ।

### ਟਰੰਪ ਦੀ ਚਿੰਤਾ

ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਸਲ ਚਿੰਤਾ ਰਿਪਬਲੀਕਨ ਪਾਰਟੀ ਉਪਰ ਆਪਣਾ ਦਬ ਦਬਾ ਕਾਇਮ ਰਖਣ ਦੀ ਹੈ। ਉਹ 2024 ਦੀਆਂ ਚੋਣਾਂ ਵਿਚ ਦੁਬਾਰਾ ਫਿਰ ਮੈਦਾਨ ਵਿਚ ਨਿਤਰਣਾ ਚਹੁੰਦੇ ਹਨ।

ਇਸ ਸਬੰਧੀ ਉਨਾਂ ਨੇ ਵਾਈਟ ਹਾਊਸ ਹੌਲੀਡੇਅ ਪਾਰਟੀ ਵਿਚ ਵੀ ਆਪਣੇ ਇਰਾਦੇ ਸਪਸ਼ਟ ਕਰ ਦਿੱਤੇ ਸਨ ਪਰੰਤੂ ਜਦੋਂ ਅਗਲੇ ਮਹੀਨੇ ਦੀ 20 ਤਰੀਕ ਨੂੰ ਉਹ ਰਾਸ਼ਟਰਪਤੀ ਦੇ ਅਹੁਦੇ ਤੋਂ ਵੱਖ ਹੋ ਜਾਣਗੇ ਤਾਂ ਰਿਪਬਲੀਕਨ ਪਾਰਟੀ ਉਸ ਦੇ ਪ੍ਰਭਾਵ ਹੇਠ ਰਹੇਗੀ , ਇਸ ਬਾਰੇ ਨਿਸ਼ਚਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ। ਚੋਣ ਜਿੱਤਣ ਲਈ ਦੇਸ਼ ਨੂੰ ਵੰਡਣ ਦੇ ਵੱਡੇ ਦੋਸ਼ ਟਰੰਪ ਉਪਰ ਲੱਗੇ ਹਨ। ਇਸ ਬਾਰੇ ਪਾਰਟੀ ਵਿਚ ਇਕ ਰਾਏ ਨਹੀਂ ਹੈ। ਟਰੰਪ ਪਾਰਟੀ ਉਪਰ ਆਪਣੀ ਪਕੜ ਮਜਬੂਤ ਕਰਕੇ ਜੋਅ ਬਾਇਡੇਨ ਦੇ ਰਾਹ ਵਿਚ ਰੁਕਾਵਟਾਂ ਪੈਦਾ ਕਰਨ ਦੇ ਯਤਨ ਵਿਚ ਹਨ ਜੋ ਕੋਰੋਨਾ ਮਹਾਮ-ਾਰੀ ਤੇ ਚੋਣਾਂ ਕਾਰਨ ਵੰਡੇ ਦੇਸ਼ ਨੂੰ ਮੁੜ ਇਕਮੁੱਠ ਕਰਨ ਲਈ ਕਾਂਗਰਸ ਵਿਚ 'ਏਜੰਡਾ' ਲਿਆ ਸਕਦੇ ਹਨ।

ਜਾਰਜੀਆ ਦੇ ਰਿਪਬਲੀਕਨ ਗਵਰਨਰ ਉਪਰ ਵੀ ਟਰੰਪ ਨੇ ਦਬਾਅ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਉਹ ਆਪਣੀ ਇਸ ਕੋਸ਼ਿਸ਼ ਵਿਚ ਸਫਲ ਨਹੀਂ ਹੋ ਸਕੇ। ਇਸ ਨਾਲ ਪਾਰਟੀ ਵਿਚ ਟਰੰਪ ਦੀ ਸਥਿੱਤੀ ਕਮਜੋਰ ਹੋਈ ਹੈ।

# ਭਾਰਤੀ ਮੂਲ ਦੀ ਰੋਹਿਨੀ ਬਣੀ ਕਮਲਾ ਹੈਰਿਸ ਦੀ ਸਲਾਹਕਾਰ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਭਾਰਤੀ ਮੂਲ ਦੀ ਅਮਰੀਕਨ ਨਾਗਰਿਕ ਰੋਹਿਨੀ ਕੋਸੋਗਲੂ ਨੂੰ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੁਆਰਾ ਆਪਣੇ ਸਲਾਹਕਾਰ ਵਜੋਂ ਨਿਯੁਕਤ ਕੀਤਾ ਗਿਆ ਹੈ। ਯੁਨੀਵਰਸਿਟੀ ਆਫ ਮਿਸ਼ੀਨਗ ਤੋਂ ਗਰੈਜੂਏਟ ਰੋਹਿਨੀ ਘਰੇਲੂ ਨੀਤੀ ਸਬੰਧੀ ਉਪ ਰਾਸ਼ਟਰਪਤੀ ਦੀ ਸਲਾਹਕਾਰ ਵਜੋਂ ਕੰਮ ਕਰੇਗੀ। ਰਾਸ਼ਟਰਪਤੀ ਚੋਣ ਜਿੱਤੇ ਜੋਅ ਬਾਇਡੇਨ- ਕਮਲਾ ਹੈਰਿਸ ਪ੍ਰਸ਼ਾਸਨ ਵੱਲੋਂ ਜਾਰੀ ਬਿਆਨ ਵਿਚ ਹੈਰਿਸ ਨੇ ਕਿਹਾ ਹੈ ਕਿ ' ਕੋਸੋਗਲੂ ਨਾ ਕੇਵਲ ਅਮਰੀਕੀ ਲੋਕਾਂ ਨੂੰ ਦਰਪੇਸ਼ ਕੁਝ ਅਹਿਮ ਮੁੱਦਿਆਂ ਬਾਰੇ ਮਾਹਿਰ ਹੈ ਬਲਕਿ ਉਹ ਮੇਰੀ ਬਹੁਤ ਨਜ਼ਦੀਕੀ ਭਰੋਸਮੰਦ ਸਹਾਇਕ ਹੈ।

# ਕੈਲੀਫੋਰਨੀਆ ਦੇ ਅਟਾਰਨੀ ਜਨਰਲ ਜਾਵੀਅਰ ਬੇਸੇਰਾ ਨੂੰ ਸਿਹਤ ਵਿਭਾਗ ਦਾ ਮੁਖੀ ਨਿਯੁਕਤ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਜੋਅ ਬਾਇਡੇਨ ਨੇ ਕੋਰੋਨਾ ਮਹਾਂਮਾਰੀ ਕਾਰਨ ਬਣੀ ਗੰਭੀਰ ਸਥਿੱਤੀ ਦੌਰਾਨ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਜਾਵੀਅਰ ਬੇਸੇਰਾ ਨੂੰ ਬਹੁਤ ਹੀ ਅਹਿਮ ਸਿਹਤ ਤੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ ਦਾ ਮੁੱਖੀ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਜੇਕਰ ਸੈਨੇਟ ਦੁਆਰਾ ਉਸ ਦੀ ਨਿਯੁਕਤੀ ਦੀ ਪੁਸ਼ਟੀ ਕਰ ਦਿੱਤੀ ਜਾਂਦੀ ਹੈ ਤਾਂ ਉਹ ਸਿਹਤ ਤੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ ਦੀ ਅਗਵਾਈ ਕਰਨ ਵਾਲੇ ਪਹਿਲੇ ਲਾਤੀਨੀ ਮੂਲ ਦੇ ਅਮਰੀਕੀ ਨਾਗਰਿਕ ਹੋਣਗੇ। 10 ਖਰਬ ਡਾਲਰ ਤੋਂ ਵਧ ਦੇ ਫੰਡ ਵਾਲਾ ਸਿਹਤ ਤੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ ਬਹੁਤ ਵੱਡਾ ਹੈ।

ਇਸ ਦੇ 80000 ਮੁਲਾਜ਼ਮ ਹਨ ਤੇ ਇਸ ਦੇ ਬੀਮਾ ਪ੍ਰੋਗਰਾਮ ਤਹਿਤ 13 ਕਰੋੜ ਤੋਂ ਵਧ ਅਮਰੀਕੀ ਆਉਂਦੇ ਹਨ। ਇਥੇ ਜਿਕਰਯੋਗ ਹੈ ਕਿ ਜਾਵੀਅਰ ਟਰੰਪ ਪ੍ਰਸ਼ਾਸਨ ਦੇ ਉਨਾਂ ਸਭ ਤੋਂ ਵਧ ਹਮਲਾਵਰਾਂ ਵਿਚੋਂ ਇਕ ਹੈ ਜਿਨਾਂ ਨੇ ਵਾਤਾਵਰਣ, ਇਮੀਗ੍ਰੇਸ਼ਨ ਤੇ ਜਨਗਣਨਾ ਸਬੰਧੀ ਨੀਤੀਆਂ ਨੂੰ ਲੈ ਕੇ ਰਾਸ਼ਟਰਪਤੀ ਟਰੰਪ ਦਾ ਡਟਕੇ ਵਿਰੋਧ ਕੀਤਾ ਸੀ ਤੇ ਟਰੰਪ ਪ੍ਰਸ਼ਾਸਨ ਖਿਲਾਫ ਕਾਨੂੰਨੀ ਕਾਰਵਾਈਆਂ ਦੀ ਇਕ ਮੁਹਿੰਮ ਚਲਾਈ ਸੀ।

# ਕੋਵਿਡ -19 ਰਾਹਤ ਤਹਿਤ ਅਮਰੀਕੀਆਂ ਨੂੰ ਹਰ ਹਫ਼ਤੇ ਮਿਲੇਗਾ 300 ਡਾਲਰ ਦਾ ਬੇਰੁਜ਼ਗਾਰੀ ਭੱਤਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਟਰੰਪ ਪ੍ਰਸ਼ਾਸਨ ਦੀ ਕੋਵਿਡ-19 ਰਾਹਤ ਤਜਵੀਜ਼ ਤਹਿਤ ਪਹਿਲਾਂ ਮਿਲਦੇ 1200 ਡਾਲਰ ਦੇ ਚੈਕ ਨਹੀਂ ਮਿਲਣਗੇ ਤੇ ਇਸ ਦੀ ਬਜਾਏ 300 ਡਾਲਰ ਹਫ਼ਤਾਵਾਰੀ ਬੇਰੁਜ਼ਗਾਰੀ ਭੱਤਾ ਮਿਲੇਗਾ।

ਕਾਨੂੰਨ ਘਾੜਿਆਂ ਨੇ ਐਤਵਾਰ ਨੂੰ ਕੋਵਿਡ-19 ਰਾਹਤ ਤਜਵੀਜ਼ ਉਪਰ ਮੋਹਰ ਲਾ ਦਿੱਤੀ ਜਿਸ ਤਹਿਤ ਮੋਟੇ ਤੌਰ 'ਤੇ 300 ਡਾਲਰ ਹਫਤਾਵਾਰੀ ਬੇਰੁਜ਼ਗਾਰੀ ਰਾਹਤ ਵਜੋਂ ਦਿੱਤੇ ਜਾਣਗੇ ਤੇ 1200 ਡਾਲਰ ਦੀ ਸਿੱਧੇ ਖਾਤਿਆਂ ਵਿਚ ਅਦਾਇਗੀ ਨਹੀਂ ਕੀਤੀ ਜਾਵੇਗੀ।

ਟਰੰਪ ਪ੍ਰਸ਼ਾਸਨ ਦੀ ਇਹ ਆਖਰੀ ਰਾਹਤ ਹੋਵੇਗੀ ਤੇ ਇਸ ਤੋਂ ਬਾਅਦ ਅਗਲੇ ਸਾਲ ਰਾਸ਼ਟਰਪਤੀ ਦੀ ਚੋਣ ਜਿੱਤੇ ਜੋਅ ਬਾਇਡੇਨ ਉਪਰ ਨਿਰਭਰ ਹੋਵੇਗਾ ਕਿ ਕੋਵਿਡ-19 ਰਾਹਤ ਦੇਣੀ ਹੈ ਜਾਂ ਨਹੀਂ। ਜੇਕਰ ਦੇਣੀ ਹੈ ਤਾਂ ਕਿੰਨੀ ਹੋਵੇਗੀ ਇਹ ਫੈਸਲਾ ਬਾਇਡੇਨ ਪ੍ਰਸ਼ਾਸਨ ਕਰੇਗਾ। ਉਂਝ ਇਸ ਬਾਰੇ ਡੈਮੋਕਰੈਟਸ ਤੇ ਰਿਪਬਲੀਕਨ ਦੀ ਸਹਿਮਤੀ ਹੋਣੀ ਜਰੂਰੀ ਹੋਵੇਗੀ।

ਸੋਮਵਾਰ ਨੂੰ 908 ਅਰਬ ਡਾਲਰਾਂ ਦਾ ਸਹਾਇਤਾ ਪੈਕੇਜ਼ ਜਾਰੀ ਕਰ ਦਿੱਤਾ ਜਾਵੇਗਾ। ਇਥੇ ਵਰਣਨਯੋਗ ਹੈ ਕਿ ਡੈਮੋਕਰੈਟਸ ਹਮੇਸ਼ਾਂ ਬੇਰੁਜ਼ਗਾਰ ਵਿਅਕਤੀਆਂ, ਛੋਟੇ ਕਾਰੋਬਾਰੀਆਂ ਤੇ ਕਿਰਾਏ ਉਪਰ ਰਹਿੰਦੇ ਲੋਕਾਂ ਨੂੰ ਜਿਆਦਾ ਕੋਵਿਡ-19 ਰਾਹਤ ਦੇਣ ਦੇ ਪੱਖ ਵਿਚ ਰਹੇ ਹਨ।

ਰਿਪਬਲੀਕਨ ਸੈਨੇਟਰ ਬਿਲ ਕੈਸਿਡੀ ਇਸ ਗੱਲ ਨਾਲ ਸਹਿਮਤ ਹਨ ਕਿ ਸਿੱਧੇ ਚੈਕਾਂ ਰਾਹੀਂ ਭੁਗਤਾਨ ਦੀ ਸ਼ੁਰੂਆਤ ਕਿਸੇ ਮੋੜ 'ਤੇ ਜਾ ਕੇ ਸ਼ੁਰੂ ਹੋ ਸਕਦੀ ਹੈ। ਇਹ ਬਿੱਲ ਸਮੁੱਚਾ ਨਹੀਂ ਹੈ ਤੇ ਇਹ ਰਾਹਤ ਬਿੱਲ ਹੈ। ਇਹ ਬਿੱਲ ਅਗਲੇ 3 ਤੋਂ 4 ਮਹੀਨਿਆਂ ਦੌਰਾਨ ਸਭ ਤੋਂ ਲੋੜਵੰਦ ਲੋਕਾਂ ਨੂੰ ਰਾਹਤ ਪਹੁੰਚਾਵੇਗਾ।

## ਕੰਗਨਾ- ਰਣੌਤ

ਇਕ ਗੱਲ ਕਹਿ ਕੇ ਬੜਕ ਤੂੰ ਮਾਰੀ ਸੋਚਣ ਲਾਤੀ ਦੁਨੀਆਂ ਸਾਰੀ
ਢੱਠੇ ਖੂਹ ਵਿਚ ਪਈ ਪੜ੍ਹਾਈ ਮੱਤ ਗਈ ਤੇਰੀ ਤਾਹੀਉਂ ਮਾਰੀ
ਹਿੱਕ ਸਾਡੀ ਤੇ ਬਾਲ ਕੇ ਦੀਵਾ ਕਰ ਗਈ ਕਾਇਮ ਮਿਸਾਲ ਕੁੜੇ
ਹਾਏ ਕੰਗਨਾ ਹਾਏ ਕੰਗਨਾ ਕਿਉਂ ਬਦਲੀ ਤੇਰੀ ਚਾਲ ਕੁੜੇ।

ਬੀਤਿਆ ਵੇਲਾ ਹੱਥ ਨੀ ਆਉਣਾ ਸਾਰੀ ਉਮਰ ਤੈਨੂੰ ਪਊ ਪਛਤਾਉਣਾ
ਛੜੇ ਛੜਾਂਕ ਮਲੰਗ ਮੋਦੀ ਨੇ ਨਾ ਤੇਰੇ ਨਾਲ ਵਿਆਹ ਕਰਵਾਉਣਾ
ਮੂੰਹ ਦੇ ਮਿੱਠੇ ਲੋਕਾਂ ਤੇ ਕਿਉਂ ਹੋਈ ਫਿਰੇਂ ਦਿਆਲੇ ਕੁੜੇ
ਹਾਏ ਕੰਗਨਾ ਕਿਉਂ ਬਦਲੀ ਤੇਰੀ ....

ਦਿਨੇ ਦਿਖਾਉਂਦੇ ਵੇਖੀਂ ਤਾਰੇ ਬੰ ਹੋ ਗਏ ਦਰਵਾਜ਼ੇ ਸਾਰੇ
ਬਦਲ ਦਿੱਤੀ ਸੀ ਕਿਸਮਤ ਰੱਬ ਨੇ ਬੰਬੇ ਬੈਠੀ ਝੂਠ ਤੂੰ ਮਾਰੇ
ਜਾਨ ਦੀ ਖਾਤਰ ਹੋਈ ਹਾਨੀ ਮੰਦਾ ਹੋਇਆ ਹਾਲ ਕੁੜੇ
ਹਾਏ ਕੰਗਨਾ ਕਿਉਂ ਬਦਲੀ ਤੇਰੀ ....

ਗੱਲ ਸਾਡੀ ਤੂੰ ਝੂਠ ਨਾ ਜਾਣੀ ਬਣਦੀ ਤੂੰ ਤਾਂ ਬਹੁਤ ਸਿਆਣੀ
ਮਾਫੀ ਮੰਗਿਆ ਕੁਝ ਨੀ ਬਣਦਾ ਆਪੇ ਤੂੰ ਉਲਝਾਈ ਤਾਣੀ
ਜੋ ਤੂੰ ਲਿਖਿਆ ਸਭ ਨੇ ਪੜ੍ਹਿਆ ਆ ਗਿਆ ਵੇਖ ਭੂਚਾਲ ਕੁੜੇ
ਹਾਏ ਕੰਗਨਾ ਕਿਉਂ ਬਦਲੀ ਤੇਰੀ ....

ਛੱਜ 'ਚ ਪਾ ਕੇ ਤੂੰ ਫਿਰ ਛੰਟਿਆ ਜਣੇ ਖਣੇ ਸਿਰ ਬੰਬ ਤਾਂ ਫਟਿਆ
ਸੱਚੀ ਗੱਲ ਦਾ ਦੁੱਖ ਲੱਗਿਆ ਕਿਉਂ ਅੱਧ ਵਿਚਾਲਿਉਂ ਫੋਨ ਤੂੰ ਕੱਟਿਆ
ਜਦੋਂ 'ਦੇਵ ਘੋਲੀਏ' ਵਾਲੇ ਨੇ ਤੈਨੂੰ ਕੀਤੇ ਸੀ ਕਿਵੇਂ ਸਵਾਲ ਕੁੜੇ
ਹਾਏ ਕੰਗਨਾ ਹਾਏ ਕੰਗਨਾ ਕਿਉਂ ਬਦਲੀ ਤੇਰੀ ਚਾਲ ਕੁੜੇ।



**– ਦੇਵ ਘੋਲੀਆ ਖੁਰਦ**
669-232-7764

# ਕਿਸਾਨ ਜੱਥੇਬੰਦੀਆਂ ਦੀ ਹਰ ਮਦਦ ਕਰਨ ਲਈ ਤਿਆਰ-ਅਮਰੀਕਾ ਦੇ ਸਿੱਖਾਂ ਦਾ ਐਲਾਨ

## ਮੋਦੀ ਸਰਕਾਰ ਵੱਲੋਂ ਬਣਾਏ ਕਾਨੂੰਨ ਕਿਸਾਨਾਂ ਨੂੰ ਮਨਜ਼ੂਰ ਨਹੀ, ਕੀਤੇ ਜਾਣ ਤੁਰੰਤ ਰੱਦ: ਦਰਸ਼ਨ ਸਿੰਘ ਧਾਲੀਵਾਲ



**ਮਿਲਵਾਕੀ, (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਸ਼ਿਕਾਗੋ ਸ਼ਹਿਰ ਸਥਿਤ ਐਟਲਾਟਿਸ ਬੈਕੁੰਇਟ ਹਾਲ ਵਿਖੇ ਮਿਡ ਵੈਸਟ ਦੀਆਂ ਸਟੇਟਾਂ ਤੋਂ ਵੱਡੀ ਗਿਣਤੀ ਪੰਜਾਬੀ ਅਮਰੀਕਾ ਦੇ ਉਘੇ ਬਿਜ਼ਨਸਮੈਨ ਅਤੇ ਸਮਾਜ ਸੇਵੀ ਸ਼ ਦਰਸ਼ਨ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਇੱਕਠੇ ਹੋਏ ਜਿਸ ਵਿਚ ਵੱਖ ਵੱਖ ਗੁਰੂਘਰਾਂ ਦੇ ਸੇਵਾਦਾਰ, ਉਘੇ ਬਿਜ਼ਨਸਮੈਂਨ, ਖੇਡ ਸੰਸਥਾਵਾਂ ਦੇ ਆਗੂ, ਸਮਾਜ ਸੇਵੀ ਅਤੇ ਭਾਰਤ ਦੇ ਕਿਸਾਨਾਂ ਦੇ ਹਮਦਰਦ ਵੱਡੀ ਗਿਣਤੀ ਵਿਚ ਪਹੁੰਚੇ। ਸ਼ ਦਰਸ਼ਨ ਸਿੰਘ ਧਾਲੀਵਾਲ ਨੇ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ, ਭਾਵੇਂ ਅਸੀਂ ਸੱਤ ਸਮੁੰਦਰੋ ਪਾਰ ਆ ਗਏ ਹਾਂ, ਪਰ ਸਾਡੀਆਂ ਜੜ੍ਹਾਂ ਭਾਰਤ ਵਿਚ ਹਨ ਅਤੇ ਕਿਸਾਨਾਂ ਦੇ ਘਰਾਂ ਵਿਚ ਜਨਮ ਲੈ ਕੇ ਇਥੋਂ ਤੱਕ ਪਹੁੰਚੇ ਹਾਂ ਤੇ ਅੱਜ ਉਨ੍ਹਾਂ ਦੀਆਂ ਮੰਗਾਂ ਨੂੰ ਲੈ ਕੇ ਹਰ ਕੋਈ ਅਪਣਾ ਯੋਗਦਾਨ ਪਾ ਰਿਹਾ ਹੈ। ਅਸੀਂ ਵੀ ਪਿਛੇ ਨਹੀਂ ਰਹਿ ਸਕਦੇ, ਜੈ-ਕਾਰਿਆਂ ਦੀ ਗੂੰਜ ਵਿਚ ਉਨ੍ਹਾਂ ਐਲਾਨ ਕੀਤਾ ਕਿਸਾਨ ਜੱਥੇਬੰਦੀਆਂ ਦੀ ਅਮਰੀਕਾ ਰਹਿੰਦੇ ਪੰਜਾਬੀ ਅਤੇ ਹੋਰ ਸੂਬਿਆਂ ਦੇ ਲੋਕ ਤਨ, ਮਨ ਅਤੇ ਧਨ ਨਾਲ ਮਦਦ ਕਰਾਂਗੇਂ। ਜੇ ਕਿਸਾਨ ਆਗੂਆਂ ਨੇ ਇਜ਼ਾਜਤ ਦਿੱਤੀ ਤਾਂ 1000 ਦੇ ਕਰੀਬ ਅਮਰੀਕਾ ਤੋਂ ਪੰਜਾਬੀਆਂ ਜਥਾ ਕਿਸਾਨ ਅੰਦੋਲਨ ਵਿਚ ਕੁੱਦਣ ਲਈ ਦਿੱਲੀ ਪਹੁੰਚੇਗਾ।

ਦਰਸ਼ਨ ਸਿੰਘ ਧਾਲੀਵਾਲ ਨੇ ਇਹ ਵੀ ਕਿਹਾ ਕਿ ਸਰਕਾਰ ਦਾਅਵੇ ਤਾਂ ਕਰ ਰਹੀ ਹੈ ਕਿ ਇਹ ਕਾਨੂੰਨ ਕਿਸਾਨਾਂ ਦੇ ਫਾਇਦੇ ਲਈ ਬਣੇ ਹਨ ਤੇ ਉਹ ਕਿਸਾਨਾਂ ਨੂੰ ਮਨਜ਼ੂਰ ਨਹੀਂ, ਕਿਉਂਕਿ ਕਿਸਾਨ ਜਾਣਦੇ ਹਨ ਇਹ ਕਾਨੂੰਨ ਉਨ੍ਹਾਂ ਲਈ ਨੁਕਸਾਨਦਾਇਕ ਹਨ। ਸਰਬਸਮੰਤੀ ਨਾਲ ਕਿਸਾਨਾਂ ਦੇ ਹੱਕ ਵਿਚ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਅੰਦੋਲਨ ਦੀ ਹਮਾਇਤ ਕਰਨ ਦਾ ਮਤਾ ਜਦੋਂ ਪਾਸ ਕੀਤਾ ਗਿਆ ਤਾਂ ਹਾਲ ਜੈ-ਕਾਰਿਆਂ ਨਾਲ ਗੂੰਜ ਉਠਿਆ। ਲੱਗ ਭੱਗ 400 ਮੀਲ ਦੂਰੋਂ ਆਏ ਇੰਡੀ-ਆਨਾ, ਮਿਸ਼ੀਗਨ, ਵਿਸ਼ਕਾਨਸ਼ਨ, ਆਈਹੋਆ, ਵਾਸ਼ਿੰਗਟਨ ਤੇ ਹੋਰ ਸੂਬਿਆਂ ਤੋਂ ਪਹੁੰਚਣ ਵਾਲਿਆਂ ਦਾ ਧੰਨਵਾਦ ਕਰਦੇ ਕਿਹਾ ਕਿ ਥੋੜੇ ਸਮੇਂ ਦੇ ਨੋਟਿਸ ਚ ਵੱਡਾ ਇੱਕਠ ਹੋਣਾ ਕਿਸਾਨ ਅੰਦੋਲਨ ਦੇ ਸਹੀ ਹੋਣ ਦੀ ਮੋਹਰ ਲਾ ਰਿਹਾ ਹੈ ਅਤੇ ਉਨ੍ਹਾਂ ਦੀ ਸਾਰਿਆਂ ਮੰਗਾਂ ਦੀ ਡੱਟ ਕੇ ਹਮਾਇਤ ਕਰਦੇ ਹਾਂ।

ਸਟੇਜ ਦੀ ਜ਼ਿੰਮੇਵਾਰੀ ਸੰਭਾਲਦੇ ਹੋਏ ਸਿੰਘ ਹੀਰ (ਹੈਪੀ) ਨੇ ਲੱਗ ਭੱਗ ਦੋ ਘੰਟੇ ਦੀ ਇਸ ਮੀਟਿੰਗ ਵਿਚ ਵੱਖ ਵੱਖ ਬੁਲਾਰਿਆਂ ਨੂੰ ਸਮਾਂ ਦਿੱਤਾ, ਜਿਨ੍ਹਾਂ ਨੇ ਕਿਸਾਨ ਅੰਦੋਲਨ ਦੀ ਡੱਟ ਕੇ ਮਦਦ ਕਰਨ ਦੇ ਫੈਸਲੇ ਦੀ ਸਵਾਗਤ ਕੀਤਾ ਤੇ ਮੋਦੀ ਸਰਕਾਰ ਦੀ ਇਸ ਗੱਲੋਂ ਨਿਖੇਧੀ ਕੀਤੀ ਕਿ ਉਹ ਮੰਗਾਂ ਨਾ ਮੰਨ ਕੇ ਲੱਖਾਂ ਕਿਸਾਨਾਂ ਨੂੰ ਸੜਕਾਂ ਉਤੇ ਰੁਲਣ ਲਈ ਮਜ਼ਬੂਰ ਰਹੀ ਹੈ। ਵੱਖ ਵੱਖ ਬੁਲਾਰਿਆਂ ਵਿਚ ਭੁਪਿੰਦਰ ਸਿੰਘ ਹੁੰਦਲ, ਤਾਰਾ ਸਿੰਘ ਸ਼੍ਰੋਮਣੀ ਕਮੇਟੀ ਮੈਂਬਰ, ਬਲਦੇਵ ਸਿੰਘ, ਲਖਬੀਰ ਸਿੰਘ, ਜਸਕਰਨ ਸਿੰਘ ਧਾਲੀਵਾਲ, ਪਾਲ ਸਿੰਘ, ਲਖਬੀਰ ਸਿੰਘ ਸਹੋਤਾ, ਗੋਲਡੀ ਮਿਲਵਾਕੀ, ਸੁਖਪਾਲ ਸਿੰਘ ਧਨੋਆ ਆਦਿ ਨੇ ਵਿਚਾਰ ਸਾਂਝੇ ਕੀਤੇ ਇਸ ਮੌਕੇ ਤੇ ਪਹੁੰਚੇ ਹੋਰ ਪਤਵੰਤੇ ਸੱਜਣਾਂ ਚ ਚਰਨਜੀਤ ਸਿੰਘ ਰੱਖੜਾ, ਬਚਨ ਸਿੰਘ ਗਿੱਲ, ਪਾਖਰ ਸਿੰਘ ਸਿੱਧੂ, ਕੁਲਵੰਤ ਸਿੰਘ ਕਾਂਤਾਂ, ਮਿਲਵਾਕੀ ਤੋਂ ਰੋਡਾ ਸਿੱਧੂ, ਜਸਪਾਲ ਸਿੰਘ, ਅਮਰੀਕ ਸਿੰਘ ਤੇ ਹੋਰ ਬਹੁਤ ਸਾਰੇ ਆਗੂਆਂ ਦੇ ਨਾਂ ਸ਼ਾਮਿਲ ਹਨ।

ਸ਼ ਦਰਸ਼ਨ ਸਿੰਘ ਧਾਲੀਵਾਲ ਇਸ ਇਕੱਠ ਵਿਚ ਜਿੰਮੇਵਾਰੀ ਸੰਭਾਲੀ ਗਈ ਕਿ ਉਹ ਕਿਸਾਨ ਆਗੂਆਂ ਨਾਲ ਸੰਪਰਕ ਕਰਕੇ ਅਗਲੀ ਮੀਟਿੰਗ ਚ ਇਹ ਫੈਸਲਾ ਲੈਣ ਕਿ ਕਿਸਾਨ ਅੰਦੋਲਨ ਚ ਕਿਹੜੀ ਕਿਹੜੀ ਮਦਦ ਇਥੋਂ ਕੀਤੀ ਜਾ ਸਕਦੀ ਹੈ। ਕੋਰੋਨਾ ਕਰਕੇ ਸਾਰੇ ਸਰਕਾਰੀ ਕਾਨੂੰਨਾਂ ਦੀ ਪਾਲਣਾ ਕੀਤੀ ਗਈ ਅਤੇ ਸਾਰੀਆਂ ਨੇ ਸ਼ ਧਾਲੀਵਾਲ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਅਮਰੀਕਾ ਦੀਆਂ ਕਈ ਸਟੇਟਾਂ ਦੇ ਪਤਵੰਤੇ ਸੱਜਣਾਂ ਨੂੰ ਇਕੱਠੇ ਕਰਕੇ ਕਿਸਾਨ ਸੰਘਰਸ਼ ਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

# ਭਾਜਪਾ ਵੱਲੋਂ ਰਾਜ ਭਰ ਵਿੱਚ ਹਜ਼ਾਰ ਤੋਂ ਵੱਧ ਬਸਤੀਆਂ ਵਿੱਚ ਬਾਬਾ ਸਾਹਿਬ ਨੂੰ ਦਿੱਤੀ ਗਈ ਸ਼ਰਧਾਂਜਲੀ







**ਚੰਡੀਗੜ੍ਹ–** ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਦਕਰ ਦੇ ਮਹਾਂਪਰਿਨਿਰਵਾਣ ਦਿਵਸ ਦੇ ਮੌਕੇ ਤੇ ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਸੱਦੇ 'ਤੇ ਪੰਜਾਬ ਭਰ ਵਿੱਚ ਹਜ਼ਾਰ ਤੋਂ ਵੱਧ ਬਸਤੀਆਂ ਵਿੱਚ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤੇ ਗਏ । ਇਸ ਲੜੀ ਤਹਿਤ ਹੁਸ਼ਿਆਰਪੁਰ ਵਿਖੇ ਸੂਬਾ ਪੱਧਰੀ ਪ੍ਰੋਗਰਾਮ ਜ਼ਿਲ੍ਹਾ ਪ੍ਰਧਾਨ ਨਿਪੁਨ ਸ਼ਰਮਾ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਪ੍ਰਦੇਸ਼ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਉਹਨਾਂ ਬਾਬਾ ਸਾਹਿਬ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਅਸ਼ਵਨੀ ਸ਼ਰਮਾ ਨੇ ਇਸ ਮੌਕੇ ਹਾਜ਼ਰ ਕਾਰਕੁਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਦੇ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ ਅਤੇ ਦਲਿਤ ਆਦਰਸ਼ ਬਾਬਾ ਸਾਹਿਬ ਡਾ.ਬੀ.ਆਰ. ਅੰਬੇਦਕਰ ਦਾ ਦੇਸ਼ ਹਮੇਸ਼ਾਂ ਕਰਜਦਾਰ ਰਹੇਗਾ ਅਤੇ ਉਨ੍ਹਾਂ ਦੇ 64 ਵੇਂ ਮਹਾਂਪਰੀਨਿਰਵਾਣ ਦਿਹਾੜੇ 'ਤੇ ਮੈਂ ਅਤੇ ਅਸੀਂ ਸਾਰੇ ਮਹਾਨ ਡਾ: ਬਾਬਾ ਸਾਹਿਬ ਅੰਬੇਦਕਰ ਨੂੰ ਨਮਨ ਕਰਦੇ ਹਾਂ। ਭਾਰਤੀ ਸੰਵਿਧਾਨ ਦੇ ਨਿਰਮਾਣ ਵਿਚ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਨੇ ਮੋਹਰੀ ਭੂਮਿਕਾ ਨਿਭਾਈ ਸੀ। ਜਿਸ 'ਤੇ ਅੱਜ ਦੇਸ਼ ਦਾ ਪੂਰਾ ਸਿਸਟਮ ਚੱਲ ਰਿਹਾ ਹੈ।

ਬਾਬਾ ਸਾਹਿਬ ਨੇ ਹਮੇਸ਼ਾ ਦੇਸ਼ ਦੀ ਏਕਤਾ ਅਤੇ ਅਖੰਡਤਾ, ਸਮਾਜਿਕ ਸਦਭਾਵਨਾ ਦੀ ਆਵਾਜ਼ ਬੁਲੰਦ ਕੀਤੀ ਸੀ। ਉਹਨਾਂ ਦੇ ਵਿਚਾਰ ਅਤੇ ਆਦਰਸ਼ ਅੱਜ ਸਾਰੇ ਭਾਰਤ ਦੇ ਲੋਕਾਂ ਨੂੰ ਤਾਕਤ ਅਤੇ ਦਿਸ਼ਾ ਪ੍ਰਦਾਨ ਕਰਦੇ ਹਨ। ਕੇਂਦਰ ਦੀ ਮੋਦੀ ਸਰਕਾਰ ਉਹਨਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਬਾਬਾ ਸਾਹਿਬ ਦੀ ਸੋਚ ਮੁਤਾਬਿਕ ਮੋਦੀ ਸਰਕਾਰ ਨੇ ਦਲਿਤਾਂ ਦੇ ਵਿਕਾਸ ਲਈ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਹਨ। ਪ੍ਰਧਾਨ ਮੰਤਰੀ ਆਵਾਸ ਯੋਜਨਾ, ਪ੍ਰਧਾਨ ਮੰਤਰੀ ਜਨ ਧਨ ਯੋਜਨਾ, ਆਯੁਸ਼ਮਾਨ ਭਾਰਤ ਵਰਗੀਆਂ ਕਈ ਯੋਜਨਾਵਾਂ, ਜਿਨ੍ਹਾਂ ਦਾ ਲੋਕ ਲਾਭ ਲੈ ਰਹੇ ਹਨ। ਸ਼ਰਮਾ ਨੇ ਸਾਰਿਆਂ ਨੂੰ ਬਾਬਾ ਸਾਹਿਬ ਵਲੋਂ ਦਰਸਾਏ ਰਸਤੇ 'ਤੇ ਚੱਲਣ ਦਾ ਸੱਦਾ ਦਿੱਤਾ।

ਇਸ ਮੌਕੇ ਸੂਬੇ ਦੇ ਸਾਰੇ ਪ੍ਰਮੁੱਖ ਭਾਜਪਾ ਨੇਤਾਵਾਂ ਨੇ ਆਪੋ ਆਪਣੇ ਖੇਤਰਾਂ ਵਿੱਚ ਸ਼ਰਧਾਂਜਲੀ ਪ੍ਰੋਗਰਾਮ ਕਰਵਾ ਕੇ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸੰਗਠਨ ਮਹਾਂਮੰਤਰੀ ਦਿਨੇਸ਼ ਕੁਮਾਰ, ਅਵਿਨਾਸ਼ ਰਾਏ ਖੰਨਾ, ਡਾ ਸੁਭਾਸ਼ ਸ਼ਰਮਾ, ਤੀਕਸ਼ਣ ਸੂਦ, ਰਾਜੇਸ਼ ਬਾਘਾ ਉਪ-ਪ੍ਰਧਾਨ ਭਾਜਪਾ ਪੰਜਾਬ, ਸ਼ਿਵ ਸੂਦ, ਡਾ ਦਿਲਬਾਗ ਰਾਏ, ਵਿਨੋਦ ਸ਼ਰਮਾ ਆਦਿ ਨੇ ਵੀ ਬਾਬਾ ਸਾਹਿਬ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

# 'ਨਿਊਜ਼ੀਲੈਂਡ ਸਿੱਖ ਗੇਮਜ਼' ਕਮੇਟੀ ਨੇ ਭਾਰਤੀ ਹਾਈ ਕਮਿਸ਼ਨ ਦੇ ਔਕਲੈਂਡ ਦਫਤਰ ਦਿੱਤਾ ਮੰਗ ਪੱਤਰ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਭਾਰਤ ਦੇ ਵਿਚ ਲਾਗੂ ਕੀਤੇ ਗਏ ਨਵੇਂ ਕਿਸਾਨੀ ਬਿੱਲਾਂ ਦੇ ਵਿਰੋਧ ਵਿਚ ਜਿੱਥੇ ਭਾਰਤ ਦੀ ਰਾਜਧਾਨੀ ਦਿੱਲੀ ਨੂੰ ਕਿਸਾਨਾ ਨੇ ਇਕ ਤਰ੍ਹਾਂ ਨਾਲ ਘੇਰਾ ਪਾ ਰੱਖਿਆ ਹੈ ਉਥੇ ਇਨ੍ਹਾਂ ਬਿੱਲਾਂ ਦੇ ਵਿਰੋਧ ਵਿਚ ਦੇਸ਼-ਵਿਦੇਸ਼ ਮੁਜਾਹਰੇ ਅਤੇ ਭਾਰਤੀ ਸਫਾਰਤਖਾਨਿਆਂ ਦੇ ਵਿਚ ਮੰਗ ਪੱਤਰ ਦਿੱਤੇ ਜਾ ਰਹੇ ਹਨ। ਨਿਊਜ਼ੀਲੈਂਡ ਦੇ ਵੱਖ-ਵੱਖ ਸ਼ਹਿਰਾਂ ਦੇ ਵਿਚ ਜਿੱਥੇ ਮੁਜਾਹਰੇ ਜਾਰੀ ਹਨ ਉਥੇ ਅੱਜ 'ਨਿਊਜ਼ੀਲੈਂਡ ਸਿੱਖ ਗੇਮਜ਼' ਸੰਸਥਾ ਵੱਲੋਂ ਭਾਰਤੀ ਹਾਈ ਕਮਿਸ਼ਨ ਦੇ ਨਾਂਅ ਲਿਖਿਆ ਇਕ ਮੰਗ ਪੱਤਰ ਆਕਲੈਂਡ ਵਿਖੇ ਨਿਯੁਕਤ ਕੀਤੇ ਗਏ ਆਨਰੇਰੀ ਕਾਉਂਸਿਲ ਸ. ਭਵਦੀਪ ਸਿੰਘ ਢਿੱਲੋਂ ਦੇ ਦਫਤਰ ਦਿੱਤਾ ਗਿਆ। ਮੰਗ ਪੱਤਰ ਦੇ ਵਿਚ ਭਾਰਤ ਦੇ ਵਿਚ ਲਾਗੂ ਕੀਤੇ ਗਏ ਤਿੰਨ ਕਿਸਾਨੀ ਬਿੱਲਾਂ ਦੇ ਸਬੰਧ ਵਿਚ ਭਾਰਤੀ ਕਿਸਾਨਾਂ ਨੂੰ ਆਉਣ ਵਾਲੀਆਂ ਸੰਭਾਵਿਤ ਮੁਸ਼ਕਿਲਾਂ ਦੇ ਸਬੰਧ ਵਿਚ




ਲਿਖਿਆ ਗਿਆ ਹੈ। ਮੰਗ ਪੱਤਰ ਦੇਣ ਦੇ ਲਈ ਨਿਊਜ਼ੀਲੈਂਡ ਸਿੱਖ ਗੇਮਜ਼ ਕਮੇਟੀ ਦੇ ਚੇਅਰਮੈਨ ਸ. ਤਾਰਾ ਸਿੰਘ ਬੈਂਸ, ਪ੍ਰਧਾਨ ਸ. ਦਲਜੀਤ ਸਿੰਘ ਸਿੱਧੂ, ਸਕੱਤਰ ਸ. ਗੁਰਵਿੰਦਰ ਸਿੰਘ ਔਲਖ, ਖਜ਼ਾਨਚੀ ਸ. ਸੁਰਿੰਦਰ ਸਿੰਘ ਢੀਂਡਸਾ ਅਤੇ ਟੀਮ ਮੈਂਬਰ ਸ. ਗੁਰਜਿੰਦਰ ਸਿੰਘ ਘੁੰਮਣ ਹੋਰੀਂ ਪਹੁੰਚੇ। ਆਨਰੇਰੀ ਕਾਉਂਸਲ ਸ. ਭਵਦੀਪ ਸਿੰਘ ਕੁਝ ਦਿਨਾਂ ਦੇ ਲਈ ਬਾਹਰ ਗਏ ਹੋਣ ਕਰਕੇ ਇਹ ਮੰਗ ਪੱਤਰ ਉਨ੍ਹਾਂ ਦੇ ਸਟਾਫ ਮੈਡਮ ਯੈਸ਼ਮਿਨ ਚਾਂਦ ਨੂੰ ਦਿੱਤਾ ਗਿਆ। ਇਸ ਮੰਗ ਪੱਤਰ ਦੀ ਈਮੇਲ ਕਾਪੀ ਵੀ ਆਨਰੇਰੀ ਕਾਉਂਸਲ ਨੂੰ ਭੇਜੀ ਜਾਵੇਗੀ। ਵਰਨਣਯੋਗ ਹੈ ਕਿ ਇਨ੍ਹਾਂ ਬਿੱਲਾਂ ਦੇ ਵਿਰੋਧ ਵਿਚ ਅੱਜ ਭਾਰਤ ਬੰਦ ਦਾ ਸੱਦਾ ਦਿੱਤਾ ਹੋਇਆ ਹੈ ਅਤੇ ਕੱਲ੍ਹ ਆਖਰੀ ਗੇੜ ਦੀ ਮੀਟਿੰਗ ਵੀ ਰਾਜਧਾਨੀ ਦਿੱਲੀ ਵਿਖੇ ਮੰਤਰੀਆਂ ਨਾਲ ਹੋ ਰਹੀ ਹੈ। ਬਾਹਰ ਬੈਠੇ ਭਾਰਤੀ ਭਾਈਚਾਰੇ ਦਾ ਮੁੱਖ ਮਕਸਦ ਇਹ ਹੈ ਕਿ ਇਨ੍ਹਾਂ ਬਿੱਲਾਂ ਦਾ ਕੋਈ ਨਾ ਕੋਈ ਹੱਲ ਕੱਢ ਕੇ ਇਸ ਮਸਲੇ ਨੂੰ ਬੰਦ ਕੀਤਾ ਜਾਵੇ ਅਤੇ ਕਿਸਾਨਾਂ ਦੇ ਹੱਕ ਵਿਚ ਫੈਸਲਾ ਲਿਆ ਜਾਵੇ।

# ਐਨ.ਬੀਏ ਖਿਡਾਰੀਆਂ 'ਤੇ ਲੱਗੀਆਂ ਕੋਰੋਨਾਂ ਸੇਫਟੀ ਪ੍ਰੋਟੋਕੋਲ ਅਧੀਨ ਨਵੀਆਂ ਪਾਬੰਦੀਆਂ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**– ਐਨ.ਬੀ.ਏ. ਦੇ ਖਿਡਾਰੀਆਂ ਅਤੇ ਸਟਾਫ ਦੀ ਕੋਰੋਨਾਂ ਵਾਇਰਸ ਤੋਂ ਸੁਰੱਖਿਆ ਕਲਨ ਦੇ ਉਦੇਸ਼ ਨਾਲ ਕੁੱਝ ਨਵੇਂ




ਨਿਯਮ ਜਾਰੀ ਕੀਤੇ ਗਏ ਹਨ।ਇਸ ਸੰਬੰਧੀ 2020-21 ਸੀਜ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਸ਼ਨੀਵਾਰ ਨੂੰ ਟੀਮਾਂ ਨੂੰ ਭੇਜੇ ਗਏ ਇੱਕ ਮੈਮੋ ਦੇ ਅਨੁਸਾਰ ਨਵੇਂ ਕੋਵਿਡ -19 ਸਿਹਤ ਅਤੇ ਸੁਰੱਖਿਆ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਖੇਡ ਨਾਲ ਸੰਬੰਧਤ ਵਿਅਕਤੀਆਂ ਦੇ ਬਾਰਾਂ ਅਤੇ ਕਲੱਬਾਂ 'ਚ ਜਾਣ 'ਤੇ ਪਾਬੰਦੀ ਹੋਵੇਗੀ।ਇਸਦੇ ਨਾਲ ਹੀ ਮੈਮੋ ਅਨੁਸਾਰ ਖਿਡਾਰੀ, ਕੋਚ,ਸਟਾਫ ਅਤੇ ਉਨ੍ਹਾਂ ਦੇ ਨਾਲ ਘਰ ਵਿੱਚ ਕੰਮ ਕਰਨ ਵਾਲਿਆਂ ਦਾ ਬਾਰਾਂ, ਕਲੱਬਾਂ,ਲਾਈਵ ਮਨੋਰੰਜਨ ਸਥਾਨਾਂ, ਜਨਤਕ ਜਿੰਮਾਂ ਅਤੇ 15 ਜਾਂ ਵੱਧ ਵਿਅਕਤੀਆਂ ਦੇ ਇਨਡੋਰ ਇਕੱਠਾਂ ਵਿੱਚ ਦਾਖਲ ਹੋਣ ਦੀ ਆਗਿਆ ਨਹੀਂ ਹੈ।ਇਸਦੇ ਇਲਾਵਾ ਖਿਡਾਰੀਆਂ ਨੂੰ ਉਨ੍ਹਾਂ ਦੇ ਹੋਟਲ ਦੇ ਬਾਹਰ ਖਾਣਾ ਖਾਣ ਦੀ ਆਗਿਆ ਕੇਵਲ ਲੀਗ ਦੁਆਰਾ ਮਨਜ਼ੂਰਸ਼ੁਦਾ ਕਿਸੇ ਰੈਸਟੋਰੈਂਟ ਤੇ ਹੀ ਦਿੱਤੀ ਜਾਵੇਗੀ। ਇਸ ਮੈਮੋ ਅਨੁਸਾਰ, ਟੀਮਾਂ ਨੂੰ ਇਸ ਸੁਰੱਖਿਆ ਪ੍ਰੋਟੋਕੋਲ ਦੀ ਉਲੰਘਣਾ ਕਰਨ ਦੇ ਨਤੀਜੇ ਵਜੋਂ ਜੁਰਮਾਨੇ, ਮੁਅੱਤਲੀ, ਚੋਣ ਪ੍ਰਕਿਰਿਆ ਸੰਬੰਧਿਤ ਕਿਸੇ ਤਰ੍ਹਾਂ ਦੀ ਸਜ਼ਾ ਹੋ ਸਕਦੀ ਹੈ। ਇਹਨਾਂ ਪਾਬੰਦੀਆਂ ਦੀ ਰੂਪਰੇਖਾ ਵਾਲੇ ਮੈਮੋ ਦੇ ਵੇਰਵਿਆਂ ਦੀ ਜਾਣਕਾਰੀ ਪਹਿਲਾਂ ਈ ਐਸ ਪੀ ਐਨ ਦੁਆਰਾ ਦਿੱਤੀ ਗਈ ਸੀ। ਐਨ ਬੀ ਏ ਨੇ ਆਪਣੇ 2019-20 ਦੇ ਸੀਜ਼ਨ ਨੂੰ ਇਕ ਵੀ ਖਿਡਾਰੀ, ਕੋਚ ਜਾਂ ਸਟਾਫ ਦੀ ਸਕਾਰਾਤਮਕ ਕੋਰੋਨਾਂ ਪ੍ਰੀਖਿਆ ਤੋਂ ਬਿਨਾਂ ਸਫਲਤਾ ਪੂਰਵਕ ਪੂਰਾ ਕਰਨ ਦੇ ਯੋਗ ਬਣਾਇਆ ਸੀ ਅਤੇ ਹੁਣ ਅਗਲਾ ਸੀਜ਼ਨ, 22 ਦਸੰਬਰ ਨੂੰ ਸ਼ੁਰੂ ਹੋਣ ਵਾਲਾ ਹੈ ਜੋ ਕਿ ਪਹਿਲਾਂ ਨਾਲੋਂ ਵੱਖਰਾ ਹੋਵੇਗਾ।ਇਸ ਵਿੱਚ ਟੀਮਾਂ ਆਪਣੇ ਖੇਤਰ ਵਿੱਚ ਹੀ ਗੇਮਾਂ ਖੇਡਦੀਆਂ ਅਤੇ ਯਾਤਰਾ ਕਰਦੀਆਂ ਹਨ ਜਦਕਿ ਬਹੁਤ ਸਾਰੀਆਂ ਟੀਮਾਂ ਨੇ ਕਿਹਾ ਹੈ ਕਿ ਉਹ ਅਗਲੇ ਨੋਟਿਸ ਤੱਕ ਬਿਨਾਂ ਪ੍ਰਸ਼ੰਸਕਾਂ ਤੋਂ ਵੀ ਖੇਡ ਸਕਦੀਆਂ ਹਨ।

# ਗੁਰਪੁਰਬ ਮੌਕੇ ਕਰਵਾਏ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ



**ਲਸਾੜਾ /ਉੜਾਪੜ–** ਸਾਹਿਬ ਸ਼੍ਰੀ ਗੁਰੁ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਮੋਕੇ ਪਿੰਡ ਸੇਲਕੀਆਣਾ ਵਿਖੇ ਗੁਰੁ ਰਵਿਦਾਸ ਪ੍ਰਬੰਧਕ ਕਮੇਟੀ ਵਲੋਂ ਸਤਿਗੁਰੂ ਰਵਿਦਾਸ ਜੀ ਦੇ ਗੁਰਦੁਆਰਾ ਸਾਹਿਬ ਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ ਤੇ ਗ੍ਰੰਥੀ ਸਿੰਘ ਵਲੋਂ ਸਰਬਤ ਦੇ ਭਲੇ ਦੀ ਅਰਦਾਸ ਬੇਨਤੀ ਕੀਤੀ ਗਈ।ਉਪਰੰਤ ਰਾਤ ਵੇਲੇ ਸੰਗਤਾਂ ਵਲੋਂ ਸ਼ਬਦ ਕੀਰਤਨ ਦਾ ਆਯੋਜਨ ਕੀਤਾ ਗਿਆ ਤੇ ਸੰਗਤਾਂ ਵਾਸਤੇ ਚਾਹ, ਭੁਜੀਆ ਬਦਾਨਾ,ਸਮੋਸੇ ਆਦਿ ਲੰਗਰ ਚਲਾਇਆ ਗਿਆ।

ਇਸ ਮੋਕੇ ਗੁਰੁ ਰਵਿਦਾਸ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਯਾਦਵਿੰਦਰ ਸਿੰਘ ਅਤੇ ਗੁਰੁ ਘਰ ਦੇ ਗ੍ਰੰਥੀ ਸ਼ਿੰਗਾਰਾ ਰਾਮ ਵਲੋਂ ਆਖਿਆ ਕਿ ਸ਼੍ਰੀ ਗੁਰੁ ਨਾਨਕ ਦੇਵ ਜੀ ਨੇ ਸਿੱਖੀ ਦਾ ਬੂਟਾ ਲਗਾਕੇ ਅਰਾਮ ਨਾਲ ਬੈਠਣ ਦੀ ਬਜਾਏ ਸਾਰੇ ਸੰਸਾਰ ਦੀ ਸਮੁੱਚੀ ਮਾਨਵਤਾ ਨੂੰ ਕਿਰਤ ਕਰਨ, ਨਾਮ ਜੱਪਣ, ਵੰਡ ਛਕਣ ਦਾ ਉਪਦੇਸ਼ ਦਿਤਾ ਤੇ ਲੋੜਬੰਦ ਲੋਕਾਂ ਦੀ ਸਹਾਇਤਾ ਕਰਨ ਦੀ ਅਪੀਲ ਕੀਤੀ ਇਸ ਕਰਕੇ ਸਾਰੇ ਧਰਮ ਸਾਹਿਬ ਸ਼੍ਰੀ ਗੁਰੁ ਨਾਨਕ ਜੀ ਦੇ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਉਦੇ ਹਨ ਤੇ ਸ਼੍ਰੀ ਗੁਰੁ ਨਾਨਕ ਦੇਵ ਜੀ ਦੇ ਜਨਮ ਦਿਵਸ ਦੀ ਸੰਗਤਾਂ ਨੂੰ ਵਧਾਈ ਦਿਤੀ। ਇਸ ਮੋਕੇ ਬਖਸੀਸ ਚੰਦ. ਸਾ. ਸਰਪੰਚ, ਵੀਰ ਚੰਦ, ਸੋਢੀ ਸੁਮਣ, ਰਾਮ ਕਿਸ਼ਨ, ਤਰਸੇਮ ਲਾਲ, ਕਸ਼ਮੀਰ ਲਾਲ, ਜਗਜੀਵਨ, ਸਤਨਾਮ ਬਿੱਲਾ, ਪ੍ਰੀਤ ਬੰਗੜ, ਜੀਤਾ ਤੋਂ ਇਲਾਵਾ ਹੋਰ ਸੰਗਤਾਂ ਹਾਜਰ ਸਨ।

– **ਬੱਗਾ ਸੇਲਕੀਆਣਾ**




# ਡਾ. ਅੰਬੇਡਕਰ ਪਰਿਨਿਰਵਾਣ ਦਿਵਸ ਮੌਕੇ ਕਿਤਾਬ "ਯੂ.ਐਨ.ਓ.ਤੱਕ." ਰਿਲੀਜ਼

**ਬੰਗਾ (ਬਿਊਰੋ)–** ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 64ਵੇਂ ਪਰਿਨਿਰਵਾਣ ਦਿਵਸ ਮੌਕੇ ਸਾਹਿਤਕ ਪ੍ਰੇਮੀ ਅਤੇ ਪੰਜਾਬ ਸਰਕਾਰ ਤੋਂ ਸਨਮਾਨਿਤ ਸਰਪੰਚ ਸ਼੍ਰੀ ਸੰਤੋਖ ਸਿੰਘ ਜੱਸੀ ਦੀ ਪਲੇਠੀ ਪੁਸਤਕ "ਯੂ. ਐਨ. ਓ. ਤੱਕ..." ਰਿਲੀਜ਼ ਸਮਾਰੋਹ ਕੀਤਾ ਗਿਆ। ਇਸ ਸਮਾਗਮ ਵਿੱਚ ਉੱਘੇ ਸਾਹਿਤਕਾਰ, ਖੋਜੀ, ਖੇਤੀ ਵਿਗਿਆਨੀ ਅਤੇ ਯੂ.ਐਨ.ਓ. ਤੋਂ ਸਨਮਾਨਿਤ ਸ਼ਖਸੀਅਤ ਸ੍ਰ: ਮਹਿੰਦਰ ਸਿੰਘ ਦੁਸਾਂਝ ਨੇ ਸ਼੍ਰੀ ਜੱਸੀ ਨੂੰ ਵਧਾਈ ਤੇ ਸ਼ੁੱਭਇੱਛਾਵਾਂ ਦਿੰਦਿਆਂ ਕਿਹਾ ਕਿ ਅੰਬੇਡਕਰੀ ਸਾਹਿਤ ਵਿੱਚ ਉਹਨਾਂ ਦੀ ਇਹ ਕਿਤਾਬ ਅੰਬੇਡਕਰੀ ਪੈਰੋਕਾਰਾਂ ਅਤੇ ਸਾਹਿਤ ਵਿੱਚ ਡੂੰਘੀ ਦਿਲਚਸਪੀ ਰੱਖਣ ਵਾਲਿਆਂ ਲਈ ਨਵੀਂਆਂ ਜਾਣਕਾਰੀਆਂ ਮੁਹੱਈਆ ਕਰਵਾਉਣ ਵਾਲਾ ਦਸਤਾਵੇਜ਼ ਸਾਬਿਤ ਹੋਵੇਗੀ। ਇਸ ਕਿਤਾਬ ਵਿੱਚ ਸ਼੍ਰੀ ਜੱਸੀ ਨੇ ਡਾ. ਅੰਬੇਡਕਰ ਦੇ ਬਹੁਤ ਸਾਰੇ ਅਣਛੂਹੇ ਪੱਖਾਂ ਅਤੇ ਪੰਜਾਬ ਯਾਤਰਾ ਨੂੰ ਵਿਸ਼ੇਸ਼ ਤੌਰ 'ਤੇ ਵਰਣਨ ਕੀਤਾ ਹੈ। ਇਸ ਮੌਕੇ ਸ਼੍ਰੀ ਜੱਸੀ ਨੇ ਕਿਹਾ ਕਿ ਇਹ ਕਿਤਾਬ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸੰਘਰਸ਼ਮਈ ਜੀਵਨ ਅਤੇ ਸਮੁੱਚੀ ਮਾਨਵਤਾ ਨੂੰ ਉਹਨਾਂ ਦੀ ਦੇਣ ਵਜੋਂ ਇੱਕ ਸ਼ਰਧਾਂਜਲੀ ਮਾਤਰ ਹੈ।

ਉਹਨਾਂ ਨੇ ਕਿਤਾਬ ਛਪਵਾਉਣ ਵਿੱਚ ਸਹਿਯੋਗ ਕਰਨ ਵਾਲੀਆਂ ਸਾਰੀਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮਿਸ਼ਨਰੀ ਕਵੀ ਅਤੇ ਉੱਘੇ ਲੇਖਕ ਸੋਹਣ ਸਹਿਜਲ ਫਗਵਾੜਾ ਅਤੇ ਡਾ. ਕਸ਼ਮੀਰ ਚੰਦ ਨੇ ਕਿਹਾ ਕਿ ਇਸ ਕਿਤਾਬ ਵਿੱਚ ਬਾਬਾ ਸਾਹਿਬ ਜੀ ਦੀਆਂ ਬਹੁਪੱਖੀ, ਸੰਸਾਰ ਪੱਧਰੀ ਪ੍ਰਾਪਤੀਆਂ ਅਤੇ ਪੰਜਾਬੀਆਂ ਨੂੰ ਦੇਣ ਬਾਰੇ ਵਿਸ਼ੇਸ਼ ਉਲੇਖ ਕੀਤਾ ਗਿਆ ਹੈ। ਇਸ ਮੌਕੇ ਉੱਘੇ ਗ਼ਜ਼ਲਗੋ ਅਮਰੀਕ ਗ਼ਾਫ਼ਿਲ, ਦੀਪ ਕਲੇਰ, ਗਾਇਕ ਅਮਰਿੰਦਰ ਬੌਬੀ ਪਟਿਆਲਾ, ਡਾ. ਨਰੰਜਣ ਪਾਲ, ਡਾ. ਸੁਖਵਿੰਦਰ ਹੀਰਾ, ਪ੍ਰਿੰਸੀਪਲ ਜਸਵੀਰ ਸਿੰਘ ਖਾਨਖਾਨਾਂ, ਹਰਬੰਸ ਹੀਉਂ, ਰੇਸ਼ਮ ਕਰਨਾਣਵੀ, ਮੋਹਣ ਬੀਕਾ, ਸ਼ਿੰਗਾਰਾ ਰਾਮ ਲੰਗੇਰੀ, ਸੰਜੀਵ ਕੁਮਾਰ ਐਮਾਂ ਜੱਟਾਂ, ਕਿਸ਼ਨ ਖਟਕੜ੍ਹ, ਬਿੰਦਰ ਝਿੰਗੜ੍ਹਾਂ ਵਾਲਾ, ਰਾਜ ਹੀਉਂ, ਦਵਿੰਦਰ ਬੇਗ਼ਮਪੁਰੀ, ਚਰਨਜੀਤ ਸੱਲ੍ਹਾਂ ਆਦਿ ਹਾਜ਼ਰ ਸਨ।














ਲੇਖਕ ਸੰਤੋਖ ਸਿੰਘ ਜੱਸੀ ਦੀ ਪਲੇਠੀ ਪੁਸਤਕ "ਯੂ.ਐਨ.ਓ. ਤੱਕ..." ਨੂੰ ਰਿਲੀਜ਼ ਕਰਦੇ ਹੋਏ ਉੱਘੇ ਸਾਹਿਤਕਾਰ, ਵਿਸ਼ਵ ਪੱਧਰੀ ਸ਼ਖਸੀਅਤ ਸ੍ਰ. ਮਹਿੰਦਰ ਸਿੰਘ ਦੁਸਾਂਝ, ਲੇਖਕ ਸੋਹਣ ਸਹਿਜਲ, ਡਾ. ਕਸ਼ਮੀਰ ਚੰਦ, ਡਾ. ਬਖਸ਼ੀਸ਼ ਸਿੰਘ, ਰਸ਼ਪਾਲ ਕੌਰ ਬੀਕਾ ਆਦਿ ਸ਼ਖਸੀਅਤਾਂ।

# ਬੇਗ਼ਮਪੁਰਾ ਫਾਊਂਡੇਸ਼ਨ ਪੰਜਾਬ ਵਲੋਂ ਬਾਬਾ ਸਾਹਿਬ ਨੂੰ ਨੋਬਲ ਪੁਰਸਕਾਰ ਦੇਣ ਦੀ ਮੰਗ

**ਬੰਗਾ (ਬਿਊਰੋ)**: ਬੇਗ਼ਮਪੁਰਾ ਫਾਊਂਡੇਸ਼ਨ ਪੰਜਾਬ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਨੂੰ ਨੋਬਲ ਪੁਰਸਕਾਰ ਦੇਣ ਦੀ ਮੰਗ ਕੀਤੀ। ਇਸ ਸੰਬੰਧੀ ਫਾਊਂਡੇਸ਼ਨ ਦੇ ਪ੍ਰਧਾਨ ਸੰਤੋਖ ਸਿੰਘ ਜੱਸੀ, ਜਨਰਲ ਸਕੱਤਰ ਸੰਜੀਵ ਕੁਮਾਰ ਐਮਾਂ ਜੱਟਾਂ, ਪ੍ਰਿੰਸੀਪਲ ਜਸਵੀਰ ਸਿੰਘ ਖਜਾਨਚੀ ਅਤੇ ਪ੍ਰਬੰਧਕੀ ਟੀਮ ਵਲੋਂ ਮੰਗ ਕਰਦਿਆਂ ਕਿਹਾ ਕਿ ਜੇਕਰ ਮਨੁੱਖੀ ਹੱਕਾਂ ਲਈ ਲੜ੍ਹਨ ਵਾਲੇ ਮਾਰਟਿਨ ਲੂਥਰ ਕਿੰਗ ਅਮਰੀਕਾ ਨੇ ਸ਼ਾਂਤਮਈ ਤਰੀਕੇ ਨਾਲ ਮਨੁੱਖੀ ਹੱਕਾਂ ਦੀ ਬਹਾਲੀ ਲਈ ਸਾਰੀ ਜ਼ਿੰਦਗੀ ਸੰਘਰਸ਼ ਕੀਤਾ। ਜਿਸ ਦੇ ਬਦਲੇ ਉਹਨਾਂ ਨੂੰ ਨੋਬਲ ਪੁਰਸਕਾਰ ਦਿੱਤਾ ਗਿਆ। ਇਸੇ ਤਰ੍ਹਾਂ ਡਾ. ਅੰਬੇਡਕਰ ਜੀ ਨੇ ਹਜਾਰਾਂ ਸਾਲਾਂ ਤੋਂ ਮਨੁੱਖੀ ਹੱਕਾਂ ਤੋਂ ਵਾਂਝੇ ਲੋਕਾਂ ਨੂੰ ਬਰਾਬਰਤਾ ਅਤੇ ਇਨਸਾਫ ਦਿਵਾਉਣ ਲਈ ਸ਼ਾਂਤਮਈ ਤਰੀਕੇ ਨਾਲ ਸਾਰੀ ਜ਼ਿੰਦਗੀ ਸੰਘਰਸ਼ ਕੀਤਾ ਅਤੇ ਕਰੋੜਾਂ ਲੋਕਾਂ ਦੇ ਮਨੁੱਖੀ ਹੱਕ ਬਹਾਲ ਕਰਾਏ। ਉਹਨਾਂ ਦੱਸਿਆ ਕਿ ਅੱਜ ਦੇਸ਼ ਅਤੇ ਵਿਦੇਸ਼ ਵਿੱਚ ਬਾਬਾ ਸਾਹਿਬ ਨੂੰ ਸਭ ਤੋਂ ਵੱਧ ਪੜ੍ਹਿਆ, ਖੋਜਿਆ ਅਤੇ ਜਾਣਿਆ ਜਾਣ ਲੱਗਾ ਹੈ ਅਤੇ ਉਹਨਾਂ ਨੂੰ ਵੱਡੇ ਤੋਂ ਵੱਡੇ ਸਨਮਾਨ ਨਾਲ ਨਿਵਾਜ਼ਿਆ ਜਾ



ਚੁੱਕਾ ਹੈ। ਜਿਸ ਕਰਕੇ ਉਹ ਨੋਬਲ ਪੁਰਸਕਾਰ ਦੇ ਹੱਕਦਾਰ ਹਨ। ਦੂਜੀ ਮੰਗ ਕਰਦਿਆਂ ਉਹਨਾਂ ਕਿਹਾ ਕਿ ਪਿਛਲੇ ਕਰੀਬ 5 ਹਜਾਰ ਸਾਲਾਂ ਤੋਂ ਦੇਸ਼ ਵਿੱਚ ਚੱਲ ਰਹੀ ਗੈਰ ਬਰਾਬਰੀ ਵਿਵਸਥਾ ਕਾਰਨ ਮਨੁੱਖਤਾ ਦਾ ਘਾਣ ਹੋਇਆ ਹੈ।

ਮਨੁੱਖ ਤੋਂ ਮਨੁੱਖ ਨਾਲ ਨਫ਼ਰਤ, ਵਿਤਕਰਾ, ਛੂਆਛਾਤ ਅਤੇ ਪਸ਼ੂਆਂ ਤੋਂ ਵੀ ਭੈੜਾ ਵਿਵਹਾਰ ਹੁੰਦਾ ਰਿਹਾ ਅਤੇ ਕਰੋੜਾਂ ਲੋਕਾਂ 'ਤੇ ਹੋਏ ਤਸ਼ੱਦਦ ਕਾਰਨ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਸਮੁੱਚੀ ਮਨੁੱਖਤਾ ਪਾਸੋਂ ਖ਼ਿਮਾ ਜਾਚਨਾ ਕਰਨੀ ਚਾਹੀਦੀ ਹੈ। ਕਿਉਂਕਿ ਜੇਕਰ ਦੇਸ਼ ਵਿੱਚ ਗੈਰ ਬਰਾਬਰੀ ਵਾਲੀ ਵਿਵਸਥਾ ਨਾ ਹੁੰਦੀ ਤਾਂ ਕੁਦਰਤ ਵਲੋਂ ਭਾਰਤ ਨੂੰ ਦਿੱਤੀਆਂ ਵੱਡਮੁੱਲੀਆਂ ਦਾਤਾਂ ਕਾਰਨ ਦੇਸ਼ ਇੱਕ ਵਿਕਸਿਤ ਦੇਸ਼ (ਸੁਪਰ ਕੰਟਰੀ) ਹੁੰਦਾ। ਤੀਜੀ ਮੰਗ ਸੰਬੰਧੀ ਉਹਨਾਂ ਭਾਰਤ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਮਿਸ਼ਨ ਨੂੰ ਮੁੜ ਸੁਰਜੀਤ ਕਰਕੇ ਕਰੋੜਾਂ ਲੋਕਾਂ ਵਿੱਚ ਜਜ਼ਬਾ ਭਰਕੇ ਰਾਜਨੀਤਿਕ ਚੇਤੰਨਤਾ ਪੈਦਾ ਕਰਨ ਵਾਲੇ ਬਹੁਜਨ ਨਾਇਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਦਿੱਤਾ ਜਾਵੇ।

# ਬਾਬਾ ਸਾਹਿਬ ਦੇ ਪਰਿਨਿਰਵਾਣ ਦਿਵਸ ਮੌਕੇ "ਇੱਕ ਸ਼ਾਮ, ਬਾਬਾ ਸਾਹਿਬ ਜੀ ਦੇ ਨਾਮ" ਆਯੋਜਿਤ

## ਪੰਜ ਵਿਸ਼ਵ ਪੱਧਰੀ ਸ਼ਖਸੀਅਤਾਂ ਨੂੰ "ਡਾ.ਅੰਬੇਡਕਰ ਮੈਮੋਰੀਅਲ ਐਵਾਰਡ 2020" ਭੇਂਟ





ਬੇਗ਼ਮਪੁਰਾ ਫਾਊਂਡੇਸ਼ਨ ਪੰਜਾਬ ਵਲੋਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ 64ਵੇਂ ਪਰਿਨਿਰਵਾਣ ਮੌਕੇ ਸਿੱਖ ਨੈਸ਼ਨਲ ਕਾਲਜ, ਬੰਗਾ ਵਿਖੇ ਕਰਵਾਏ ਸਮਾਗਮ ਦੌਰਾਨ ਕਮਲਦੀਪ ਕਾਹਮਾ ਮਿਸਟਰ ਵਰਲਡ ਬਾਡੀ ਬਿਲਡਰ ਫਿੱਟਨੈੱਸ ਦੀ ਸਤਿਕਾਰਯੋਗ ਮਾਤਾ ਮਹਿੰਦਰ ਕੌਰ ਨੂੰ "ਡਾ. ਅੰਬੇਡਕਰ ਮੈਮੋਰੀਅਲ ਐਵਾਰਡ 2020" ਭੇਂਟ ਕਰਦੇ ਹੋਏ ਮੁੱਖ ਮਹਿਮਾਨ ਸ੍ਰ. ਮਹਿੰਦਰ ਸਿੰਘ ਦੁਸਾਂਝ, ਡਾ. ਕਸ਼ਮੀਰ ਚੰਦ, ਸੰਤੋਖ ਸਿੰਘ ਜੱਸੀ, ਸੋਹਣ ਸਹਿਜਲ, ਡਾ. ਬਖਸ਼ੀਸ਼ ਸਿੰਘ, ਰਸ਼ਪਾਲ ਕੌਰ ਬੀਕਾ, ਕੋਚ ਗੁਰਿੰਦਰਜੀਤ ਸਿੰਘ ਬਾਂਸਲ ਆਦਿ।

**ਬੰਗਾ (ਬਿਊਰੋ)–** ਸਿੱਖ ਨੈਸ਼ਨਲ ਕਾਲਜ, ਬੰਗਾ ਵਿਖੇ ਬੇਗ਼ਮ-ਪੁਰਾ ਫਾਊਂਡੇਸ਼ਨ ਪੰਜਾਬ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦੇ 64ਵੇਂ ਪਰਿਨਿਰਵਾਣ ਦਿਵਸ 'ਤੇ "ਇੱਕ ਸ਼ਾਮ, ਬਾਬਾ ਸਾਹਿਬ ਜੀ ਦੇ ਨਾਮ" ਬੈਨਰ ਹੇਠ ਇੱਕ ਵਿਸ਼ਾਲ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਕਿਸਾਨ ਅੰਦੋਲਨ ਨੂੰ ਸਮਰਪਿਤ ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਉੱਘੇ ਲੇਖਕ, ਖੋਜਕਾਰ, ਸਫ਼ਲ ਕਿਸਾਨ ਅਤੇ ਮਨੁੱਖਤਾ ਲਈ ਕੀਤੀਆਂ ਲਾਜਵਾਬ ਸੇਵਾਵਾਂ ਲਈ ਯੂ.ਐਨ.ਓ. ਤੋਂ ਸਨਮਾਨਿਤ ਸ੍ਰ. ਮਹਿੰਦਰ ਸਿੰਘ ਦੁਸਾਂਝ, ਮੁੱਖ ਬੁਲਾਰੇ ਡਾ. ਕਸ਼ਮੀਰ ਚੰਦ ਪ੍ਰਧਾਨ ਆਲ ਇੰਡੀਆ ਮੈਡੀਕਲ ਐਸੋਸੀਏਸ਼ਨ ਬ੍ਰਾਂਚ ਬੰਗਾ, ਮਿਸ਼ਨਰੀ ਕਵੀ ਅਤੇ ਲੇਖਕ ਸੋਹਣ ਸਹਿਜਲ ਫਗਵਾੜਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਸਮਾਗਮ ਦੌਰਾਨ ਸ੍ਰ. ਮਹਿੰਦਰ ਸਿੰਘ ਦੁਸਾਂਝ ਨੇ ਕਿਹਾ ਕਿ ਆਧੁਨਿਕ ਭਾਰਤ ਦੇ ਨਿਰਮਾਣ ਵਿੱਚ ਡਾ. ਬੀ.ਆਰ. ਅੰਬੇਡਕਰ ਜੀ ਦਾ ਬਹੁਤ ਵੱਡਾ ਯੋਗਦਾਨ ਹੈ। ਜੇਕਰ ਅੱਜ ਭਾਰਤ ਤਰੱਕੀਆਂ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ ਤਾਂ ਇਹ ਬਾਬਾ ਸਾਹਿਬ ਵਲੋਂ ਬਣਾਏ ਸੰਵਿਧਾਨ ਕਰਕੇ ਹੀ ਸੰਭਵ ਹੋ ਸਕਿਆ ਹੈ। ਸਮਾਗਮ ਦੇ ਮੁੱਖ ਬੁਲਾਰੇ ਡਾ. ਕਸ਼ਮੀਰ ਚੰਦ ਨੇ ਕਿਹਾ ਕਿ ਡਾ. ਅੰਬੇਡਕਰ ਜੀ ਦੀ ਬਦੌਲਤ ਹੀ ਅੱਜ ਅਸੀਂ ਆਜਾਦੀ ਦਾ ਅਸਲ ਨਿੱਘ ਮਾਣ ਰਹੇ ਹਾਂ। ਮਿਸ਼ਨਰੀ ਕਵੀ ਸੋਹਣ ਸਹਿਜਲ ਨੇ ਆਪਣੀ ਕਵਿਤਾ 'ਬਾਬਾ ਸਾਹਿਬ ਬਾਰੇ ਲਿਖਣ ਲੱਗਾ, ਕਦੇ ਸੰਭਲ ਜਾਵਾਂ, ਕਦੇ ਡੋਲਾਂ ਮੈਂ', ਗੁਰਦਾਸ ਮਾਨ ਦੇ ਸ਼ਾਗਿਰਦ ਗਾਇਕ ਅਮਰਿੰਦਰ ਬੌਬੀ ਨੇ 'ਇੱਕ ਚਿੱਠੀ ਲਿਖਣੀ ਔਖੀ, ਤੂੰ ਲਿਖ ਦਿੱਤਾ ਸੰਵਿਧਾਨ', ਗਾਇਕ ਧਰਮਿੰਦਰ ਮਸਾਣੀ ਨੇ 'ਇੱਕ ਰੋਟੀ ਘੱਟ ਖਾ ਲਿਓ, ਬੱਚੇ ਆਪਣੇ ਜਰੂਰ ਪੜ੍ਹਾਇਓ', ਗਾਇਕ ਲੱਕੀ ਕੰਗ ਨੇ 'ਦੁਨੀਆਂ 'ਤੇ ਜੰਮਣਾ ਨੀ ਮੁੜ ਕੇ, ਭੀਮ ਰਾਓ ਜਿਹਾ ਕੋਈ ਸੂਰਮਾ' ਅਤੇ ਗਾਇਕ ਜਸਇੰਦਰ ਨੇ 'ਹੁਣ ਸਾਡਾ ਸਿੱਕਾ ਚੱਲੂ, ਪਹਿਲਾਂ ਹੋਰ ਚਲਾਉਂਦੇ ਸੀ' ਆਦਿ ਅਨੇਕਾਂ ਗੀਤਾਂ, ਰਚਨਾਵਾਂ ਰਾਹੀਂ ਬਾਬਾ ਸਾਹਿਬ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਕਾਨੂੰਨ ਦੀ ਵਿਦਿਆਰਥਣ ਰੁਪਿੰਦਰ ਕੌਰ ਗੁਣਾਚੌਰ ਨੇ ਬਾਬਾ ਸਾਹਿਬ ਦੀ ਔਰਤਾਂ ਨੂੰ ਦੇਣ ਬਾਰੇ ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ 'ਤੇ ਪ੍ਰਸਿੱਧ ਨਾਟਕ ਮੰਡਲੀ ਪ੍ਰਗਤੀ ਕਲਾ ਕੇਂਦਰ ਲਾਂਦੜਾ (ਜਲੰਧਰ) ਦੀ ਟੀਮ ਨੇ ਸੋਢੀ ਰਾਣਾ ਦੀ ਨਿਰਦੇਸ਼ਨਾ ਹੇਠ 'ਉਪੇਰਾ ਭੀਮ ਮਹਾਨ' ਨਾਟਕ ਪੇਸ਼ ਕੀਤਾ। ਜਿਸ ਨੂੰ ਦਰਸ਼ਕਾਂ ਨੇ ਸਾਹ ਰੋਕ ਕੇ ਦੇਖਿਆ। ਇਸ ਸਮਾਗਮ ਦੌਰਾਨ ਵਿਸ਼ਵ ਪੱਧਰ 'ਤੇ ਵੱਖ-ਵੱਖ ਖੇਤਰਾਂ ਵਿੱਚ ਮੱਲ੍ਹਾਂ ਮਾਰਨ ਵਾਲੀਆਂ ਪੰਜ ਸ਼ਖਸੀਅਤਾਂ ਨੂੰ "ਡਾ. ਅੰਬੇਡਕਰ ਮੈਮੋਰੀਅਲ ਐਵਾਰਡ 2020" ਦਿੱਤਾ ਗਿਆ। ਐਵਾਰਡ ਪ੍ਰਾਪਤ ਕਰਨ ਵਾਲੀਆਂ ਸ਼ਖਸੀਅਤਾਂ ਵਿੱਚ ਕਮਲਦੀਪ ਕਾਹਮਾ (ਮਿਸਟਰ ਵਰਲਡ ਬਾਡੀ ਬਿਲਡਰ ਫਿੱਟਨੈੱਸ), ਜਸਵੀਰ ਸਿੰਘ ਕਰਨਾਣਾ (ਓਲੰਪੀਅਨ ਵੇਟ ਲਿਫ਼ਟਰ), ਪ੍ਰਭਜੋਤ ਕੌਰ ਸੈਣੀ (ਲੈਕਚਰਾਰ ਵਿਕਟੋਰੀਆ ਯੂਨੀਵਰਸਿਟੀ ਆਸਟ੍ਰੇਲੀਆ), ਡਾ. ਸਵਿਤਾ ਮੱਲ ਅਮਰੀਕਾ (ਪੰਜਾਬ ਦੀ ਪਹਿਲੀ ਦਲਿਤ ਲੜਕੀ ਜਿਸ ਨੇ ਦਸਵੀਂ ਦੀ ਪ੍ਰੀਖਿਆ ਵਿੱਚੋਂ 94% ਅੰਕ ਪ੍ਰਾਪਤ ਕਰਕੇ ਇਤਿਹਾਸ ਸਿਰਜਿਆ), ਹਰਦੇਵ ਸ਼ੋਕਰ (ਦੁਨੀਆਂ ਦੀ ਸਭ ਤੋਂ ਉੱਚੀ ਸੜਕ 'ਤੇ ਦੋ ਵਾਰ ਜਾਣ ਵਾਲਾ ਸੰਸਾਰ ਦਾ ਪਹਿਲਾ ਵਿਅਕਤੀ) ਸ਼ਾਮਿਲ ਸਨ। ਇਹਨਾਂ ਤੋਂ ਇਲਾਵਾ ਰਣਜੀਤ ਔਜਲਾ (ਗੋਲਡ ਮੈਡਲਿਸਟ ਬਾਕਸਿੰਗ, ਰਸ਼ੀਆ) ਅਤੇ ਨਵਜੋਤ ਸਿੰਘ ਝਿੰਗੜ (ਗੋਲਡ ਮੈਡਲਿਸਟ ਵੁਸ਼ੂ, ਰਸ਼ੀਆ) ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਵੱਖ-ਵੱਖ ਪ੍ਰਕਾਸ਼ਕਾਂ ਵਲੋਂ ਲਗਾਈ ਕਿਤਾਬਾਂ ਦੀ ਪ੍ਰਦਰਸ਼ਨੀ ਵਿਸ਼ੇਸ਼ ਆਕਰਸ਼ਣ ਦਾ ਕਾਰਨ ਬਣੀ। ਇਸ ਸਮੁੱਚੇ ਸਮਾਗਮ ਦੌਰਾਨ ਸਟੇਜ਼ ਸਕੱਤਰ ਦੀ ਭੂਮਿਕਾ ਬੇਗ਼ਮਪੁਰਾ ਫਾਊਂਡੇਸ਼ਨ ਦੇ ਜਨਰਲ ਸਕੱਤਰ, ਬੁਲਾਰੇ ਸ਼੍ਰੀ ਸੰਜੀਵ ਕੁਮਾਰ ਐਮਾਂ ਜੱਟਾਂ ਨੇ ਬਾਖੂਬੀ ਨਿਭਾਈ। ਇਸ ਮੌਕੇ ਫਾਊਂਡੇਸ਼ਨ ਦੇ ਪ੍ਰਧਾਨ ਅਤੇ ਪੰਜਾਬ ਸਰਕਾਰ ਤੋਂ ਸਨਮਾਨਿਤ ਸਰਪੰਚ ਸ਼੍ਰੀ ਸੰਤੋਖ ਸਿੰਘ ਜੱਸੀ ਨੇ ਆਏ ਹੋਏ ਮਹਿਮਾਨਾਂ ਅਤੇ ਬੁੱਧੀਜੀਵੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਭਾਰਤ ਦੇ ਨਵਨਿਰਮਾਣ ਲਈ ਫਾਊਂਡੇਸ਼ਨ ਆਪਣੇ ਯਤਨ ਨਿਰੰਤਰ ਜਾਰੀ ਰੱਖੇਗੀ, ਤਾਂ ਜੋ ਮਾਨਵਤਾਵਾਦੀ ਮਹਾਂਪੁਰਸ਼ਾਂ ਦੀ ਸੋਚ ਵਾਲੇ ਬੇਗ਼ਮਪੁਰੇ ਦੀ ਸਥਾਪਨਾ ਕੀਤੀ ਜਾ ਸਕੇ। ਇਸ ਮੌਕੇ ਹਾਜਰ ਪ੍ਰਮੁੱਖ ਸ਼ਖਸੀ-ਅਤਾਂ ਵਿੱਚ ਡਾ. ਓਂਕਾਰ ਸਿੰਘ, ਡਾ. ਨਰੰਜਣ ਪਾਲ ਹੀਉਂ, ਡਾ. ਸੁਖਵਿੰਦਰ ਹੀਰਾ, ਡਾ. ਬਖਸ਼ੀਸ਼ ਸਿੰਘ, ਡਾ. ਰਾਹੁਲ ਫਗਵਾੜਾ, ਡਾ. ਕੁਲਦੀਪ ਰਾਜ, ਡਾ. ਸਤਨਾਮ ਜੱਸੀ, ਐਸ.ਡੀ.ਓ. ਜਗਦੀਸ਼ ਵਿਰਦੀ, ਐਸ.ਡੀ. ਗੁਰਬਖਸ਼ ਰਾਮ ਬਾਹੜੋਵਾਲ, ਐਕਸੀਅਨ ਜਸਮੇਲ ਸਿੰਘ, ਅਮੋਲਕ ਚੱਕਕਲਾਲਵੀ, ਸ਼ਿੰਗਾਰਾ ਰਾਮ ਲੰਗੇਰੀ, ਪ੍ਰਿੰਸੀਪਲ ਰਾਜਵਿੰਦਰ ਕੌਰ ਸਿੱਧੂ, ਪ੍ਰਿੰਸੀਪਲ ਜਸਵੀਰ ਸਿੰਘ ਖਾਨਖਾਨਾਂ, ਪ੍ਰਿੰਸੀਪਲ ਕੁਲਵੰਤ ਸਿੰਘ ਸੈਣੀ, ਉੱਘੇ ਗ਼ਜ਼ਲਗੋ ਅਮਰੀਕ ਗ਼ਾਫ਼ਿਲ, ਹਰਬਿਲਾਸ ਸਿੰਘ ਝਿੰਗੜ ਅਮਰੀਕਾ, ਮਾਸਟਰ ਮਦਨ ਲਾਲ, ਮਾਸਟਰ ਕੁਲਵਿੰਦਰ ਬੰਗਾ, ਜੈ ਪਾਲ ਸੁੰਡਾ, ਪ੍ਰਦੀਪ ਜੱਸੀ, ਹਰਬੰਸ ਹੀਉਂ, ਦੀਪ ਕਲੇਰ, ਰੇਸ਼ਮ ਕਰਨਾਣਵੀ, ਰਾਜ ਹੀਉਂ, ਇਕਬਾਲ ਸਿੰਘ ਕਾਹਮਾ, ਮੋਹਣ ਬੀਕਾ, ਖੁਸ਼ੀ ਰਾਮ ਗੁਣਾਚੌਰ, ਕੋਚ ਗੁਰਿੰਦਰਜੀਤ ਸਿੰਘ ਬਾਂਸਲ, ਕੋਚ ਜਗਦੀਸ਼ ਲਾਲ ਗੁਣਾਚੌਰ, ਮੱਖਣ ਸਿੰਘ ਤਾਹਰਪੁਰੀ, ਪ੍ਰੋਫੈੱਸਰ ਕਿਸ਼ਨ ਕੁਮਾਰ ਖਟਕੜ੍ਹ, ਪ੍ਰੋਫੈੱਸਰ ਗੁਰ-ਮੁੱਖ ਸਿੰਘ ਥਾਂਦੀ, ਇੰਜੀਨੀਅਰ ਅਮਨਦੀਪ ਸਿੰਘ ਸਿੱਧੂ, ਦਲਵੀਰ ਬੌਧ, ਪ੍ਰਦੀਪ ਸਿੱਧੂ, ਜਤਿੰਦਰ ਜੱਸੀ ਖਮਾਚੋਂ, ਜਸਕਰਨ ਸਰੋਏ, ਰਮੇਸ਼ ਕੁਮਾਰ ਅਟਾਰੀ, ਰਸ਼ਪਾਲ ਕੌਰ ਬੀਕਾ, ਕਮਲਜੀਤ ਮਾਂਗਟ, ਮੈਨੇਜ਼ਰ ਰਾਜ ਕੁਮਾਰ ਦੀਵਾਨ, ਸੇਵਾ ਦਾਸ, ਧਰਮਵੀਰ ਲਧਾਣਾ ਉੱਚਾ, ਕਸ਼ਮੀਰ ਕੌਰ ਐਮਾਂ ਜੱਟਾਂ, ਹਰਭਜਨ ਸੁੰਮਨ, ਜੀਤ ਸਿੰਘ ਭਾਟੀਆ, ਹਰੀ ਪਾਲ ਬੰਗਾ, ਅਮਨ ਬੋਧ, ਕੁਲਦੀਪ ਬੰਗਾ, ਰਮੇਸ਼ ਸਿੰਘ, ਗੁਰਮੀਤ ਸਿੰਘ ਜੱਸੀ, ਸੋਨੂੰ ਸੂਦ, ਕੁਲਦੀਪ ਬਹਿਰਾਮ, ਸੱਤਪਾਲ ਰਟੈਂਡਾ, ਰਾਮਕਿਸ਼ਨ ਪੱਲੀ ਝਿੱਕੀ, ਦਵਿੰਦਰ ਬੇਗ਼ਮਪੁਰੀ, ਪਲਵਿੰਦਰ ਸੂਦ, ਲਾਲੀ ਬੰਗਾ, ਸਰਬਜੀਤ ਸਾਬੀ, ਸੋਢੀ ਗੋਸਲ, ਸਤਵਿੰਦਰ ਮੱਲ, ਕ੍ਰਿਸ਼ਨ ਹੀਉਂ, ਚਰਨਜੀਤ ਸੱਲ੍ਹਾਂ, ਬਿੰਦਰ ਝਿੰਗੜ੍ਹਾਂ ਵਾਲਾ, ਹੰਸ ਰਾਜ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਡਾ. ਅੰਬੇਡਕਰ ਜੀ ਦੇ ਪੈਰੋਕਾਰ ਹਾਜ਼ਰ ਸਨ।

# ਡਾ.ਅੰਬੇਡਕਰ ਜੀ ਦਾ ਪ੍ਰੀ-ਨਿਰਵਾਣ ਦਿਵਸ ਅਤੇ ਬਚਪਨ ਬਚਾਓ ਜਾਗਰੂਕਤਾ ਕੈਂਪ ਦਾ ਆਯੋਜਨ





**ਭੋਗਪੁਰ (ਜਲੰਧਰ )–** ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ. ਬਿਨਪਾਲਕੇ ਵੱਲੋਂ ਅਧਿਆਪਕਾ ਪੂਜਾ ਪ੍ਰੀਤੀ ਦੇ ਸਹਿਯੋਗ ਨਾਲ ਪਿੰਡ ਵਿੱਚ ਛੋਟੇ ਬੱਚਿਆਂ ਦਾ ਇਕੱਠ ਕਰਕੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਪ੍ਰੀ- ਨਿਰਵਾਣ ਦਿਵਸ ਅਤੇ ਬਚਪਨ ਬਚਾਓ ਮੁਹਿੰਮ ਤਹਿਤ ਬੱਚਿਆਂ ਨੂੰ ਬਾਲ ਸ਼ੋਸ਼ਣ ਤੋਂ ਬਚਾਉਣ ਲਈ ਜਾਗਰੂਕ ਕੀਤਾ ਤਾਂ ਕਿ ਬੱਚਿਆਂ ਦਾ ਮਨੋਬਲ ਉੱਚਾ ਹੋਵੇ ਅਤੇ ਭਵਿੱਖ ਵਿੱਚ ਉਨ੍ਹਾਂ ਨੂੰ ਬੁਰੇ ਕੰਮਾਂ ਤੋਂ ਬਚਾਇਆ ਜਾ ਸਕੇ। ਅਧਿਆਪਕਾ ਪੂਜਾ ਪ੍ਰੀਤੀ ਨੇ ਬੱਚਿਆਂ ਨੂੰ ਗੁੱਡ ਟੱਚ, ਬੈਡ ਟੱਚ ਬਾਰੇ ਚੰਗੇ ਤਰੀਕੇ ਨਾਲ ਸਮਝਾਇਆ ਅਤੇ ਚਾਈਲਡ ਹੈਲਪਲਾਈਨ ਨੰਬਰ 1098 ਦੁਆਰਾ ਬੱਚਿਆਂ ਨੂੰ ਸਰਕਾਰ ਵਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਦੱਸਿਆ ਅਤੇ ਚੰਗੀ ਸਿੱਖਿਆ ਹਾਸਲ ਕਰਕੇ ਵਧੀਆ ਨਾਗਰਿਕ ਬਨਣ ਦੀ ਪ੍ਰੇਰਨਾ ਦਿੱਤੀ।

ਡਾ. ਅੰਬੇਡਕਰ ਜੀ ਦੇ 64ਵੇਂ ਪ੍ਰੀ-ਨਿਰਵਾਣ ਦਿਵਸ ਸਬੰਧੀ ਦਿਵਸ ਮੌਕੇ ਮੈਡਮ ਸ਼ਾਂਤੀ ਰਾਣੀ ਨੇ ਬੱਚਿਆਂ ਨੂੰ ਬਾਬਾ ਸਾਹਿਬ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਵੱਲੋਂ ਦੇਸ਼ ਲਈ ਪਾਏ ਵਡਮੁੱਲੇ ਯੋਗਦਾਨ ਸੰਬੰਧੀ ਦੱਸਿਆ।ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਬਾਬਾ ਸਾਹਿਬ ਦੀ ਤਸਵੀਰ ਤੇ ਫੁੱਲ ਅਰਪਣ ਕੀਤੇ।

**ਰਿਪੋਰਟ --ਚਰਨਜੀਤ ਸਿੰਘ ਬਿਨਪਾਲਕੇ**

# 50 ਖਿਤਾਬ ਜੇਤੂ ਖਿਡਾਰੀਆਂ ਵੱਲੋਂ ਮਾਣ ਸਨਮਾਨ ਵਾਪਸ ਕਰਨ ਦੇ ਫੈਸਲੇ ਦਾ ਸਵਾਗਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਭਾਰਤ ਦਾ ਦੇਸ਼-ਵਿਦੇਸ਼ ਵਿਚ ਤਿਰੰਗਾ ਝੰਡਾ ਲਹਿਰਾਉਣ ਤੇ ਦੇਸ਼ ਦਾ ਨਾਂ ਰੌਸ਼ਨ ਕਰਨ ਵਾਲੇ 50 ਨਾਮਵਰ ਖਿਡਾਰੀਆਂ ਨੇ ਆਪਣੇ ਮਾਣ-ਸਨਮਾਨ ਪਦਮਸ੍ਰੀ, ਅਰਜਨ ਐਵਾਰਡ, ਦਰੋਣਾਚਾਰੀਆ ਐਵਾਰਡ, ਧਿਆਨ ਚੰਦ ਐਵਾਰਡ ਅਤੇ ਰਾਜੀਵ ਗਾਂਧੀ ਐਵਾਰਡ ਆਦਿ ਰਾਸ਼ਟਰਪਤੀ ਨੂੰ ਵਾਪਸ ਕਰਨ ਦਾ ਫੈਸਲਾ ਕੀਤਾ ਹੈ, ਜਿਸ ਦਾ ਦੇਸ਼-ਵਿਦੇਸ਼ ਵਿਚ ਨਿੱਘਾ ਸਵਾਗਤ ਤੇ ਸ਼ਲਾਘਾ ਕੀਤੀ ਜਾ ਰਹੀ ਹੈ। ਲੈਥਰੋਪ ਸ਼ਹਿਰ ਪਾਰਕ ਤੇ ਰੀਕ੍ਰੇਸ਼ਨ ਦੇ ਕਮਿਸ਼ਨਰ ਹਾਕੀ ਖਿਡਾਰੀ ਅਜੀਤ ਸਿੰਘ ਸੰਧੂ, ਅੰਤਰ ਰਾਸ਼ਟਰੀ ਬਾਕਸਰ ਗੁਰਮੀਤ ਸਿੰਘ ਨਿੱਝਰ, ਸਾਬਕਾ ਐਥਲੀਟ ਬਲਬੀਰ ਸਿੰਘ ਜੌਹਲ ਤੇ ਸਾਬਕਾ ਡਿਪਟੀ ਡਾਇਰੈਕਟਰ (ਖੇਡਾਂ) ਰਵਿੰਦਰ ਕੁਮਾਰ ਰਿਸ਼ੀ ਸਮੇਤ ਅਨੇਕਾਂ ਸਾਬਕਾ ਖਿਡਾਰੀਆਂ ਨੇ ਭਾਰਤ ਦੇ ਨਾਮਵਰ ਖਿਡਾਰੀਆਂ ਦੇ ਫੈਸਲੇ ਦਾ ਸਵਾਗਤ ਕੀਤਾ, ਜਿਹਨਾਂ ਨੇ ਉਮਰ ਭਰ ਦੀ ਕਮਾਈ ਕਿਸਾਨਾਂ ਦੇ ਅੰਦੋਲਨ ਦੇ ਸਮਰਥਨ ਵਾਸਤੇ ਨਿਛਾਵਰ ਕਰ ਦਿੱਤੀ। ਪਦਮ ਸ੍ਰੀ ਕਰਤਾਰ ਸਿੰਘ ਪਹਿਲਵਾਨ ਦੀ ਅਗਵਾਈ ਹੇਠ ਭਾਰਤ ਦੇ 50 ਨਾਮਵਰ ਖਿਡਾਰੀ ਆਪਣੇ ਸਨਮਾਨ ਰਾਸ਼ਟਰਪਤੀ ਭਵਨ ਵਾਪਸ ਕਰਨ ਲਈ ਪਹੁੰਚੇ। ਭਾਰਤ ਦੇ 4 ਉਚ ਕੋਟੀ ਦੇ ਖਿਡਾਰੀ ਕਰਤਾਰ ਸਿੰਘ, ਕੌਰ ਸਿੰਘ ਬਾਕਸਰ, ਪ੍ਰੇਮ ਚੰਦ ਢੀਂਗਰਾ ਬਾਡੀ ਬਿਲਡਰ ਅਤੇ ਉਲੰਪੀਅਨ ਹਾਕੀ ਕਪਤਾਨ ਅਜੀਤਪਾਲ ਸਿੰਘ ਨੂੰ ਪਦਮਸ੍ਰੀ ਤੇ ਅਰਜਨਾ ਐਵਾਰਡ ਮਿਲ ਚੁੱਕਾ ਹੈ। ਇਸ ਤੋਂ ਇਲਾਵਾ 25 ਅਰਜਨਾ ਐਵਾਰਡੀ ਜਿਹਨਾਂ ਵਿਚ ਹਾਕੀ ਦੇ ਬ੍ਰਿਗੇਡੀਅਰ ਹਰਭਜਨ ਸਿੰਘ, ਕਰਨਲ ਬਲਬੀਰ ਸਿੰਘ ਸੰਗਰਪੁਰ, ਹਰਪ੍ਰੀਤ ਸਿੰਘ, ਫੁੱਲਬੈਕ ਬਲਦੇਵ ਸਿੰਘ, ਰਾਜਬੀਰ ਕੌਰ ਹਾਕੀ ਕਪਤਾਨ, ਸੁਰਿੰਦਰ ਸਿੰਘ ਸੋਢੀ, ਹਰਪ੍ਰੀਤ ਸਿੰਘ ਮੰਡੇਰ, ਸਰੋਜ ਬਾਲਾ, ਦਵਿੰਦਰ ਸਿੰਘ ਗਰਚਾ, ਮੁਖਬੈਨ ਸਿੰਘ, ਵੇਟ ਲਿਫਟਿੰਗ 'ਚ ਤਾਰਾ ਸਿੰਘ ਅਤੇ ਹੋਰ ਖਿਡਾਰੀ ਸ਼ਾਮਲ ਹਨ। ਹੋਰ ਵੀ ਖਿਡਾਰੀ ਐਵਾਰਡ ਵਾਪਸੀ ਦਾ ਪ੍ਰੋ-ਗਰਾਮ ਬਣਾ ਰਹੇ ਹਨ।


ਸੰਤੋਖ ਸਿੰਘ ਜੱਸੀ ਦੀ ਪਹਿਲੀ ਕਿਤਾਬ 'ਯੂ.ਐਨ.ਓ. ਤੱਕ...'
ਰਿਲੀਜ਼ ਹੋਣ ਤੇ ਬਹੁਤ ਬਹੁਤ ਮੁਬਾਰਕਾਂ
ਵਲੋਂ :
Ambedkar Times ਅੰਬੇਡਕਰ ਟਾਈਮਜ਼
ਦੇਸ਼ ਦੁਆਬਾ
ਅੰਗ੍ਰੇਜ਼ੀ ਅਤੇ ਪੰਜਾਬੀ ਵਿੱਚ
ਅਮਰੀਕਾ ਤੋਂ ਛਪਦੀਆਂ ਅਖਬਾਰਾਂ
www.deshdoaba.com www.ambedkartimes.com
E-mail: deshdoaba@Yahoo.com chumbermedia@Yahoo.com
P.K. CHUMBER Editor-in-Chief
Mob: 001-916-947-8920 Fax: 001-916-238-1393

# ਸਤਿਗੁਰੂ ਨਾਮਦੇਵ ਅਤੇ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਪਿੰਡ ਗੇਹਲੜਾਂ ਵਿਖੇ ਮਨਾਇਆ



ਤਸਵੀਰਾਂ ਅਤੇ ਰਿਪੋਰਟ
ਚਰਨਜੀਤ ਸਿੰਘ ਬਿਨਪਾਲਕੇ



**ਭੋਗਪੁਰ–** ਸਤਿਗੁਰੂ ਨਾਮਦੇਵ ਜੀ ਦਾ 750ਵਾਂ ਅਤੇ ਸਤਿਗੁਰੂ ਨਾਨਕ ਦੇਵ ਜੀ ਦਾ 551ਵਾਂ ਪ੍ਰਕਾਸ਼ ਦਿਹਾੜਾ ਸਾਂਝੇ ਰੂਪ ਵਿੱਚ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਗੇਹਲੜਾਂ ਜ਼ਿਲ੍ਹਾ ਜਲੰਧਰ ਵਿਖੇ ਬੜੀ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ।

ਇਸ ਸਮਾਗਮ ਵਿਚ ਰਾਤ ਦੇ ਦੀਵਾਨ ਸਜਾਏ ਗਏ। ਜਿਸ ਵਿਚ ਭਾਈ ਦਿਲਬਾਗ ਸਿੰਘ ਬਿਨਪਾਲਕੇ ਵਾਲਿਆਂ ਦੇ ਰਾਗੀ ਜਥੇ ਨੇ ਸਤਿਗੁਰਾਂ ਦੀ ਬਾਣੀ ਦਾ ਮਨੋਹਰ ਕੀਰਤਨ ਕੀਤਾ ਅਤੇ ਸ਼ਬਦ ਵਖਿਆਨ ਸਤਿਗੁਰਾਂ ਦੇ ਵਡਮੁੱਲੇ ਉਪਦੇਸ਼ਾਂ ਅਤੇ ਸਿਧਾਂਤਾਂ ਨੂੰ ਸਰਵਣ ਕਰਵਾਇਆ। ਚਰਨਜੀਤ ਸਿੰਘ ਬਿਨਪਾਲਕੇ ਨੇ ਸਤਿਗੁਰੂ ਸਾਹਿਬਾਨਾਂ ਦੇ ਜੀਵਨ ਅਤੇ ਇਤਿਹਾਸ ਤੇ ਚਾਨਣਾ ਪਾਇਆ। ਸ੍ਰੀ ਮਨਜੀਤ ਸਿੰਘ ਨੇ ਕਵਿਤਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਜਸਵੀਰ ਰਾਮ ਨੇ ਆਈਆਂ ਸੰਗਤਾਂ ਲਈ ਚਾਹ ਦੇ ਲੰਗਰਾਂ ਦੀ ਸੇਵਾ ਕੀਤੀ।

# ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਪ੍ਰੋ. ਸੁਖਵਿੰਦਰ ਕੰਬੋਜ ਸ਼ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਵਰ੍ਹਾ 2019 ਨਾਲ ਸਨਮਾਨਿਤ

ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ 18 ਵਰਗਾਂ ਲਈ 2015 ਤੋਂ 2020 ਤੱਕ ਦੇ ਸਾਹਿਤ ਰਤਨ ਅਤੇ ਸ਼ਿਰੋਮਣੀ ਪੁਰਸਕਾਰ ਦਿੱਤੇ ਗਏ ਹਨ।ਭਾਸ਼ਾ ਵਿਭਾਗ ਵਲੋਂ ਅਮਰੀਕਾ ਵਸਦੇ ਪ੍ਰੋ. ਸੁਖਵਿੰਦਰ ਕੰਬੋਜ ਨੂੰ ਸ਼ਿਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਨਾਲ ਸਨਮਾਨਿਆ ਗਿਆ ਹੈ।

ਪ੍ਰੋ. ਕੰਬੋਜ ਨੇ 'ਨਵੇਂ ਸੂਰਜ', 'ਜਾਗਦੇ ਅੱਖਰ', 'ਇਕੋ ਜਿਹਾ ਦੁੱਖ' ਅਤੇ 'ਜੰਗ, ਜਸ਼ਨ ਤੇ ਜੁਗਨੂੰ' ਜਿਹੇ ਵਿਲੱਖਣ ਕਾਵਿ-ਸੰਗ੍ਰਿਹ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ।'ਸ਼ਬਦੋਂ ਕੀ ਧੂਪ' (ਹਿੰਦੀ ਕਾਵਿ ਅਨੁਵਾਦ), (Emerging Suns' (Poems), 'ਓਮਰ ਦੇ ਇਸ ਮੋੜ ਤੀਕ' (ਹੁਣ ਤੱਕ ਦੀ ਕਵਿਤਾ) ਤੋਂ ਇਲਾਵਾ 'ਅਮਰੀਕੀ ਪੰਜਾਬੀ ਕਵਿਤਾ' ਭਾਗ ਪਹਿਲਾ ਤੇ 'ਅਮਰੀਕੀ ਪੰਜਾਬੀ ਕਵਿਤਾ ਭਾਗ ਦੂਜਾ' ਦੀ ਸਹਿ-ਸੰਪਾਦਨਾ ਵੀ ਕੀਤੀ ਹੈ।ਕੰਬੋਜ ਦੇ ਕਾਵਿ ਸੰਗ੍ਰਿਹ ਦਿੱਲੀ ਅਤੇ ਕਰੂਕਸ਼ਤੇਰ



ਯੂਨੀਵਰਸਿਟੀ ਦੇ ਸਿਲੇਬਸ ਵਿਚ ਸ਼ਾਮਿਲ ਹਨ। ਕੁਝ ਕਵਿਤਾਵਾਂ ਪੰਜਾਬ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਪੜ੍ਹਾਈਆਂ ਜਾ ਰਹੀਆਂ ਹਨ। ਉਨ੍ਹਾਂ ਵਲੋਂ ਹਾਲ ਹੀ ਵਿਚ ਸਹਿ-ਸੰਪਾਦਿਤ ਕਾਵਿ ਪੁਸਤਕ 'ਅਮਰੀਕੀ ਪੰਜਾਬੀ ਕਵਿਤਾ' ਭਾਗ ਦੂਜਾ ਦਿੱਲੀ ਯੂਨੀਵਰਸਿਟੀ ਦੇ ਐਮ. ਏ ਭਾਗ ਦੂਜਾ ਦੇ ਸਿਲੇਬਸ ਵਿਚ ਸ਼ਾਮਿਲ ਕੀਤੀ ਗਈ ਹੈ। ਸਾਹਿਤਕ ਅਤੇ ਜਥੇਬੰਦਕ ਕਾਰਜਾਂ ਵਿਚ ਸਰਗਰਮ ਪ੍ਰੋ. ਸੁਖਵਿੰਦਰ ਕੰਬੋਜ ਨੂੰ ਅਨੇਕਾਂ ਸਾਹਿਤਕ ਸੰਸਥਾਵਾਂ ਵਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।ਅਮਰੀਕਾ ਦੀ ਧਰਤੀ ਤੋਂ ਬੈਠੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਇਹ ਇਨਾਮ/ ਸਨਮਾਨ ਪ੍ਰਾਪਤ ਕਰਕੇ ਪ੍ਰੋ.ਕੰਬੋਜ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਮਾਣ-ਮੱਤਾ ਕੀਤਾ ਹੈ।

**ਰਿਪੋਰਟ: ਕੁਲਵਿੰਦਰ ਮੀਤ-ਪ੍ਰਧਾਨ ਵਿਪਸਾ, ਲਾਜ ਨੀਲਮ ਸੈਣੀ**

# ਜਾਗ੍ਰਤੀ ਕਲਾ ਕੇਂਦਰ ਵਲੋਂ ਬਾਬਾ ਸਾਹਿਬ ਨੂੰ ਸਮਰਪਿਤ ਕਰਵਾਇਆ 30ਵਾਂ ਮੇਲਾ



















**ਲਸਾੜਾ/ਉੜਾਪੜ–** ਜਾਗ੍ਰਤੀ ਕਲਾ ਕੇਂਦਰ ਵਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ ਭਾਰਤੀ ਸੰਵਿਧਾਨ ਦੇ ਨਿਰਮਾਤਾ ਤੇ ਬਹੁਜਨ ਸਮਾਜ ਦੇ ਅੰਦੋਲਨ ਦੇ ਪਿਤਾਮਾ ਡਾ ਭੀਮ ਰਾਓ ਜੀ ਦੇ ਪ੍ਰੀਨਿਰਵਾਣ ਨੂੰ ਸਮਰਪਿਤ ਤੇ ਅਮਰਜੀਤ ਸਿੰਘ ਮੱਲਾ ਬੇਦੀਆਂ ਦੀ ਯਾਦ ਚ ਕੇਂਦਰ ਦੇ ਪ੍ਰਧਾਨ ਲੋਕ ਗਾਇਕ ਰੂਪ ਲਾਲ ਧੀਰ ਦੀ ਪ੍ਰਧਾਨਗੀ ਚ ਪਿੰਡ ਗੜੀ ਅਜੀਤ ਸਿੰਘ ਵਿਖੇ ਵਿਸ਼ਾਲ ਮੇਲਾ ਕਰਵਾਇਆਂ ਗਿਆ ਸਭ ਤੋਂ ਪਹਿਲਾ ਬਾਬਾ ਸਾਹਿਬ ਡਾ.ਭੀਮ ਰਾਓ ਜੀ ਦੇ ਸਟੈਚੂ ਤੇ ਫੁੱਲਾਂ ਦੇ ਹਾਰ ਪਾਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਇਸ ਮੇਲੇ ਚ ਬਸਪਾ ਦੇ ਸ਼੍ਰੀ ਪ੍ਰਵੀਨ ਬੰਗਾ,ਸਰਪੰਚ ਮਨੋਹਰ ਲਾਲ ਕਮਾਮ,ਨੀਲਮ ਸਹਿਜਲ ਜਿਲਾ ਕਨਵੀਨਰ, ਰਣਜੀਤ ਮਾਹੀ,ਹਰਬਲਾਸ ਝਿੰਗੜ ਯੂਐਸਏ,ਸੱਤਪਾਲ ਰਟੈਂਡਾ,ਢਾਡੀ ਗੁਰਦੀਪ ਸਿੰਘ ਉੜਾਪੜ ਆਦਿ ਵਲੋਂ ਲੋਹਯੁੱਗ ਪੁਰਸ਼ ਡਾ.ਭੀਮ ਰਾਓ ਜੀ ਦੇ ਮਿਸ਼ਨ ਤੇ ਚਾਨਣਾ ਪਾ ਕੇ ਬਾਬਾ ਸਾਹਿਬ ਜੀ ਦੇ ਮਿਸ਼ਨ ਤੋਂ ਭਟਕ ਚੁੱਕੇ ਲੋਕਾਂ ਨੂੰ ਇੱਕ ਝੰਡੇ ਥੱਲੇ ਇਕੱਠੇ ਰਹਿਣ ਲਈ ਪ੍ਰੇਰਿਤ ਕੀਤਾ ਤੇ ਬਾਬਾ ਸਾਹਿਬ ਵਲੋਂ ਆਪਣੇ ਦੱਬੇ ਕੁਚਲੇ ਸਮਾਜ ਨੂੰ ਬਰਾਬਰ ਦਾ ਦਰਜਾ ਦਿਵਾਉਣ ਅਨੇਕਾਂ ਕੁਰਬਾਨੀਆਂ ਦਾ ਜਿਕਰ ਕੀਤਾ ਗਿਆ। ਇਸ ਮੇਲੇ ਚ ਸੁਰ ਸਾਂਝ ਪੁਰਸਕਾਰ ਵਿੱਕੀ ਮੋਰਾਂਵਾਲੀਆ ਨੂੰ, ਸਵ. ਸੋਖੀ ਸੁੰਨੜਾਂ ਵਾਲਾ ਪੁਰਸਕਾਰ ਬਿੰਦਰ ਸਿੰਘਪੁਰੀ ਨੂੰ, ਮੰਚ ਸੰਚਾਲਕ ਜੀਤੀ ਛੋਕਰਾਂ ਵਾਲਾ ਪੁਰਸਕਾਰ ਨਰੇਸ਼ ਧੀਰ ਨੂੰ, ਨਿਰਪੱਖ ਪੱਤਰਕਾਰ ਨਵਕਾਂਤ ਭਰੋਮਜਾਰਾ ਨੂੰ, ਨੋਜਵਾਨ ਸੰਗੀਤਕਾਰ ਪੁਰਸਕਾਰ ਗੁਰਨਾਮ ਦੜੋਚ ਨੂੰ ਦਿਤੇ ਗਏ ਤੇ ਇਸ ਮੇਲੇ ਲਈ ਵਿਸੇਸ਼ ਸਹਿਜੋਗ ਨੰਬਰਦਾਰ ਮਹਿੰਦਰ ਸਿੰਘ ਅਮਰੀਕਾ, ਸੰਸਾਰ ਚੰਦ ਧੀਰ ਜਰਮਨੀ, ਗੀਤਕਾਰ ਬਹਾਦਰ ਗਰਚਾ ਜਰਮਨ ਵਲੋਂ ਦਿਤਾ ਗਿਆ ਤੇ ਇਸ ਮੇਲੇ ਚ ਨਾਮਵਰ ਕਲਾਕਾਰ ਐਸਐਸ ਅਜਾਦ, ਲੋਕ ਗਾਇਕ ਰਾਜ ਦਦਰਾਲ, ਬਬਲੀ ਵਿਰਦੀ, ਰੰਜਨਾ ਰੰਝਪਾਲ ਢਿਲੋਂ, ਮਲਕੀਤ ਬੰਬੇਲੀ, ਸੰਨੀ ਧੀਰ, ਦਵਿੰਦਰ ਰੂਹੀ, ਜਗਦੀਸ਼ ਜਾਡਲਾ, ਸੁਖਵੀਰ ਖਟਕੜ ਵਲੋਂ ਡਾ. ਭੀਮ ਰਾਓ ਜੀ ਦੇ ਮਿਸ਼ਨ ਤੇ ਗੀਤ ਪੇਸ਼ ਕਰਕੇ ਬਾਬਾ ਸਾਹਿਬ ਨੂੰ ਯਾਦ ਕੀਤਾ ਗਿਆ ਤੇ ਸ. ਪ੍ਰਾਇਮਰੀ ਸਕੂ਼ਲ ਦੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ ਧੀਰ ਅਤੇ ਦਦਰਾਲ ਵਲੋਂ ਮੇਲੇ ਚ ਪੁੱਜੀਆਂ ਸ਼ਖਸ਼ੀਅਤਾਂ ਦਾ ਧੰਨਬਾਦ ਕੀਤਾ ਇਸ ਮੋਕੇ ਨਿਰਵੈਰ ਸਿੰਘ ਸਾਹਲੋਂ, ਕਸ਼ਮੀਰ ਸਿੰਘ ਸੁਮਨ, ਸਕੱਤਰ ਮੱਖਣ ਬਖਲੋਰ, ਪ੍ਰਮਿੰਦਰ ਸਿੰਘ ਪਟਵਾਰੀ, ਸੱਤਪਾਲ ਦੁੱਗਲ, ਬਾਬੂ ਅਜੀਤ ਰਾਮ ਗੁਣਾਚੋਰ, ਜੈ ਪਾਲ, ਭਪਿੰਦਰ ਸਿੰਘ ਗਿੱਲ, ਬੱਗਾ ਸੇਲਕੀਆਣਾ, ਵਿਜੇ ਗੁਣਾਚੋਰ, ਗੀਤਕਾਰ ਪਾਲ ਅੱਟੀ ਵਾਲਾ, ਮਨਦੀਪ ਦੁੱਗਲ ਔੜ, ਪੰਚ ਅਮਰੀਕ ਸਿੰਘ ਪੁਰੇਵਾਲ, ਬਹਾਦਰ ਸਿੰਘ ਥਿਆੜਾ, ਬਲਵੀਰ ਦਦਰਾਲ, ਲਖਵਿੰਦਰ ਅੱਤਾ ਸਾਰੇ ਪੰਚ, ਸਾਭਾ ਗਰਚਾ, ਗੁਰਨਾਮ, ਸੰਤੋਖ ਭਟੋਏ, ਸੰਤੋਖ ਲਾਲ, ਰਾਮ ਜੀ, ਪੰਚ ਬਲਵੀਰ ਦਦਰਾਲ, ਪੰਚ ਲਖਵਿੰਦਰ ਅੱਤਾ, ਗੁਰਜਿੰਦਰ ਸਿੰਘ ਅਣਦੇਹ, ਬਲਕਾਰ ਅਣਦੇਹ, ਹਰਜਿੰਦਰ ਸਿੰਘ ਬਾਠ, ਗੋਬਿੰਦ ਧੀਰ, ਜਸਪਾਲ ਧੀਰ, ਆਦਿ ਹਾਜਰ ਸਨ।

**– ਬੱਗਾ ਸੇਲਕੀਆਣਾ**

# ਕਿਸਾਨਾਂ ਵੱਲੋਂ ਭਾਰਤ ਬੰਦ ਦੇ ਸੱਦੇ ਨੂੰ ਲੋਹੀਆਂ ਸ਼ਹਿਰ ਤੇ ਇਲਾਕੇ ਵਿਚ 100 ਫੀਸਦੀ ਸਮਰਥਨ







**ਲੋਹੀਆਂ ਖਾਸ (ਬਿਊਰੋ)–** ਜ਼ਿਲ੍ਹਾ ਜਲੰਧਰ ਦ ਸ਼ਹਿਰ ਲੋਹੀਆਂ ਖਾਸ ਦੇ ਸਮੂਹ ਨਿਵਾਸੀਆਂ ਵੱਲੋਂ ਭਾਰਤ ਬੰਦ ਦਾ ਸੱਦਾ ਜੋ ਕਿ ਆਪਣੇ ਹੱਕਾਂ ਲਈ ਸੰਘਰਸ਼ ਲੜ ਰਹੇ ਕਿਸਾਨਾਂ ਵੱਲੋਂ ਦਿੱਤਾ ਗਿਆ ਸੀ, ਨੂੰ ਲੋਹੀਆਂ ਸ਼ਹਿਰ ਦੇ ਸਮੂਹ ਨਿਵਾਸੀਆਂ ਵੱਲੋਂ 100 ਫੀਸਦੀ ਸਮਰਥਨ ਕੀਤਾ ਗਿਆ, ਜਿਸ ਦੌਰਾਨ ਸਾਰੇ ਬਾਜ਼ਾਰ, ਰੇਹੜੀਆਂ ਸਮੇਤ ਬੰਦ ਰਹੇ ਅਤੇ ਸਰਕਾਰੀ ਅਤੇ ਪ੍ਰਾਈਵੇਟ ਵਿਦਿਅਕ ਅਦਾਰੇ ਵੀ ਬੰਦ ਰਹੇ। ਬੰਦ ਦੌਰਾਨ ਸਮੂਹ ਲੋਕਾਂ ਨੇ ਸ਼ਹਿਰ ਵਿਚ ਦੋ ਥਾਵਾਂ ਟੀ ਪੁਆਇੰਟ ਅਤੇ ਸ਼ਹੀਦ ਭਗਤ ਸਿੰਘ ਚੌਂਕ ਵਿਚ ਧਰਨੇ ਲਾਏ, ਜਿਸ ਵਿਚ ਔਰਤਾਂ ਵੀ ਸ਼ਾਮਲ ਹੋਈਆਂ। ਧਰਨੇ ਦੌਰਾਨ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਦੇ ਪੁਤਲੇ ਵੀ ਸਾੜੇ ਗਏ।

ਕੁਝ ਪਿੰਡਾਂ ਦੇ ਲੋਕਾਂ ਨੇ ਪਿੰਡ ਦਾਰੇ ਵਾਲ ਦੇ ਅੱਡੇ (ਮੇਨ ਜਲੰਧਰ ਫਿਰੋਜ਼ਪੁਰ ਰੋਡ) ਤੇ ਇਕੱਠੇ ਹੋ ਕੇ ਧਰਨਾ ਮਾਰਿਆ ਅਤੇ ਸਾਰਾ ਦਿਨ ਰੋਡ ਬੰਦ ਰੱਖਿਆ ਗਿਆ।



# 38 ਪਰਿਵਾਰਾਂ ਨੂੰ ਕੰਬਲ-ਕੋਟੀਆਂ ਵੰਡੀਆਂ ਗਈਆਂ











**ਲੋਹੀਆਂ ਖਾਸ (ਬਿਊਰੋ)–** ਲੋਹੀਆਂ ਖਾਸ ਵਾਰਡ ਨੰਬਰ ਦੇ ਨਿਵਾਸੀ ਮਾਸਟਰ ਸੰਤੋਖ ਸਿੰਘ ਗਿੱਲ ਤੇ ਸਮੂਹ ਪਰਿਵਾਰ ਜੋ ਕਿ ਕਾਫੀ ਸਮੇਂ ਤੋਂ ਅਮਰੀਕਾ ਜਾ ਕੇ ਵੱਸੇ ਹੋਏ ਹਨ, ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਰ-ਦੀਆਂ ਸ਼ੁਰੂ ਹੁੰਦਿਆਂ ਸਾਰ ਹੀ ਲੋਹੀਆਂ ਸ਼ਹਿਰ ਦੇ ਲੋੜਵੰਦ 38 ਪਰਿਵਾਰ ਨੂੰ ਕੰਬਲ ਅਤੇ ਚਾਰ ਬੱਚਿਆਂ ਨੂੰ ਕੋਟੀਆਂ ਅਤੇ ਬੂਟ ਵੰਡੇ ਗਏ। ਇਸੇ ਤਰ੍ਹਾਂ ਇਹ ਪਰਿਵਾਰ ਹਰ ਸਾਲ ਲੋੜਵੰਦ ਲੋਹੀਆਂ ਨਿਵਾਸੀਆਂ ਦੇ ਮਦਦ ਕਰਦੇ ਰਹਿੰਦੇ ਹਨ। ਲੌਕਡਾਊਨ ਦੌਰਾਨ ਵੀ ਇਹਨਾਂ ਨੇ ਸੱਤਰ ਪਰਿਵਾਰਾਂ ਨੂੰ ਰਾਸ਼ਨ ਦਿੱਤਾ ਗਿਆ ਸੀ। ਇਹ ਪਰਿਵਾਰ ਹਮੇਸ਼ਾ ਹੀ ਆਪਣੇ ਸ਼ਹਿਰ ਨਿਵਾਸੀਆਂ ਨਾਲ ਬਹੁਤ ਹੀ ਨੇੜਲੇ ਤੇ ਪਿਆਰ ਭਰਪੂਰ ਸਬੰਧ ਰੱਖਦਾ ਹੈ। ਮਾਸਟਰ ਸੰਤੋਖ ਸਿੰਘ ਜੀ ਲੋਹੀਆਂ ਰਹਿੰਦਿਆਂ ਵੀ ਇਕ ਸੋਸ਼ਲ ਵਰਕਰ ਤੇ ਟਰੇਡ ਯੂਨੀਅਨ ਆਗੂ (ਜ਼ਿਲ੍ਹਾ ਪ੍ਰਧਾਨ, ਡੈਮੋਕਰੇਟਿਕ ਟੀਚਰਜ਼ ਫਰੰਟ, ਫਿਰੋਜ਼ਪੁਰ) ਵਜੋਂ ਵਿਚਰਦੇ ਰਹੇ ਹਨ। ਧਾਰਮਿਕ ਗਤੀਵਿਧੀਆਂ 'ਚ ਵੀ ਵੱਧ ਚੜ੍ਹ ਕੇ ਯੋਗਦਾਨ ਪਾਉਂਦੇ ਰਹਿੰਦੇ ਹਨ।

ਇਹ ਕੰਬਲ ਕੋਟੀਆਂ ਵੰਡਣ ਦੀ ਜ਼ਿੰਮੇਵਾਰੀ ਮਾਸਟਰ ਜੀ ਦੇ ਮਿੱਤਰ ਸ੍ਰੀ ਰਾਜ ਕੁਮਾਰ (ਸਾਬਕਾ ਪ੍ਰਧਾਨ ਨਗਰ ਪੰਚਾਇਤ, ਲੋਹੀਆਂ), ਸ੍ਰੀ ਸ਼ਿਵ ਕੁਮਾਰ ਕਟਾਰੀਆ, ਰਿਟਾਇਰ ਪ੍ਰਿੰਸੀਪਲ ਸਾਹਿਬ, ਮਨਜੀਤ ਸਿੰਘ ਪੱਤਰਕਾਰ ਰੋਜ਼ਾਨਾ ਜੱਗਬਾਣੀ ਅਤੇ ਨਰਿੰਦਰ ਸਿੰਘ ਨਿਵਾਸੀ ਵਾਰਡ ਨੰਬਰ 12 ਵੱਲੋਂ ਬਹੁਤ ਹੀ ਪਿਆਰ ਤੇ ਸਹਿਯੋਗ ਨਾਲ ਨਿਭਾਈ ਗਈ।

# ਵਿਸਕਾਨਸਿਨ ਸੁਪਰੀਮ ਕੋਰਟ ਨੇ ਟਰੰਪ ਦੀ ਚੋਣ ਪਟੀਸ਼ਨ ਕੀਤੀ ਮੂਲੋਂ ਰੱਦ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਵਿਸਕਾਨਸਿਨ ਸੁਪਰੀਮ ਕੋਰਟ ਨੇ ਲੰਘੇ ਦਿਨ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਦਾਇਰ ਚੋਣ ਪਟੀਸ਼ਨ ਸਵਿਕਾਰ ਕਰਨ ਤੋਂ ਨਾਂਹ ਕਰ ਦਿੱਤੀ ਤੇ ਇਸ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ। ਰਾਸ਼ਟਰਪਤੀ ਨੇ ਦੋ ਦਿਨ ਪਹਿਲਾਂ ਇਹ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਸੀ ਕਿ ਚੋਣ ਪੁਸ਼ਟੀਕਰਨ ਰੱਦ ਕੀਤਾ ਜਾਵੇ। ਵਿਸਕਾਨਸਿਨ ਵਿਚ ਰਾਸ਼ਟਰਪਤੀ ਤਕਰੀਬਨ 21000 ਵੋਟਾਂ ਦੇ ਫਰਕ ਨਾਲ ਚੋਣ ਹਾਰ ਗਏ ਸਨ। ਜੱਜਾਂ ਨੇ 4-3 ਦੇ ਫਰਕ ਨਾਲ ਦਿੱਤੇ ਨਿਰਨੇ ਵਿਚ ਕਿਹਾ ਹੈ ਕਿ 'ਉਹ ਕੇਸ ਸਵਿਕਾਰ ਨਹੀਂ ਕਰਨਗੇ ਕਿਉਂਕਿ ਉਸ ਨੇ ਇਹ ਕੇਸ ਸਿੱਧਾ ਸੁਪਰੀਮ ਕੋਰਟ ਵਿਚ ਦਾਇਰ ਕੀਤਾ ਹੈ। ਰਾਸ਼ਟਰਪਤੀ ਹੇਠਲੀ ਅਦਾਲਤ ਵਿਚ ਯਤਨ ਕਰ ਸਕਦੇ ਹਨ।'' ਵੀਰਵਾਰ ਨੂੰ ਦਿੱਤੇ ਇਸ ਨਿਰਨੇ ਨੇ ਵਿਸਕਾਨਸਿਨ ਵਿਚ ਚੋਣਾਂ ਨੂੰ ਕਾਨੂੰਨੀ ਚੁਣ-ੌਤੀ ਦੇਣ ਦਾ ਰਾਹ ਤਕਰੀਬਨ ਬੰਦ ਕਰ ਦਿੱਤਾ ਹੈ। ਪਟੀਸ਼ਨ ਰੱਦ ਕਰਨ ਵਿਚ ਸੁਪਰੀਮ ਕੋਰਟ ਦੇ ਤਿੰਨ ਲਿਬਰਲ ਜੱਜਾਂ ਦਾ ਕੰਜਰਵੇਟਿਵ ਜਸਟਿਸ ਬਰੀਅਨ ਹੇਜਡੋਰਨ ਨੇ ਸਾਥ ਦਿੱਤਾ। ਜੱਜਾਂ ਨੇ ਕਿਹਾ ਕਿ ਸਰਕਟ ਕੋਰਟ ਵਿਚ ਚੋਣਾਂ ਨੂੰ



ਚੁਣੌਤੀ ਦੇਣ ਬਾਰੇ ਕੇਸ ਸ਼ੁਰੂ ਕੀਤਾ ਜਾ ਸਕਦਾ ਹੈ। ਜੱਜਾਂ ਨੇ ਨਵੇਂ ਰਾਸ਼ਟਰਪਤੀ ਵੱਲੋਂ ਸਹੁੰ ਚੁੱਕਣ ਦਾ ਸਮਾਂ ਨੇੜੇ ਆ ਜਾਣ ਦੇ ਮੱਦੇਨਜ਼ਰ ਰਾਸ਼ਟਰਪਤੀ ਟਰੰਪ ਦੀ ਪਟੀਸ਼ਨ ਦਾ ਤੁਰੰਤ ਨਿਪਟਾਰਾ ਕਰਨ ਨੂੰ ਤਰਜੀਹ ਦਿੱਤੀ। ਇਲੈਕਟੋਰਲ ਕਾਲਜ 14 ਦਸੰਬਰ ਇਕੱਠੇ ਹੋਣਗੇ ਤੇ ਕਾਂਗਰਸ ਇਨਾਂ ਦੀਆਂ ਵੋਟਾਂ ਦੀ ਗਿਣਤੀ 6 ਜਨਵਰੀ ਨੂੰ ਕਰੇਗੀ। ਜੋਅ ਬਾਇਡੇਨ ਦੀਆਂ 306 ਇਲੈਕਟਰੋਲ ਵੋਟਾਂ ਹਨ ਜਦ ਕਿ ਟਰੰਪ ਦੀਆਂ 232 ਵੋਟਾਂ ਹਨ। ਅਜਿਹੀ ਸਥਿੱਤੀ ਵਿਚ ਜੇਕਰ ਵਿਸਕਾਨਸਿਨ ਦੀਆਂ ਇਲੈਕਟਰੋਲ ਵੋਟਾਂ ਟਰੰਪ ਵੱਲ ਤਬਦੀਲ ਵੀ ਹੋ ਜਾਣ ਤਾਂ ਨਤੀਜ਼ੇ ਵਿਚ ਕੋਈ ਫਰਕ ਨਹੀਂ ਪੈਂਦਾ ਪਰ ਵਿਸਕਾਨਸਿਨ ਦੀਆਂ ਵੋਟਾਂ ਟਰੰਪ ਦੇ ਖਾਤੇ ਵਿਚ ਪੈਣ ਦੀ ਸੰਭਾਵਨਾ ਨਜ਼ਰ ਨਹੀਂ ਆ ਰਹੀ।

ਇਥੇ ਜਿਕਰਯੋਗ ਹੈ ਕਿ ਕਿਸੇ ਵੀ ਰਾਜ ਵਿਚ ਟਰੰਪ ਦੀ ਕਾਨੂੰਨੀ ਲੜਾਈ ਅੱਗੇ ਨਹੀਂ ਵਧ ਸਕੀ ਹਾਲਾਂ ਕਿ ਉਸ ਨੇ ਕਾਨੂੰਨੀ ਲੜਾਈ ਲਈ ਲੱਖਾਂ ਡਾਲਰ ਫੰਡ ਇਕੱਠਾ ਕਰਨ ਵਿਚ ਜਰੂਰ ਸਫਲਤਾ ਹਾਸਲ ਕੀਤੀ ਹੈ।

# ਰਾਸ਼ਟਰਪਤੀ ਟਰੰਪ ਦੀ ਨਜ਼ਦੀਕੀ ਅਧਿਕਾਰੀ ਉਪਰ ਨਿਆਂ ਵਿਭਾਗ ਦੀ ਇਮਾਰਤ ਵਿਚ ਦਾਖਲ ਹੋਣ 'ਤੇ ਰੋਕ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਜ਼ਦੀਕੀ ਅਧਿਕਾਰੀ ਜੋ ਨਿਆਂ ਵਿਭਾਗ ਵਿਚ ਕੰਮ ਕਰਦੀ ਹੈ, ਉਪਰ ਨਿਆਂ ਵਿਭਾਗ ਦੀ ਇਮਾਰਤ ਵਿਚ ਦਾਖਲ ਹੋਣ 'ਤੇ ਰੋਕ ਲਾ ਦਿੱਤੀ ਹੈ। ਇਸ ਬੀਬੀ ਉਪਰ ਦੋਸ਼ ਹੈ ਕਿ ਉਸ ਨੇ ਚੋਣ ਫਰਾਡ ਤੇ ਹੋਰ ਮਾਮਲਿਆਂ ਵਿਚ ਜਾਣਕਾਰੀ ਲੈਣ ਲਈ ਨਿਆਂ ਵਿਭਾਗ ਦੇ ਅਫਸਰਾਂ ਉਪਰ ਦਬਾਅ ਪਾਇਆ। ਹੀਡੀ ਸਟਿਰਪ ਜੋ ਟਰੰਪ ਦੇ ਚੋਟੀ ਦੇ ਸਲਾਹਕਾਰ ਸਟੀਫਨ ਮਿਲਰ ਦੀ ਸਹਿਯੋਗੀ ਹੈ, ਨੂੰ ਕੁਝ ਮਹੀਨੇ ਪਹਿਲਾਂ ਚੁੱਪ ਚਪੀਤੇ ਨਿਆਂ ਵਿਭਾਗ ਵਿਚ ਤਾਲੇਮਲ ਅਧਿਕਾਰੀ ਵਜੋਂ ਫਿੱਟ ਕਰ ਦਿੱਤਾ ਗਿਆ ਸੀ। ਨਿਆਂ ਵਿਭਾਗ ਦੇ ਚੋਟੀ ਦੇ ਅਧਿਕਾਰੀ ਨੂੰ ਜਦੋਂ ਹੀਡੀ ਸਟਿਰਪ ਦੁਆਰਾ ਚੋਣ ਮਾਮਲਿਆਂ ਸਬੰਧੀ ਅੰਦਰਲੀ ਜਾਣਕਾਰੀ ਲੈਣ ਦੀਆਂ ਕੋਸ਼ਿਸ਼ਾਂ ਬਾਰੇ ਪਤਾ ਲੱਗਾ ਤਾਂ ਉਸ ਨੂੰ ਇਮਾਰਤ ਵਿਚੋਂ ਚਲੇ ਜਾਣ ਦਾ ਆਦੇਸ਼ ਦਿੱਤਾ ਗਿਆ। ਇਹ ਜਾਣਕਾਰੀ ਕੁਝ ਅਧਿਕਾਰੀਆਂ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ ਉਪਰ ਦਿੱਤੀ ਹੈ ਕਿਉਂਕਿ ਇਹ ਅਧਿਕਾਰੀ ਮਾਮਲੇ ਨੂੰ ਜਨਤਿਕ ਤੌਰ 'ਤੇ ਨਸ਼ਰ ਕਰਨ ਲਈ ਅਧਿਕਾਰਤ ਨਹੀਂ ਹਨ।

# ਸਿੱਖਸ ਆਫ ਅਮਰੀਕਾ ਨੇ ਕਿਸਾਨੀ ਅੰਦੋਲਨ ਦਾ ਕੀਤਾ ਡੱਟ ਕੇ ਸਮਰਥਨ

## ਮੋਦੀ ਸਰਕਾਰ ਨੂੰ ਕਿਸਾਨਾਂ ਨਾਲ ਨਰਮੀ ਵਾਲਾ ਰਵੱਈਆ ਅਪਣਾਉਣਾ ਚਾਹੀਦਾ ਹੈ– ਚੇਅਰਮੈਨ ਜੱਸੀ

**ਵਾਸ਼ਿੰਗਟਨ ਡੀ.ਸੀ. (ਰਾਜ ਗੋਗਨਾ )–** ਪੰਜਾਬ ਦੇ ਕਿਸਾਨਾਂ ਵਲੋਂ ਸ਼ੁਰੂ ਕੀਤੇ ਗਏ ਕਿਸਾਨੀ ਅੰਦੋਲਨ ਭਾਰਤ ਵਿਚ ਤਾਂ ਹਰਿਆਣਾ, ਯੂ.ਪੀ., ਰਾਜਸਥਾਨ ਅਤੇ ਮੱਧ ਪ੍ਰਦੇਸ਼ ਆਦਿ ਸੂਬਿਆਂ ਵਲੋਂ ਸਮਰਥਨ ਮਿਲ ਹੀ ਰਿਹਾ ਹੈ ਪਰ ਹੁਣ ਵਿਦੇਸ਼ਾਂ ਤੋਂ ਵੀ ਸਹਿਯੋਗ ਮਿਲਣਾ ਸ਼ੁਰੂ ਹੋ ਗਿਆ ਹੈ। ਅਮਰੀਕਾ ਦੇ ਸਿੱਖਾਂ ਦੇ ਅਧਿਕਾਰਾਂ ਦੀ ਗੱਲ ਕਰਦੀ ਸਿੱਖਸ ਫਾਰ ਅਮੈਰਿਕਾ ਸੰਸਥਾ ਵਲੋਂ ਖੁੱਲ ਕੇ ਕਿਸਾਨੀ ਅੰਦੋਲਨ ਦਾ ਸਮਰਥਨ ਕੀਤਾ ਗਿਆ ਹੈ। ਇਸ ਸੰਸਥਾ ਦੇ ਅਹੁਦੇਦਾਰਾਂ ਦੀ ਬੀਤੇ ਦਿਨ ਇਕ ਮੀਟਿੰਗ ਹੋਈ ਜਿਸ ਵਿਚ ਜਸਦੀਪ ਸਿੰਘ ਜੈਸੀ ਚੇਅਰਮੈਨ, ਬਲਜਿੰਦਰ ਸਿੰਘ ਸ਼ੰਮੀ, ਕਮਲਜੀਤ ਸਿੰਘ ਸੋਨੀ, ਦਲਵੀਰ ਸਿੰਘ ਬੀਰਾ, ਗੁਰਚਰਨ ਸਿੰਘ ਵਰਲਡ ਬੈਂਕ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਅਤੇ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਸਿੱਖਸ ਆਫ ਅਮੈਰਿਕਾ ਵਲੋਂ ਇਸ ਹਫਤੇ 'ਚ ਇੰਡੀਅਨ ਕੌਂਸਲੇਟ ਨੂੰ ਮੈਮੋਰੰਡਮ ਦਿੱਤਾ ਜਾਵੇਗਾ ਜਿਸ ਵਿਚ ਮੋਦੀ ਸਰਕਾਰ ਨੂੰ ਕਿਸਾਨਾਂ



ਦੀਆਂ ਮੰਗਾਂ ਮੰਨਣ ਅਤੇ ਉਨਾਂ ਨੂੰ ਬਣਦੀਆਂ ਸਹੂਲਤਾਂ ਦੇਣ ਦਾ ਜ਼ਿਕਰ ਹੋਵੇਗਾ। ਸਿੱਖ ਫਾਰ ਅਮੈਰਿਕਾ ਦੇ ਚੇਅਰਮੈਨ ਸ. ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਆਪਣੀਆਂ ਮੰਗਾਂ ਲਈ ਇਸ ਠੰਡ ਦੇ ਮੌਸਮ ਵਿਚ ਸੜਕਾਂ ਉੱਤੇ ਬੈਠੇ ਪ੍ਰਦਰਸ਼ਨ ਕਰ ਰਹੇ ਹਨ। ਸਰਕਾਰਾਂ ਦੇਸ਼ ਦੀਆਂ ਮਾਈ ਬਾਪ ਹੁੰਦੀਆਂ ਹਨ ਅਤੇ ਪਰਜਾ ਉਨਾਂ ਦੇ ਬੱਚੇ। ਇਸ ਲਈ ਮਾਈ ਬਾਪ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਦਾ ਖਿਆਲ ਰੱਖੇ ਅਤੇ ਉਨਾਂ ਨੂੰ ਹਰ ਬਣਦੀ ਸਹੂਲਤ ਦੇਵੇ।ਚੇਅਰਮੈਨ ਸ: ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਮੋਦੀ ਸਰਕਾਰ ਨੂੰ ਅੜੀਅਲ ਰਵੱਈਆ ਛੱਡ ਕੇ ਕਿਸਾਨਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਤੇ ਮਸਲੇ ਨੂੰ ਹੱਲ ਕਰਕੇ ਦੇਸ਼ ਵਿਚ ਸ਼ਾਂਤੀ ਵਰਤਾਉਣੀ ਚਾਹੀਦੀ ਹੈ। ਉਨਾਂ ਕਿਹਾ ਕਿ ਅਸੀਂ ਅੱਜ ਸਿੱਖਸ ਫਾਰ ਅਮੈਰਿਕਾ ਵਲੋਂ ਕਿਸਾਨੀ ਸੰਘਰਸ਼ ਦਾ ਮੁਕੰਮਲ ਰੂਪ ਵਿੱਚ ਪੂਰਾ ਸਮਰਥਨ ਕਰਨ ਦਾ ਐਲਾਨ ਕਰਦੇ ਹਾਂ।

# ਅਦਾਲਤ ਨੇ ਟਰੰਪ ਪ੍ਰਸ਼ਾਸਨ ਨੂੰ ਹਰ ਹਾਲਤ ਵਿਚ ਡੀ ਏ ਸੀ ਏ ਤਹਿਤ ਪ੍ਰਵਾਸੀਆਂ ਤੋਂ ਨਵੀਆਂ ਦਰਖਾਸਤਾਂ ਲੈਣ ਲਈ ਕਿਹਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਸੰਘੀ ਅਦਾਲਤ ਨੇ ਨਿਰਨਾ ਦਿੱਤਾ ਹੈ ਕਿ ਟਰੰਪ ਪ੍ਰਸ਼ਾਸਨ ''ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲ'' ( ਡੀ ਏ ਸੀ ਏ) ਪ੍ਰੋਗਰਾਮ ਤਹਿਤ ਹਰ ਹਾਲਤ ਵਿਚ ਨਵੀਆਂ ਦਰਖਾਸਤਾਂ ਸਵਿਕਾਰ ਕਰੇ ਜਿਸ ਪ੍ਰੋਗਰਾਮ ਨੂੰ ਕਾਰਜਕਾਰੀ ਹੋਮਲੈਂਡ ਸੁਰੱਖਿਆ ਸਕੱਤਰ ਨੇ ਮੁਲਤਵੀ ਕਰ ਦਿੱਤਾ ਸੀ। ਅਦਾਲਤ ਦੇ ਇਸ ਫੈਸਲੇ ਨਾਲ ਭਾਰਤੀਆਂ ਸਮੇਤ ਲੱਖਾਂ ਪ੍ਰਵਾਸੀ ਬੱਚਿਆਂKਨੌਜਵਾਨਾਂ ਜਿਨਾਂ ਉਪਰ ਦੇਸ਼ ਨਿਕਾਲੇ ਦੀ ਤਲਵਾਰ ਲਟਕੀ ਹੋਈ ਸੀ, ਰਾਹਤ ਮਿਲੇਗੀ। ਯੂ ਐਸ ਡਿਸਟ੍ਰਿਕਟ ਜੱਜ ਨਿਕੋਲਸ ਗਰੌਫਿਸ ਨੇ ਆਪਣੇ ਆਦੇਸ਼ ਵਿਚ ਕਿਹਾ ਹੈ ਕਿ ਸਰਕਾਰ ਤਿੰਨ ਦਿਨਾਂ ਦੇ ਅੰਦਰ ਜਨਤਿਕ ਨੋਟਿਸ ਜਾਰੀ ਕਰੇ ਕਿ ਡੀ ਏ ਸੀ ਏ ਦਰਖਾਸਤਾਂ ਸਵਿਕਾਰ ਕੀਤੀਆਂ ਜਾ ਰਹੀਆਂ ਹਨ। ਨਵੰਬਰ ਵਿਚ ਸੁਣਵਾਈ ਦੌਰਾਨ ਜੱਜ ਨਿਕੋਲਸ ਗਰੌਫਿਸ ਨੇ ਕਿਹਾ ਸੀ ਕਿ ਹੋਮਲੈਂਡ ਸੁਰੱਖਿਆ ਵਿਭਾਗ ਦੇ ਕਾਰਜਕਾਰੀ ਸਕੱਤਰ ਚੈਡ ਵੋਲਫ ਪ੍ਰੋਗਰਾਮ ਨੂੰ ਮੁਲਤਵੀ ਕਰਨ ਲਈ ਅਧਿਕਾਰਤ ਨਹੀਂ ਸੀ। ਉਸ ਦੀ ਇਹ ਕਾਰਵਾਈ ਗੈਰ ਕਾਨੂੰਨੀ ਹੈ। ਵੋਲਫ ਨੇ ਇਸ ਸਾਲ ਜੁਲਾਈ ਵਿਚ ਇਹ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਸੀ। ਵੂਲਫ ਨੇ ਯੂ.ਐਸ ਸੁਪਰੀਮ ਕੋਰਟ ਵੱਲੋਂ ਜੂਨ ਵਿਚ ਦਿੱਤੇ ਨਿਰਨੇ ਤੋਂ ਬਾਅਦ ਪ੍ਰੋਗਰਾਮ ਮੁਲਤਵੀ ਕਰਨ ਦੇ ਆਦੇਸ਼ ਦਿੱਤੇ ਸਨ ਜਿਸ ਨਿਰਨੇ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡੀ ਏ ਸੀ ਏ ਪ੍ਰੋਗਰਾਮ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਨ ਸਮੇ ਨਿਯਮਾਂ ਸਬੰਧੀ ਪ੍ਰਕ੍ਰਿਆ ਨਹੀਂ ਅਪਣਾਈ। ਇਸ ਪ੍ਰੋਗਰਾਮ ਤਹਿਤ ਤਕਰੀਬਨ 6,50,000 ਲੋਕ ਪਹਿਲਾਂ ਹੀ ਦਰਖਾਸਤਾਂ ਦੇ ਚੁੱਕੇ ਹਨ ਜਿਸ ਪ੍ਰੋਗਰਾਮ ਨੂੰ ਟਰੰਪ ਪ੍ਰਸ਼ਾਸਨ ਖਤਮ ਕਰਨ ਦੀ



ਕੋਸ਼ਿਸ਼ ਵਿਚ ਹੈ। ਚੋਣਾਂ ਦੌਰਾਨ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡੇਨ ਨੇ ਪ੍ਰਵਾਸੀਆਂ ਨਾਲ ਇਨਸਾਫ ਕਰਨ ਦਾ ਵਾਅਦਾ ਕਰਦਿਆਂ ਕਿਹਾ ਸੀ ਕਿ ਟਰੰਪ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਨੀਤੀਆਂ ਵਿਚਲੀਆਂ ਖਾਮੀਆਂ ਦੂਰ ਕੀਤੀਆਂ ਜਾਣਗੀਆਂ। ਇਮਗ੍ਰੇਸ਼ਨ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਸਥਿੱਤੀ ਏਨੀ ਗੁੰਝਲਦਾਰ ਬਣਾ ਦਿਤੀ ਗਈ ਹੈ ਕਿ ਬਾਇਡੇਨ ਪ੍ਰਸ਼ਾਸਨ ਨੂੰ ਡੀ ਏ ਸੀ ਏ, ਸ਼ਰਨ, ਪਰਿਵਾਰ ਵਿਛੋੜੇ, ਆਈ ਸੀ ਏ ਛਾਪਿਆਂ ਤੇ ਨਿੱਜੀ ਕੈਦ ਆਦਿ ਸਬੰਧੀ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਨੂੰ ਰੱਦ ਕਰਨ ਜਾਂ ਪਹਿਲਾਂ ਵਾਲੀ ਸਥਿੱਤੀ ਵਿਚ ਲਿਆਉਣ ਲਈ ਕਈ ਸਾਲ ਲੱਗ ਸਕਦੇ ਹਨ।

ਇਥੇ ਜਿਕਰਯੋਗ ਹੈ ਕਿ 2016 ਵਿਚ ਆਪਣੀ ਚੋਣ ਮੁਹਿੰਮ ਦੌਰਾਨ ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀਆਂ ਦੇ ਬੱਚਿਆਂ ਦਾ ਸਮਰਥਨ ਕਰਨ ਤੋਂ ਬਾਅਦ ਸਤੰਬਰ 2017 ਵਿਚ ਇਸ ਦੇ ਉਲਟ ਟਰੰਪ ਨੇ ਐਲਾਨ ਕੀਤਾ ਸੀ ਕਿ ਉਸ ਵੱਲੋਂ ਉਬਾਮਾ ਯੁੱਗ ਵਾਲਾ ਡੀ ਏ ਸੀ ਏ ਪ੍ਰੋਗਰਾਮ ਖਤਮ ਕਰ ਦਿੱਤਾ ਜਾਵੇਗਾ। ਇਸ ਪ੍ਰੋਗਰਾਮ ਤਹਿਤ ਪ੍ਰਵਾਸੀਆਂ ਦੇ ਨਾਲ ਅਮਰੀਕਾ ਵਿਚ ਆਏ ਬੱਚਿਆਂ ਨੂੰ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਇਜ਼ਾਜਤ ਦਿੱਤੀ ਜਾਂਦੀ ਹੈ ਤੇ ਉਨਾਂ ਨੂੰ ਦੇਸ਼ ਨਿਕਾਲਾ ਨਹੀਂ ਦਿੱਤਾ ਜਾ ਸਕਦਾ। ਟਰੰਪ ਪ੍ਰਸ਼ਾਸਨ ਨੇ ਕਿਹਾ ਸੀ ਕਿ ਉਹ ਇਹ ਪ੍ਰੋਗਰਾਮ ਖਤਮ ਕਰਨ ਉਪਰੰਤ ਕਾਂਗਰਸ ਨੂੰ 6 ਮਹੀਨਿਆਂ ਵਿਚ ਨਵਾਂ ਕਾਨੂੰਨ ਬਣਾਉਣ ਲਈ ਕਹੇਗਾ ਤਾਂ ਜੋ ਅਮਰੀਕਾ ਟਿਕੇ ਰਹਿਣ ਦੇ ਸੁਪਨੇ ਲੈਣ ਵਾਲਿਆਂ ਦਾ ਪੱਕਾ ਪ੍ਰਬੰਧ ਕੀਤਾ ਜਾ ਸਕੇ। ਜੱਜ ਗਰੌਫਿਸ ਨੇ ਡੀ ਏ ਸੀ ਏ ਪ੍ਰੋਗਰਾਮ ਬਾਰੇ ਸਥਿੱਤੀ ਰਿਪੋਰਟ ਅਗਲੇ ਸਾਲ 4 ਜਨਵਰੀ ਨੂੰ ਪੇਸ਼ ਕਰਨ ਦਾ ਹੁਕਮ ਵੀ ਦਿੱਤਾ ਹੈ।

# ਕੋਵਿਡ ਟੀਕੇ ਦੇ ਉਲਟ ਅਸਰ 'ਤੇ ਮਿਲੇਗਾ 120,000 ਪੌਂਡ ਦਾ ਮੁਆਵਜ਼ਾ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਸਰਕਾਰ ਵੱਲੋਂ ਕੋਰੋਨਾਂ ਵਾਇਰਸ ਦੇ ਇਲਾਜ ਲਈ ਟੀਕੇ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ ਜਿਸ ਨਾਲ ਟੀਕਾਕਰਣ ਅਗਲੇ ਕੁੱਝ ਦਿਨਾਂ ਤੱਕ ਅਮਲ ਵਿੱਚ ਆ ਜਾਵੇਗਾ। ਕਈ ਵਾਰ ਟੀਕੇ ਦੇ ਸਰੀਰ ਵਿੱਚ ਉਲਟ ਅਸਰ ਵੀ ਹੋ ਸਕਦੇ ਹਨ ਜੋ ਕਿ ਨੁਕਸਾਨ ਦਾਇਕ ਸਿੱਧ ਹੋ ਸਕਦੇ ਹਨ। ਕੋਰੋਨਾਂ ਦੇ ਸੰਬੰਧ ਵਿੱਚ ਫਾਈਜ਼ਰ-ਬਾਇਓਨਟੈਕ ਦੇ ਇਸ ਟੀਕੇ ਦੇ ਨਤੀਜੇ ਵਜੋਂ ਕੋਈ ਵੀ ਵਿਅਕਤੀ ਜੇਕਰ ਕਿਸੇ ਸਾਈਡ ਇਫੈਕਟ ਕਾਰਨ ਗੰਭੀਰ ਅਪਾਹਿਜ ਹੁੰਦਾ ਹੈ ਤਾਂ ਉਹ 120,000 ਪੌਂਡ ਟੈਕਸ ਮੁਕਤ ਅਦਾਇਗੀ ਦਾ ਹੱਕਦਾਰ ਹੋਵੇਗਾ। ਇਸ ਲਈ ਫਾਈਜ਼ਰ-ਬਾਇਓਨਟੈਕ ਟੀਕੇ ਨੂੰ ਅਗਲੇ ਹਫਤੇ ਤੋਂ ਪਹਿਲਾਂ ਯੂਕੇ ਸਰਕਾਰ ਦੁਆਰਾ ਟੀਕੇ ਦੇ ਨੁਕਸਾਨ ਦੀ ਅਦਾਇਗੀ ਐਕਟ ਵਿਚ ਸ਼ਾਮਲ ਕਰ ਦਿੱਤਾ ਜਾਵੇਗਾ ਜੋ ਕਿ ਐਨ.ਐਚ.ਐਸ. ਟੀਕਾਕਰਣ ਪ੍ਰੋਗਰਾਮਾਂ ਵਿੱਚ ਵਰਤੇ ਜਾਣ ਵਾਲੇ ਕਿਸੇ ਵੀ ਟੀਕੇ ਲਈ ਨਿਯਮਤ ਰੂਪ ਵਿੱਚ ਕੀਤਾ ਜਾਂਦਾ ਹੈ। ਯੂਕੇ ਵਿੱਚ ਟੀਕਿਆਂ ਦੇ ਉਲਟ ਨਤੀਜਿਆਂ ਕਾਰਨ ਨੁਕਸਾਨ ਸੰਬੰਧੀ 1978 ਤੋਂ ਅਪ੍ਰੈਲ 2017 ਦੇ ਵਿਚਕਾਰ 936 ਸਫਲ ਦਾਅਵੇ ਹੋਏ ਹਨ ਅਤੇ 74 ਮਿਲੀਅਨ ਪੌਂਡ ਦਾ ਭੁਗਤਾਨ ਕੀਤਾ ਗਿਆ ਹੈ। ਕੰਪਨੀ ਦੀ ਇਸ ਪਹਿਲ ਨਾਲ ,ਕੋਵਿਡ -19 ਟੀਕਿਆਂ ਨਾਲ ਸਬੰਧਤ ਭਵਿੱਖ ਦੇ ਦਾਅਵਿਆਂ ਤੋਂ ਸੁਰੱਖਿਆ ਮਿਲੇਗੀ ਜਿਸਦੇ ਤਹਿਤ ਮਰੀਜ਼ ਕਿਸੇ ਨੁਕਸਾਨ ਦੇ ਹਰਜਾਨੇ ਲਈ ਮੁਕੱਦਮਾ ਨਹੀਂ ਕਰ ਸਕਣਗੇ। ਸਕਾਟਲੈਂਡ ਵਿੱਚ 30,000 ਤੋਂ ਵੱਧ ਲੋਕਾਂ ਨੂੰ ਪਹਿਲੇ ਗੇੜ ਵਿੱਚ ਟੀਕਾਕਰਨ ਦੀ ਸੰਭਾਵਨਾ ਹੈ ਜੋ ਕਿ ਦੇਖਭਾਲ ਘਰਾਂ, ਐਨ ਐਚ ਐਸ ਫਰੰਟਲਾਈਨ ਕਾਮੇ, ਸਮਾਜਿਕ ਦੇਖਭਾਲ ਕਰਮਚਾਰੀਆਂ ਅਤੇ 80 ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਪਹਿਲ ਦੇ ਆਧਾਰ 'ਤੇ ਲਗਾਏ ਜਾਣਗੇ।

# "ਸੂਰਮਿਆਂ ਦੇ ਕਦਮ" ਗੀਤ ਫ਼ਰਜ਼ ਯਾਦ ਕਰਵਾਉਣ ਦੀ ਅਦਨੀ ਜਿਹੀ ਕੋਸ਼ਿਸ਼- ਰਸ਼ਪਾਲ ਸਿੰਘ ਖੁਸ਼ਦਿਲ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** "ਖੁਦਕੁਸ਼ੀਆਂ ਕਿਸੇ ਮਸਲੇ ਦਾ ਹੱਲ ਨਹੀਂ ਹਨ। ਸੂਰਮੇ, ਓਹ ਹੁੰਦੇ ਹਨ ਜੋ ਸਮੇਂ ਦੀ ਅੱਖ 'ਚ ਅੱਖ ਪਾ ਕੇ ਸਮੇਂ ਨੂੰ ਵੀ ਨੀਵੀਂ ਪਾਉਣ ਲਈ ਮਜਬੂਰ ਕਰ ਦੇਣ। 'ਸੂਰਮਿਆਂ ਦੇ ਕਦਮ' ਗੀਤ ਫ਼ਰਜ਼ ਭੁੱਲ ਕੇ ਮਾਨਸਿਕ ਜਾਂ ਸਰੀਰਕ ਖੁਦਕੁਸ਼ੀ ਦੇ ਰਾਹ ਤੁਰੇ ਜਾਂਦੇ ਵੀਰਾਂ ਭੈਣਾਂ ਨੂੰ ਸੰਘਰਸ਼ ਦਾ ਰਾਹ ਅਖਤਿਆਰ ਕਰਨ ਲਈ ਹੋਕਰੇ ਮਾਰ ਕੇ ਬੁਲਾਉਣ ਦਾ ਯਤਨ ਕੀਤਾ ਹੈ।", ਉਕਤ ਵਿਚਾਰਾਂ ਦਾ ਪ੍ਰਗਟਾਵਾ ਪ੍ਰਸਿੱਧ ਗਾਇਕ ਰਸ਼ਪਾਲ ਸਿੰਘ ਖੁਸ਼ਦਿਲ ਨੇ ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਇਸ ਗੀਤ ਨੂੰ ਕਲਮਬੱਧ ਸਕ-ਾਟਲੈਂਡ ਦੇ ਸਹਿਰ ਗਲਾਸਗੋ ਵਸਦੇ ਪ੍ਰਪੱਕ




ਸ਼ਾਇਰ ਅਮਨਦੀਪ ਸਿੰਘ ਅਮਨ ਨੇ ਕੀਤਾ ਹੈ। ਸੰਗੀਤਕ ਧੁਨਾਂ "ਐਰੋ ਸਾਊਂਡਜ਼" ਨੇ ਤਿਆਰ ਕੀਤੀਆਂ ਹਨ ਤੇ ਤਰਜ਼ ਕਰਮਦੀਪ ਸਿੰਘ ਈਸੇਵਾਲ ਦੀ ਹੈ। ਵੀਡੀਓ ਰਾਹੀਂ ਗੀਤ ਨੂੰ ਸਾਰਥਿਕਤਾ ਦੇਣ ਦਾ ਕੰਮ ਸਮਨ ਨੇ ਕੀਤਾ ਹੈ।

### ਕੀ ਕਹਿਣਾ ਹੈ ਅਮਨਦੀਪ ਸਿੰਘ ਅਮਨ ਦਾ?

ਸ਼ਾਇਰ ਅਮਨਦੀਪ ਸਿੰਘ ਅਮਨ ਨੇ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਇਸ ਧਰਤੀ 'ਤੇ ਸਿਰਫ ਖਾਣ ਪੀਣ, ਪਰਿਵਾਰਕ ਖੁਸ਼ੀਆਂ ਗਮੀਆਂ ਦਾ ਨਿਪਟਾਰਾ ਕਰਨ ਹੀ ਨਹੀਂ ਆਏ, ਸਗੋਂ ਸਾਡੇ ਕੁਝ ਕੌਮੀ ਫ਼ਰਜ਼ ਵੀ ਹਨ। ਪਰ ਇਹਨਾਂ ਫ਼ਰਜ਼ਾਂ ਨੂੰ ਨੇਪਰੇ ਚਾੜ੍ਹਨ ਲਈ ਵੀ ਸਿਦਕਦਿਲੀ ਦੀ ਜ਼ਰੂਰਤ ਹੈ, ਹੌਸਲਾ ਢਾਹ ਕੇ ਜੰਗ ਦੇ ਮੈਦਾਨ ਨਹੀਂ ਜਿੱਤੇ ਜਾਂਦੇ।

# ਅਮਰੀਕਾ ਦੇ ਉੱਘੇ ਸਿੱਖ ਵਿਗਿਆਨੀ ਅਤੇ ਫਾਈਬਰ ਆਪਟਿਕਸ ਦੇ ਪਿਤਾਮਾ ਡਾ: ਨਰਿੰਦਰ ਸਿੰਘ ਕੰਪਾਨੀ ਦਾ ਅਮਰੀਕਾ 'ਚ ਦਿਹਾਂਤ



**ਵਾਸ਼ਿੰਗਟਨ, ਡੀ.ਸੀ (ਰਾਜ ਗੋਗਨਾ )—** ਅਮਰੀਕਾ ਦੇ ਸਿੱਖ ਵਿਗਿਆਨੀ ਅਤੇ ਫਾਈਬਰ ਆਪਟਿਕਸ ਦੇ ਪਿਤਾਮਾ ਡਾ. ਨਰਿੰਦਰ ਸਿੰਘ ਕੰਪਾਨੀ ਦਾ ਬੀਤੇਂ ਦਿਨ ਦਿਹਾਂਤ ਹੋ ਗਿਆ ਹੈ।

ਇਸ ਸੰਬੰਧੀ ਅਮਰੀਕਾ ਦੀ ਈਕੋ ਸਿੱਖ ਨਾਂ ਦੀ ਸੰਸਥਾ ਦੇ ਚੇਅਰਮੈਨ ਡਾ: ਰਾਜਵੰਤ ਸਿੰਘ ਨੇ ਜਾਣਕਾਰੀ ਦਿੱਤੀ ਉਹਨਾਂ ਦੱਸਿਆ ਕਿ ਡਾ; ਨਰਿੰਦਰ ਸਿੰਘ ਇਕ ਮਹਾਨ ਵਿਗਿਆਨੀ, ਪਰਉਪਕਾਰੀ ਤੇ ਸਿੱਖ ਕਲਾ ਤੇ ਸਾਹਿਤ ਦੇ ਬਹੁਤ ਵੱਡੇ ਪ੍ਰੋਮੋਟਰ ਵੀ ਸਨ। ਉਹਨਾਂ ਦੇ ਸਦੀਵੀਂ ਵਿਛੋੜੇ' ਤੇ ਉਹਨਾਂ ਡੂੰਘਾ ਦੁੱਖ ਵੀ ਪ੍ਰਗਟ ਕੀਤਾ। ਉਹਨਾਂ ਕਿਹਾ ਕਿ ਅਸੀਂ ਅਮਰੀਕਾ ਵਿੱਚ ਸਿੱਖ ਭਾਈਚਾਰੇ ਦਾ ਇਕ ਵੱਡਾ ਥੰਮ ਗੁਆ ਲਿਆ ਹੈ। ਉਹਨਾਂ ਨੇ ਕਿਹਾ ਕਿ ਸੰਨ 1980 ਤੋਂ ਉਹਨਾਂ ਨਾਲ ਉਹਨਾਂ ਦੇ ਪਰਿਵਾਰਕ ਨਿੱਘੇ ਸੰਬੰਧ ਸਨ। ਉਹਨਾਂ ਦੱਸਿਆ ਕਿ ਵਾਸ਼ਿੰਗਟਨ ਡੀ.ਸੀ ਦੇ ਕੋਸਮੋਸ ਕਲੱਬ ਵਿੱਚ ਉਹਨਾਂ ਦੀਆਂ ਕਈ ਵਾਰ ਉਹਨਾਂ ਸ਼ਮਾਲ ਮੀਟਿੰਗਾਂ ਵੀ ਹੋਈਆਂ। ਉਹਨਾਂ ਨੇ ਸਿੱਖ ਅਧਿਐਨ ਲਈ ਇਕ ਬਹੁਤ ਵੱਡਾ ਯੋਗਦਾਨ ਪਾਇਆ ਤੇ ਯਤਨ ਕੀਤਾ ਕਿ ਅਕਾਦਮਿਕ ਤੇ ਕਲਾ ਜਗਤ ਵਿਚ ਸਿੱਖਾਂ ਨੂੰ ਮਾਨਤਾ ਮਿਲੇ ਤੇ ਉਹਨਾਂ ਦੀ ਬਹੁਤ ਵੱਡੀ ਵਡਿਆਈ ਸੀ।





# ਸ਼ਹੀਦ ਸ਼ੈਰਫ ਸੰਦੀਪ ਸਿੰਘ ਧਾਲੀਵਾਲ ਦੇ ਨਾਮ ਤੇ ਹਿਊਸਟਨ ਦੇ ਇੱਕ ਪੋਸਟ ਆਫਿਸ ਦਾ ਨਾਂ ਸੰਦੀਪ ਸਿੰਘ ਧਾਲੀਵਾਲ ਦੇ ਨਾਮ ਤੇ ਰੱਖਣ ਲਈ ਅਮਰੀਕੀ ਸੰਸਦ ਦੇ ਉੱਚ ਸਦਨ ਸੈਨੇਟ ਨੇ ਸਰਵਸੰਮਤੀ ਇਕ ਬਿੱਲ ਨੂੰ ਦਿੱਤੀ ਮਨਜ਼ੂਰੀ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**ਪਿਛਲੇ ਸਾਲ 27 ਸਤੰਬਰ ਨੂੰ ਡਿਊਟੀ ਦੌਰਾਨ ਆਪਣੇ ਪ੍ਰਾਣ ਗਵਾਉਣ ਵਾਲੇ ਡਿਪਟੀ ਸ਼ੈਰਫ ਸੰਦੀਪ ਸਿੰਘ ਧਾਲੀਵਾਲ ਦੇ ਨਾਮ ਤੇ ਹਿਊਸਟਨ ਦੇ ਇੱਕ ਪੋਸਟਆਫਿਸ ਦਾ ਨਾ ਸੰਦੀਪ ਸਿੰਘ ਧਾਲੀਵਾਲ ਦੇ ਨਾਮ ਤੇ ਰੱਖਣ ਲਈ ਅਮਰੀਕੀ ਸੰਸਦ ਦੇ ਉੱਚ ਸਦਨ ਸੈਨੇਟ ਨੇ ਸਰਵਸੰਮਤੀ ਇਕ ਬਿੱਲ ਨੂੰ ਮਨਜ਼ੂਰੀ ਦੇਦਿੱਤੀ, ਤੁਹਾਨੂੰ ਯਾਦ ਹੋਵੇਗਾ ਪਿਛਲੇ ਸਾਲ ਇੱਕ ਟ੍ਰੈਫਿਕ ਸਟਾਪ ਦੌਰਾਨ ਇੱਕ ਸਿਰਫਿਰੇ ਨੇ ਉਨ੍ਹਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਕਾਂਗਰਸ ਦੇਹੇਠਲੇ ਸਦਨ ਪ੍ਰਤੀਨਿੱਧੀ ਸਭਾ ਸਤੰਬਰ ਵਿਚ ਹੀ ਦੋ-ਪੱਖੀ ਸਮਰਥਨ ਨਾਲ ਹਿਊਸਟਨ ਦੇ 315 ਏਡਿਕਸ ਹਾਵੇਲ ਰੋਡ ਸਥਿਤ ਪੋਸਟ ਆਫ਼ਿਸ ਦਾ ਨਾਮ'ਡਿਪਟੀ ਸੰਦੀਪ ਸਿੰਘ ਧਾਲੀਵਾਲ ਪੋਸਟ ਆਫ਼ਿਸ ਬਿਲਡਿੰਗ' ਕਰਣ ਨੂੰ ਆਪਣੀ ਮਨਜ਼ੂਰੀ ਦੇ ਚੁੱਕੀ ਹੈ। ਹੁਣ ਇਸ ਬਿੱਲ ਨੂੰ ਰਾਸ਼ਟਰਪਤੀ ਡੋਨਾਲਡ ਟਰੰਪਦੇ ਹਸਤਾਖ਼ਰ ਲਈ ਵ੍ਹਾਈਟ ਹਾਊਸ ਭੇਜਿਆ ਜਾਵੇਗਾ। ਇਸ ਬਿੱਲ ਦੇ ਅਮਲ ਦੇ ਬਾਅਦ ਹਿਊਸਟਨ ਸਥਿਤ ਇਹ ਦੂਜਾ ਪੋਸਟ ਆਫ਼ਿਸ ਹੋਵੇਗਾ, ਜਿਸਦਾਨਾਮ ਕਿਸੇ ਭਾਰਤੀ ਦੇ ਨਾਮ 'ਤੇ ਹੋਵੇਗਾ।

ਇਸ ਤੋਂ ਪਹਿਲਾਂ ਦੱਖਣੀ ਕੈਲੀਫੋਰਨੀਆ ਵਿਚ ਕਾਂਗਰਸ ਮੈਂਬਰ ਰਹੇ ਦਲੀਪ ਸਿੰਘ ਸੌਂਧ ਨੂੰ ਸਾਲ 2006 ਵਿਚਇਹ ਸਨਮਾਨ ਮਿਲਿਆ ਸੀ।

# 1960 ਦੇ ਓਲੰਪਿਕ ਡੀਕੈਥਲਨ ਚੈਂਪੀਅਨ ਰਾਫੇਰ ਜੌਹਨਸਨ ਦੀ ਹੋਈ ਮੌਤ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**-ਰਾਫੇਰ ਜੌਹਨਸਨ, ਜਿਸਨੇ 1960 ਦੀਆਂ ਓਲੰਪਿਕ ਵਿੱਚ ਡੀਕੈਥਲਨ 'ਚ ਸ਼ਾਨਦਾਰ ਜਿੱਤ ਨਾਲ ਆਪਣੇ ਟ੍ਰੈਕ ਅਤੇ ਫੀਲਡ ਕਰੀਅਰ ਦੀ ਸਮਾਪਤੀ ਕੀਤੀ ਸੀ,ਦੀ ਮੰਗਲਵਾਰ ਨੂੰ 86 ਸਾਲ ਦੀ ਉਮਰ ਭੋਗਦਿਆਂ ਲਾਸ ਏਂਜਲਸ ਵਿੱਚ ਮੌਤ ਹੋ ਗਈਹੈ।ਇਸ ਅਮਰੀਕੀ ਉਲੰਪਿਕ ਖਿਡਾਰੀ ਦਾ ਦੇਹਾਂਤ ਉਸਦੇ ਸ਼ੈਰਮਨ ਓਕਸ ਕੈਲੀਫੋਰਨੀਆਂ ਦੇ ਘਰ ਵਿੱਚ ਪਰਿਵਾਰਿਕ ਮੈਂਬਰਾਂ ਵਿਚਕਾਰ ਹੋਇਆ ਜਦਕਿ ਉਹਨਾਂ ਦੀ ਮੌਤ ਦਾ ਕੋਈ ਕਾਰਨ ਨਹੀ ਦੱਸਿਆ ਗਿਆ ਹੈ। 1960 ਦੀਆਂ ਰੋਮ ਵਿੱਚ ਹੋਈਆਂ ਖੇਡਾਂ ਵਿੱਚ ਜੌਹਨਸਨ ਦੀ ਡੀਕੈਥਲਨ ਦੇ ਫਾਈਨਲ ਵਿੱਚ ਜਿੱਤ ਓਲੰਪਿਕ ਦੇ ਇਤਿਹਾਸ ਵਿੱਚ ਲਈ ਸਭ ਤੋਂ ਯਾਦਗਾਰੀ ਸੀ।ਇਸ ਵਿੱਚ ਤਾਈਵਾਨ ਦੇ ਸੀ.ਕੇ.ਯਾਂਗ ਨਾਲ ਮੁਕਾਬਲੇ ਵਿੱਚ ਜੌਹਨਸਨ ਨੇ 1500 ਮੀਟਰ 'ਚ ਬੜ੍ਹਤ ਬਣਾਈ ਸੀ ਅਤੇ ਸਿਰਫ 58 ਅੰਕਾਂ ਨਾਲ ਡੀਕੈਥਲਨ 'ਚ ਜਿੱਤ ਪ੍ਰਾਪਤ ਕੀਤੀ ਸੀ।ਇਸ ਤੋਂ ਇਲਾਵਾ ਵੀ ਜੌਹਨਸਨ ਨੇ 1956 ਦੇ ਓਲੰਪਿਕ ਵਿੱਚ ਡੀਕੈਥਲਨ 'ਚ ਚਾਂਦੀ ਦਾ



ਮੈਡਲ ਜਿੱਤਿਆ ਸੀ। ਯੂ ਐਸ ਏ ਟਰੈਕ ਐਂਡ ਫੀਲਡ ਦੇ ਅਨੁਸਾਰ ਜੌਹਨਸਨ ਦਾ ਜਨਮ 18 ਅਗਸਤ, 1934 ਨੂੰ ਟੈਕਸਸ ਦੇ ਹਿੱਲਸਬਰੋ ਵਿੱਚ ਹੋਇਆ ਸੀ ਅਤੇ ਉਹ ਮਿਡਲ ਸਕੂਲ ਵਿੱਚ ਕੈਲੀਫੋਰਨੀਆਂ ਚਲਾ ਗਿਆ ਸੀ। ਹਾਈ ਸਕੂਲ ਵਿੱਚ, ਉਸਨੇ ਫੁਟਬਾਲ, ਬੇਸਬਾਲ, ਬਾਸਕਟਬਾਲ ਅਤੇ ਟ੍ਰੈਕ ਆਦਿ ਖੇਡਾਂ ਖੇਡੀਆਂ। ਉਸਨੇ 1955 ਵਿੱਚ ਪੈਨ ਅਮੈਰੀਕਨ ਖੇਡਾਂ ਦੇ ਡੀਕੈਥਲਨ ਵਿਚ ਸੋਨੇ ਦਾ ਤਗਮਾ ਜਿੱਤਿਆ ਅਤੇ 1956 ਵਿੱਚ ਯੂ ਸੀ ਐਲ ਏ ਦੀ ਟ੍ਰੈਕ ਅਤੇ ਫੀਲਡ ਲਈ ਐਨ ਸੀ ਏ ਏ ਦੀ ਅਗਵਾਈ ਵੀ ਕੀਤੀ।

ਆਪਣੇ ਅਥਲੈਟਿਕ ਕੈਰੀਅਰ ਤੋਂ ਬਾਅਦ, ਜੌਹਨਸਨ ਨੇ ਰਾਸ਼ਟਰਪਤੀ ਜਾਨ ਐਫ. ਕੈਨੇਡੀ ਦੇ ਪੀਸ ਕੋਰ ਲਈ ਵੀ ਕੰਮ ਕੀਤਾ ਅਤੇ ਉਹ 5 ਜੂਨ, 1968 ਨੂੰ ਰਾਬਰਟ ਐਫ. ਕੈਨੇਡੀ ਦੀ ਰਾਸ਼ਟਰਪਤੀ ਮੁਹਿੰਮ ਨਾਲ ਕੰਮ ਕਰ ਰਿਹਾ ਸੀ, ਜਦੋਂ ਕਿ ਡੈਮੋਕਰੇਟ ਉਮੀਦਵਾਰ ਨੂੰ ਜਾਨ ਤੋਂ ਮਾਰ ਦਿੱਤਾ ਗਿਆ ਸੀ।ਜੌਹਨਸਨ ਯੂ ਐਸ ਓਲੰਪਿਕ ਅਤੇ ਪੈਰਾਲੰਪਿਕ ਹਾਲ ਆਫ ਫੇਮ , ਨੈਸ਼ਨਲ ਟ੍ਰੈਕ ਅਤੇ ਫੀਲਡ ਹਾਲ ਆਫ ਫੇਮ ਦਾ ਮੈਂਬਰ ਵੀ ਰਿਹਾ ਹੈ। ਇਸ ਉਲੰਪਿਕ ਖਿਡਾਰੀ ਦੇ ਦੇਹਾਂਤ ਨਾਲ ਦੇਸ਼ ਨੂੰ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

# ਦੱਖਣੀ ਕੈਲੀਫੋਰਨੀਆਂ ਵਿੱਚ ਅੱਗ ਦੇ ਖਤਰੇ ਕਾਰਨ ਕੀਤੀ ਹਜ਼ਾਰਾਂ ਲੋਕਾਂ ਦੀ ਬਿਜਲੀ ਬੰਦ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**- ਦੱਖਣੀ ਕੈਲੀਫੋਰਨੀਆਂ ਦੀਆਂ ਬਿਜਲੀ ਕੰਪਨੀਆਂ ਦੁਆਰਾ ਜੰਗਲੀ ਅੱਗ ਦੇ ਖਤਰੇ ਤੋਂ ਬਚਣ ਲਈ ਖੇਤਰ ਵਿੱਚ ਸੈਂਕੜੇ ਘਰਾਂ ਦੀ ਬਿਜਲੀ ਨੂੰ ਬੰਦ ਕੀਤਾ ਗਿਆ ਕਿਉਂਕਿ ਇਸ ਖੇਤਰ ਵਿੱਚ ਸੈਂਟਾ ਐਨਾ ਹਵਾਵਾਂ ਦਾ ਖਤਰਾ ਛਾਇਆ ਹੋਇਆ ਹੈ ਜੋ ਕਿ ਤੂਫਾਨ ਨੂੰ ਤਬਾਹੀ ਵਿਚ ਬਦਲ ਸਕਦਾ ਹੈ। ਮੌਸਮ ਵਿਭਾਗ ਦੇ ਅਨੁਸਾਰ ਬਹੁਤ ਸਾਰੇ ਖੇਤਰ ਵਿੱਚ ਵੀਰਵਾਰ ਨੂੰ ਬਹੁਤ ਘੱਟ ਨਮੀ ਅਤੇ ਹਵਾਵਾਂ ਜੋ ਕਿ 35 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਲੰਘ ਸਕਦੀਆਂ ਹਨ ਅਤੇ ਇਹ 50 ਮੀਲ ਪ੍ਰਤੀ ਘੰਟਾ ਤੋਂ 70 ਤੱਕ ਵੀ ਪਹੁੰਚ ਸਕਦੀਆਂ ਹਨ। ਮੌਸਮ ਸੇਵਾ ਅਨੁਸਾਰ ਇਹ ਚੇਤਾਵਨੀ ਸ਼ਨੀਵਾਰ ਤੱਕ ਸਹੀ ਸਾਬਤ ਹੋ ਸਕਦੀ ਹੈ। ਇਸ ਤਰ੍ਹਾਂ ਦੇ ਮੌਸਮ ਕਰਕੇ, ਅੱਗ ਦੇ ਖਤਰੇ



ਨੂੰ ਰੋਕਣ ਲਈ ਦੱਖਣੀ ਕੈਲੀਫੋਰਨੀਆਂ ਬਿਜਲੀ ਕੰਪਨੀ ਐਡੀਸਨ ਦੁਆਰਾ ਬੁੱਧਵਾਰ ਦੇਰ ਰਾਤ ਤਕਰੀਬਨ 15,000 ਘਰਾਂ ਅਤੇ ਕਾਰੋਬਾਰਾਂ ਦੀ ਬਿਜਲੀ ਬੰਦ ਕੀਤੀ ਗਈ। ਇਸਦੇ ਨਾਲ ਹੀ ਸੈਨ ਡੀਏਗੋ ਗੈਸ ਐਂਡ ਇਲੈਕਟ੍ਰਿਕ ਨੇ ਵੀ ਬੁੱਧਵਾਰ ਦੀ ਰਾਤ ਤਕ ਲੱਗਭਗ 24,000 ਗਾਹਕਾਂ ਦੀ ਬਿਜਲੀ ਸੇਵਾ ਬੰਦ ਕੀਤੀ ਹੈ। ਕੈਲੀਫੋਰਨੀਆਂ ਪਹਿਲਾਂ ਹੀ ਜੰਗਲਾਂ ਦੀ ਅੱਗ ਦਾ ਸਾਹਮਣਾ ਕਰ ਚੁੱਕਾ ਹੈ।ਜੰਗਲੀ ਅੱਗਾਂ ਕਾਰਨ ਸੂਬੇ ਦਾ 6,500 ਵਰਗ ਮੀਲ (16,835 ਵਰਗ ਕਿਲੋਮੀਟਰ) ਤੋਂ ਵੱਧ ਖੇਤਰ ਨਸ਼ਟ ਹੋ ਗਿਆ ਸੀ ਜੋ ਕਿ ਕਨੈਟੀਕਟ ਅਤੇ ਰ੍ਹੋਡ ਆਈਲੈਂਡ ਦੇ ਸੰਯੁਕਤ ਖੇਤਰ ਨਾਲੋਂ ਜ਼ਿਆਦਾ ਹੈ। ਇੰਨਾ ਹੀ ਨਹੀ ਇਸ ਉਜਾੜੇ ਵਿੱਚ 31 ਲੋਕ ਮਾਰੇ ਗਏ ਜਦਕਿ ਤਕਰੀਬਨ 10,500 ਘਰ ਅਤੇ ਹੋਰ ਸਥਾਨ ਨਸ਼ਟ ਹੋਏ ਸਨ।

# ਕੋਰੋਨਾਂ ਕੇਸਾਂ ਦੇ ਵਧਣ ਨਾਲ ਕੇਂਦਰੀ ਕੈਲੀਫੋਰਨੀਆਂ 'ਚ ਅਦਾਲਤੀ ਮੁਕੱਦਮੇ ਹੋਏ ਇੱਕ ਮਹੀਨੇ ਲਈ ਮੁਅੱਤਲ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**-ਕੈਲੀਫੋਰਨੀਆਂ ਸੂਬੇ ਵਿੱਚ ਵਾਇਰਸ ਦੇ ਕੇਸਾਂ ਵਿੱਚ ਵਾਧਾ ਲਗਾਤਾਰ ਜਾਰੀ ਹੈ। ਲਾਗ ਦੇ ਮਾਮਲਿਆਂ ਨੂੰ ਦੇਖਦਿਆਂ ਹੋਇਆ ਰਾਜ 'ਚ ਤੁਲੇਰੇ ਕਾਉਂਟੀ ਦੀ ਸੁਪੀਰੀਅਰ ਕੋਰਟ ਕੋਵਿਡ -19 ਮਾਮਲਿਆਂ ਵਿੱਚ ਵਾਧਾ ਹੋਣ ਕਾਰਨ ਸਾਰੇ ਅਪਰਾਧਿਕ ਅਤੇ ਸਿਵਲ ਜਿਊਰੀ ਟਰਾਇਲਾਂ ਨੂੰ 31 ਦਸੰਬਰ ਤੱਕ ਮੁਅੱਤਲ ਕਰ ਰਹੀ ਹੈ। ਅਦਾਲਤ ਦੇ ਅਧਿਕਾਰੀਆਂ ਅਨੁਸਾਰ ਇਸ ਫੈਸਲੇ ਨਾਲ ਮੁਕੱਦਮੇ ਦੇ ਦੋਸ਼ੀਆਂ, ਗਵਾਹਾਂ, ਕੋਰਟ ਸਟਾਫ, ਬੈਂਚ ਅਧਿਕਾਰੀਆਂ ਅਤੇ





ਆਮ ਲੋਕਾਂ ਦੀ ਕੋਰੋਨਾਂ ਵਾਇਰਸ ਦੀ ਲਾਗ ਤੋਂ ਸੁਰੱਖਿਆ ਹੋਵ-ਗੀ। ਇਸਦੇ ਇਲਾਵਾ ਉਹ ਸਾਰੇ ਵਿਅਕਤੀ ਜਿਨ੍ਹਾਂ ਨੂੰ ਦਸੰਬਰ ਦੇ ਦੌਰਾਨ ਅਦਾਲਤ ਵਿੱਚ ਹਾਜਰ ਹੋਣ ਲਈ ਸੰਮਨ ਪ੍ਰਾਪਤ ਹੋਏ ਸਨ, ਉਨ੍ਹਾਂ ਨੂੰ ਹੁਣ ਮੁਅੱਤਲੀ ਦੇ ਸਮੇਂ ਤੱਕ ਮੁਕੱਦਮੇ ਲਈ ਪੇਸ਼ ਹੋਣ ਦੀ ਜ਼ਰੂਰਤ ਨਹੀਂ ਹੋਵੇਗੀ ਜਦਕਿ ਜਨਵਰੀ ਜਾਂ ਇਸ ਤੋਂ ਬਾਅਦ ਪੇਸ਼ ਹੋਣ ਲਈ ਸੰਮਨ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਨੂੰ ਦਸੰਬਰ ਤੋਂ ਬਾਅਦ ਪੇਸ਼ ਹੋਣਾ ਜਰੂਰੀ ਹੈ।

ਇਸ ਸਮੇਂ ਤੁਲੇਰੇ ਕਾਉਂਟੀ ਨੇ ਮੰਗਲਵਾਰ ਨੂੰ 446 ਸਕਾਰਾਤਮਕ ਕੋਵਿਡ-19 ਮਾਮਲਿਆਂ ਦਾ ਵਾਧਾ ਦਰਜ ਕੀਤਾ ਹੈ ਜਦਕਿ ਕੁੱਲ 21,778 ਲੋਕ ਕੋਰੋਨਾਂ ਵਾਇਰਸ ਨਾਲ ਸੰਕਰਮਿਤ ਹੋਏ ਹਨ।

# ਅਮਰੀਕਾ ਦੇ ਹਸਪਤਾਲਾਂ 'ਚ ਕੋਰੋਨਾਂ ਵਾਇਰਸ ਮਰੀਜ਼ਾਂ ਦੀ ਗਿਣਤੀ ਹੋਈ 1 ਲੱਖ ਤੋਂ ਪਾਰ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**-ਕੋਵਿਡ ਟਰੈਕਿੰਗ ਪ੍ਰੋਜੈਕਟ ਦੇ ਅਨੁਸਾਰ, ਸੰਯੁਕਤ ਰਾਜ ਨੇ ਬੁੱਧਵਾਰ ਨੂੰ 100,000 ਤੋਂ ਜਿਆਦਾ ਕੋਰੋਨਾਂ ਵਾਇਰਸ ਮਰੀਜ਼ਾਂ ਦੇ ਹਸਪਤਾਲਾਂ ਵਿੱਚ ਦਾਖਲ ਹੋਣ ਦੀ ਪੁਸ਼ਟੀ ਕੀਤੀ ਹੈ।

1 ਅਕਤੂਬਰ ਤੋਂ ਬਾਅਦ ਹਸਪਤਾਲਾਂ ਵਿੱਚ ਦਾਖ-ਲਿਆਂ ਦਾ ਦੇਸ਼ ਭਰ ਵਿਚ ਤਿੰਨ ਗੁਣਾ ਵੱਧ ਵਾਧਾ ਹੋਇਆ ਹੈ,ਜਿਸ ਨਾਲ ਹਸਪਤਾਲਾਂ ਵਿੱਚ ਕਮਰਿਆਂ ਅਤੇ ਸਿਹਤ ਸਹੂਲਤਾਂ ਦੀ ਘਾਟ ਪੈਦਾ ਹੋ ਰਹੀ ਹੈ। ਕੋਵਿਡ ਟਰੈਕਿੰਗ ਪ੍ਰੋ-ਜੈਕਟ ਦੇ ਅਨੁਸਾਰ, ਦੱਖਣੀ ਡਕੋਟਾ, ਨੇਵਾਡਾ ਅਤੇ ਇੰਡੀਆਨਾ ਸੂਬੇ ਪ੍ਰਤੀ ਵਿਅਕਤੀ ਹਸਪਤਾਲ ਵਿੱਚ ਦਾਖਲ ਹੋਣ ਦੇ ਮਾਮਲੇ 'ਚ ਦੇਸ਼ ਦੀ ਅਗਵਾਈ ਕਰ ਰਹੇ ਹਨ, ਜਦੋਂ ਕਿ ਕੈਲੀਫੋਰਨੀਆਂ ਵਿੱਚ 9,365 ਮਰੀਜ਼ਾਂ ਨਾਲ ਇਹ ਗਿਣਤੀ ਸਭ ਤੋਂ ਵੱਧ ਹੈ। ਸੂਬੇ



ਦੇ ਰਾਜਪਾਲ ਗੈਵਿਨ ਨਿਊਸਮ ਅਨੁਸਾਰ ਕੈਲੀਫੋਰਨੀਆਂ ਦੀ ਹਸਪਤਾਲ ਪ੍ਰਣਾਲੀ ਇਸ ਸਮੇਂ 75% ਆਈ ਸੀ ਯੂ ਸਮਰੱਥਾ ਦੀ ਦਰ ਨਾਲ ਮਰੀਜ਼ਾਂ ਨੂੰ ਬਰਦਾਸ਼ਤ ਨਹੀਂ ਕਰ ਸਕਦੀ, ਜੇਕਰ ਮਰੀਜ਼ਾਂ ਦੀਆਂ ਮੌਜੂਦਾ ਦਰਾਂ ਵਧਦੀਆਂ ਹਨ ਤਾਂ 25 ਦਸੰਬਰ ਤੋਂ ਪਹਿਲਾਂ ਕੈਲੀਫੋਰਨੀਆਂ ਦੇ ਹਸਪਤਾਲਾਂ ਵਿੱਚ ਆਈ ਸੀ ਯੂ ਦੇ ਬਿ-ਸਤਰਿਆਂ ਦੀ ਘਾਟ ਹੋ ਸਕਦੀ ਹੈ। ਕੋਵਿਡ ਮਰੀਜ਼ਾਂ ਦੀ ਵਧ ਰਹੀ ਗਿਣਤੀ ਦੇ ਸੰਬੰਧ ਵਿੱਚ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ(ਸੀ.ਡੀ.ਸੀ) ਦੇ ਅਨੁਸਾਰ ਹਸਪਤਾਲਾਂ ਦੀ ਹਫਤਾਵਾਰੀ ਦਰ ਮਹਾਂਮਾਰੀ ਦੇ ਰਿਕਾਰਡ ਪੱਧਰ 'ਤੇ ਹੈ ,ਜਿਸ ਵਿੱਚ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਮਰੀਜ ਜਿਆਦਾ ਪ੍ਰਭਾਵਿਤ ਹੋ ਰਹੇ ਹਨ।ਇੰਨਾ ਹੀ ਨਹੀ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੇ ਅਨੁਸਾਰ ਦੇਸ਼ ਭਰ ਦੇ 1000 ਤੋਂ ਵੱਧ ਹਸਪਤਾਲ ਸਟਾਫ ਦੀ ਘਾਟ ਦਾ ਵੀ ਸਾਹਮਣਾ ਕਰ ਰਹੇ ਹਨ।

# ਨਿਊਯਾਰਕ 'ਚ ਖੇਤੀਬਾੜੀ ਦੇ ਕਾਲੇ ਕਾਨੂੰਨਾਂ ਨੂੰ ਲੈ ਕਿ ਪਹਿਲੇ ਕਾਰ ਰੋਸ ਮਾਰਚ ਕੱਢਿਆਂ ਅਤੇ ਫਿਰ ਨਿਊਯਾਰਕ ਦੇ ਭਾਰਤੀ ਸਫ਼ਾਰਤਖ਼ਾਨੇ ਦੇ ਅੱਗੇ ਭਾਰਤੀ ਕਿਸਾਨਾਂ ਦੇ ਪੱਖ ਚ' ਭਾਰੀ ਰੋਸ ਮੁਜ਼ਾਹਰਾ ਕੀਤਾ






**ਨਿਊਯਾਰਕ (ਰਾਜ ਗੋਗਨਾ)–** ਤੋਂ ਉੱਠੇ ਕਿਸਾਨ ਅੰਦੋਲਨ ਨੂੰ ਜਿੱਥੇ ਭਾਰਤੀ ਸੂਬਿਆਂ ਹਰਿਆਣਾ, ਯੂ.ਪੀ., ਰਾਜਸਥਾਨ ਅਤੇ ਮੱਧ ਪ੍ਰਦੇਸ਼ ਤੋਂ ਸਮਰਥਨ ਮਿਲ ਰਿਹਾ ਹੈ ਉੱਥੇ ਹੁਣ ਵਿਦੇਸ਼ਾਂ ਵਿਚ ਵੀ ਇਸ ਦੀ ਗੂੰਜ ਸਿੱਖਰਾਂ ਤੇ ਪਹੁੰਚ ਚੁੱਕੀ ਹੈ। ਖੇਤੀ ਬਾੜੀ ਦੇ ਤਿੰਨ ਕਾਲੇ ਕਾਨੂੰਨਾ ਦੇ ਵਿਰੋਧ ਚ' ਅਮਰੀਕਾ ਦੇ ਸੂਬੇ ਨਿਊਯਾਰਕ ਚ' ਪਹਿਲਾ ਸੈਂਕੜਿਆਂ ਦੀ ਗਿਣਤੀ ਚ' ਕਾਰਾਂ ਭਾਰਤੀ ਕਿਸਾਨਾਂ ਦੇ ਹੱਕ ਚ' ਬੈਨਰ ਲਾ ਜੋ ਸਵੇਰ ਦੇ 9:00 ਵਜੇ ਤੋ 10:30 ਵਜੇ ਤੱਕ ਇਕ ਭਾਰੀ ਕਾਰ ਰੋਸ ਰੈਲੀ ਕੱਢੀ ਗਈ। ਅਤੇ ਨਿਊਯਾਰਕ ਚ' 64 ਸਟ੍ਰੀਟ ਤੇ ਸਥਿੱਤ ਭਾਰਤੀ ਅੰਬੈਂਸੀ ਦੇ ਸਾਹਮਣੇ ਸੈਂਕੜੇ ਪੰਜਾਬੀਆਂ ਨੇ ਜਿੰਨਾਂ 'ਚ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ, ਦਿ ਸਿੱਖ ਸੈਂਟਰ ਫਲੈਸਿਗ ਅਤੇ ਕੁਈਨਜ ਵਿਲੇਜ, ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਗੁਰਦੁਆਰਾ ਸੰਤਸਾਗਰ ਬੈਲਰੋਜ, ਗੁਰਦੁਆਰਾ ਗੁਰੂ ਰਵੀਦਾਸ ਨਿਊਯਾਰਕ, ਗੁਰਦੁਆਰਾ ਗਿਆਨਸਰ,ਗੁਰਦੁਆਰਾ ਬਾਬਾ ਮਾਝਾ ਸਿੰਘ ਜੀ, ਗੁਰਦੁਆਰਾ ਸਟੈਟਨ ਆਈਸਲੈਂਡ ਨਿਊਯਾਰਕ ਗੁਰੂ ਘਰਾਂ ਦੇ ਨੁਮਾਇੰਦਿਆਂ ਤੋ ਇਲਾਵਾ ਸਿੱਖ ਕੌਆਡੀਨੇਸ਼ਨ ਕਮੇਟੀ ਈਸਟ ਕੌਸਟ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅੰਮਿਤਸਰ (ਅਮਰੀਕਾ) ਸੰਤ ਪ੍ਰੇਮ ਸਿੰਘ ਕਲਚਰਲ ਸੁਸਾਇਟੀ, ਸਿੱਖ ਯੂਥ ਅਮਰੀਕਾ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ, ਦੁਆਬਾ ਸਿੱਖਐਸੋਸੀਏਸ਼ਨ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਨਿਊਯਾਰਕ,ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ (ਹਰਿਆਣਾ) ਨਿਊਯਾਰਕ, ਅਤੇ ਬਾਬਾ ਬੁੱਢਾ ਜੀ ਸਿੱਖ ਸੁਸਾਇਟੀ ਨਿਊਯਾਰਕ ਦੇ ਸਾਝੇ ਸਹਿਯੋਗ ਸਦਕਾ ਕਿਸਾਨਾਂ ਦੇ ਹੱਕਾਂ ਚ' ਰੋਸ ਮੁਜ਼ਾਹਰਾ ਕੀਤਾ ਅਤੇ ਰੋਸ ਮੁਜ਼ਾਹਰੇ ਚ' ਕਿਸਾਨਾਂ ਦੀ ਅਵਾਜ਼ ਉਠਾਉਣ ਵਾਲੀ ਸਿੱਖ ਕੋਆਰਡੀਨੇਸ਼ਨ ਈਸਟ ਕੋਸਟ ਨਾਂ ਦੀ ਸੰਸਥਾ ਨੇ ਵੀ ਵਿਸ਼ੇਸ਼ ਤੋਰ ਤੇ ਨਿਊਯਾਰਕ 'ਚ ਕਿਸਾਨੀ ਸੰਘਰਸ਼ ਦੇ ਹੱਕ 'ਚ ਸ਼ਿਰਕਤ ਕੀਤੀ ਭਾਰਤੀ ਅੰਬੈਸੀ ਦੇ ਸਾਹਮਣੇ ਜ਼ਬਰਦਸਤ ਰੋਸ ਮੁਜ਼ਾਹਰਾ ਕੀਤਾ। ਇਹ ਰੋਸ ਮੁਜ਼ਾਹਰੇ ਵਿੱਚ ਵੱਡੀ ਗਿਣਤੀ 'ਚ ਪੰਜਾਬੀ ਅਤੇ ਹੋਰ ਸੂਬਿਆਂ ਦੇ ਲੋਕਾਂ ਨੇ ਸ਼ਾਮਿਲ ਹੋ ਕੇ ਭਾਰਤੀ ਸਰਕਾਰ ਦੇ ਖਿਲਾਫ ਆਪਣਾ ਭਾਰੀ ਰੋਸ ਦਰਜ ਕਰਵਾਇਆ। ਨਿਊਯਾਰਕ ਅੰਬੈਂਸੀ ਦੇ ਸਾਹਮਣਾ ਕਿਸਾਨਾਂ ਦੇ ਹੱਕ ਚ' ਰੋਸ ਮੁਜ਼ਾਹਰਾ ਕਰ ਰਹੇ ਸਿੱਖ ਕੋਆਰਡੀਨੇਸ਼ਨ ਈਸਟ ਕੋਸਟ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਦੱਸਿਆ ਕਿ ਭਾਰਤ ਦੀ ਮੋਦੀ ਸਰਕਾਰ ਦੇ ਕਿਸਾਨੀ ਬਿੱਲਾਂ ਪਿੱਛੇ ਪੰਜਾਬ ਨੂੰ ਤਬਾਹ ਕਰਨ ਦੀ ਨੀਅਤ ਸਾਫ਼ ਨਜ਼ਰ ਆਉਂਦੀ ਹੈ।ਅਤੇ ਪੰਜਾਬ ਇਕ ਖੇਤੀ ਬਾੜੀ ਵਾਲਾ ਸੂਬਾ ਹੈ ਜਿਸ ਕਾਰਨ ਉੱਥੋਂ ਦੀ ਆਰਥਿਕਤਾ ਕਿਸਾਨੀ ਉੱਤੇ ਹੀ ਨਿਰਭਰ ਹੈ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਸੋਚ ਰੱਖਣ ਵਾਲੀ ਇਹ ਭਾਜਪਾ ਦੀ ਸਰਕਾਰ ਪੰਜਾਬ ਨੂੰ ਆਰਥਿਕ ਤੌਰ 'ਤੇ ਤਬਾਹ ਕਰਨਾ ਚਾਹੁੰਦੀ ਹੈ ਤਾਂ ਜੋ ਪੰਜਾਬ ਕੇਂਦਰ ਦੇ ਅੱਗੇ ਗਿੜਗੜਾਉਣ ਲੱਗੇ ਅਤੇ ਕੇਂਦਰ ਸਰਕਾਰ ਆਪਣੀ ਮਨਮਾਨੀ ਕਰਨੀ ਚਾਹੇ ਤੇ ਕੋਈ ਵੀ ਉਸ ਦਾ ਵਿਰੋਧ ਵੀ ਨਾ ਕਰ ਸਕੇ। ਪਰ ਕੇਂਦਰ ਸਰਕਾਰ ਇਹ ਨਹੀਂ ਜਾਣਦੀ ਕਿ ਪੰਜਾਬੀਆਂ ਦੇ ਵਿੱਚ ਅਜੇ ਵੀ ਖ਼ੂਨ ਜਥੇਦਾਰ ਬਘੇਲ ਸਿੰਘ ਵਾਲਾ ਹੈ ਜਿਸ ਨੇ ਦਿੱਲੀ ਜਿੱਤੀ ਸੀ ਤੇ ਅੱਜ ਵੀ ਕਿਸਾਨਾਂ ਨੇ ਹਰਿਆਣਾ ਦੀ ਖੱਟਰ ਸਰਕਾਰ ਵਲੋਂ ਵਿਛਾਈਆਂ ਲੱਖਾਂ ਰੋਕਾਂ ਤੋੜ ਕੇ ਦਿੱਲੀ 'ਚ ਜਾ ਕੇ ਸੰਘਰਸ਼ ਦਾ ਝੰਡਾ ਝੁਲਾ ਦਿੱਤਾ ਹੈ।




ਸ. ਹਿੰਮਤ ਸਿੰਘ ਨੇ ਕਿਹਾ ਕਿ ਜਿੰਨੀ ਦੇਰ ਵੀ ਸੰਘਰਸ਼ ਚੱਲੇਗਾ ਸਾਡੀ ਸਿੱਖ ਕੋਆਰਡੀਨੇਸ਼ਨ ਈਸਟ ਕੋਸਟ ਕਿਸਾਨਾਂ ਦੇ ਨਾਲ ਚਟਾਨ ਵਾਂਗੂ ਨਾਲ ਖੜੀ ਰਹੇਗੀ ਅਤੇ ਜੋ ਵੀ ਬਣਦਾ ਸਹਿਯੋਗ ਹੋਵੇਗਾ ਉਹ ਕੀਤਾ ਜਾਵੇਗਾ।ਬਾਅਦ ਚ' ਮੁਜ਼ਾਹਰੇ ਚ' ਸ਼ਾਮਿਲ ਹੋਣ ਵਾਲ਼ੀਆਂ ਸਾਰੀਆਂ ਜਥੇਬੰਦੀਆਂ ਦਾ ਸ: ਜਤਿੰਦਰ ਸਿੰਘ ਬੋਪਾਰਾਏ ਪ੍ਰਧਾਨ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਨਿਊਯਾਰਕ ਨੇ ਵਿਸ਼ੇਸ਼ ਧੰਨਵਾਦ ਕੀਤਾ।

# ਕਿਤੇ ਵੀ ਮਨੁੱਖੀ ਅਧਿਕਾਰਾਂ ਦੀ ਗੱਲ ਹੋਵੇਗੀ ਤਾਂ ਕੈਨੇਡਾ ਉਸ ਦੇ ਨਾਲ ਖੜ੍ਹਾ ਹੋਵੇਗਾ– ਜਸਟਿਨ ਟਰੂਡੋ



**ਨਿਊਯਾਰਕ/ ਵੈਨਕੂਵਰ (ਰਾਜ ਗੋਗਨਾ/ ਕੁਲਤਰਨ ਪਧਿਆਣਾ)–** ਭਾਰਤ ਵੱਲੋਂ ਕੈਨੇਡੀਅਨ ਹਾਈ ਕਮਿਸ਼ਨਰ ਨੂੰ ਤਲਬ ਕਰਨ ਤੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਸਾਫ ਕਰ ਦਿੱਤਾ ਹੈ ਕਿ ਕੈਨੇਡਾ ਦੁਨੀਆਂ ਭਰ ਵਿੱਚ ਮਨੁੱਖੀ ਅਧਿਕਾਰਾਂ ਅਤੇ ਸ਼ਾਂਤੀਪੂਰਵਕ ਢੰਗ ਨਾਲ ਕੀਤੇ ਜਾਂਦੇ ਰੋਸ ਮੁਜ਼ਾਹਰਿਆਂ ਦੀ ਵਕਾਲਤ ਕਰਦਾ ਰਹੇਗਾ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਕੈਨੇਡਾ ਆਪਣੀਆਂ ਕਦਰਾਂ-ਕੀਮਤਾਂ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਪੂਰਾ ਵਚਨਬੱਧ ਹੈ , ਤੇ ਰਹੇਗਾ। ਗੌਰਤਲਬ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ, ਕੈਬਨਿਟ ਮੰਤਰੀਆਂ ਤੇ ਹੋਰ ਰਾਜਨੀਤਕ ਆਗੂਆਂ ਵੱਲੋਂ ਭਾਰਤ ਦੇ ਕਿਸਾਨਾਂ ਦੇ ਹੱਕ ਵਿੱਚ ਬਿਆਨ ਜਾਰੀ ਕਰਨ ਤੋਂ ਬਾਅਦ ਭੜਕੇ ਭਾਰਤ ਵੱਲੋਂ ਕੈਨੇਡੀਅਨ ਰਾਜਦੂਤ ਨੂੰ ਤਲਬ ਕੀਤਾ ਗਿਆ ਸੀ।

# ਅਮਰੀਕਾ ਨੇ ਵਿਦੇਸ਼ੀ ਸਰਕਾਰਾਂ ਨੂੰ ਵੇਚੇ 175 ਬਿਲੀਅਨ ਡਾਲਰ ਦੇ ਹਥਿਆਰ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰ-ਨੀਆਂ)–** ਪੈਂਟਾਗਨ ਅਤੇ ਵਿਦੇਸ਼ ਵਿਭਾਗ ਦੇ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਅਮਰੀਕਾ ਨੇ 30 ਸਤੰਬਰ ਨੂੰ ਖਤਮ ਹੋਏ ਵਿੱਤੀ ਵਰ੍ਹੇ ਵਿੱਚ ਵਿਦੇਸ਼ੀ ਸਰਕਾਰਾਂ ਨੂੰ ਲੱਗਭਗ 175 ਬਿਲੀਅਨ ਡਾਲਰ ਦੇ ਹਥਿਆਰ ਵੇਚੇ ਹਨ। ਰਾਜ ਦੇ ਰਾਜਨੀਤਿਕ ਅਤੇ ਸੈਨਿਕ ਮਾਮਲਿਆਂ ਦੇ ਬਿਊਰੋ ਦੁਆਰਾ ਸ਼ੁੱਕਰਵਾਰ ਨੂੰ ਜਾਰੀ ਇੱਕ ਬਿਆਨ ਅਨੁਸਾਰ ਇਸ ਸਾਲ ਦੀ ਵਿਕਰੀ ਵਿੱਚ ਹੋਇਆ 2.8% ਦਾ ਵਾਧਾ, ਟਰੰਪ ਪ੍ਰਸ਼ਾਸਨ ਦੁਆਰਾ ਹਥਿਆਰਾਂ ਵਿੱਚ ਸੁਧਾਰ ਅਤੇ ਆਧੁਨਿਕੀਕਰਨ ਦੇ ਨਤੀਜੇ ਵਜੋਂ ਹੋਇਆ ਹੈ ,ਜਦਕਿ ਪਿਛਲੇ ਵਿੱਤੀ ਸਾਲ ਵਿੱਚ ਸੰਯੁਕਤ ਰਾਜ ਦੇ ਫੌਜੀ ਉਪਕਰਣਾਂ ਦੀ ਕੁੱਲ ਵਿਕਰੀ 170 ਬਿਲੀਅਨ ਡਾਲਰ ਸੀ।

ਹਥਿਆਰਾਂ ਦੀ ਵਿਕਰੀ ਦੇ ਮਾਮਲੇ ਸੰਬੰਧੀ 2017 ਵਿੱਚ, ਟਰੰਪ ਪ੍ਰਸ਼ਾਸਨ ਨੇ "ਬਾਏ ਅਮੈਰਿਕਨ ਅਤੇ ਹਾਇਰ ਅਮੈਰੀਕਨ" ਦਾ ਇੱਕ ਆਰਡਰ ਜਾਰੀ ਕੀਤਾ ਸੀ ਜਿਸਦੇ ਤਹਿਤ ਰਾਸ਼ਟਰਪਤੀ ਨੇ ਵਿਦੇਸ਼ੀ ਸਰਕਾਰਾਂ ਨੂੰ ਅਮਰੀਕਾ ਦੁਆਰਾ ਬਣਾਏ ਆਧੁਨਿਕ ਹਥਿਆਰ ਖਰੀਦਣ ਲਈ ਕਿਹਾ ਸੀ। ਰਾਜ ਅਤੇ ਰੱਖਿਆ ਅਧਿਕਾਰੀਆਂ ਦੁਆਰਾ ਜਾਰੀ ਕੀਤੇ ਤਾਜ਼ਾ ਅੰਕੜਿਆਂ ਦੇ ਅਨੁਸਾਰ, ਲਾਕਹੀਡ ਮਾਰਟਿਨ ਦੇ ਐਫ -35 ਲੜਾਕੂ ਜਹਾਜ਼ ਜੋ ਕਿ ਜਾਪਾਨ ਨੂੰ 23.11 ਬਿਲੀਅਨ ਡਾਲਰ ਵਿੱਚ ਵੇਚੇ ਗਏ ਸਨ , ਅਮਰੀਕਾ ਦੁਆਰਾ ਹਥਿਆਰਾਂ ਦੀ ਵਿਕਰੀ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਅਤੇ ਮਹੱਤਵਪੂਰਨ ਹਨ।

# ਅਮਰੀਕੀ ਸਦਨ ਨੇ ਭੰਗ ਨੂੰ ਕਾਨੂੰਨੀ ਬਨਾਉਣ ਲਈ ਕੀਤਾ ਬਿਲ ਪਾਸ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)** ਅਮਰੀਕੀ ਸਦਨ ਨੇ ਸ਼ੁੱਕਰਵਾਰ ਨੂੰ ਕੇਂਦਰੀ ਪੱਧਰ 'ਤੇ ਭੰਗ ਨੂੰ ਅਪਰਾਧਿਕ ਕੈਟ-ਾਗਿਰੀ ਵਿੱਚੋਂ ਬਾਹਰ ਕੱਢਣ ਵਾਲਾ ਇੱਕ ਬਿਲ ਪਾਸ ਕੀਤਾ ਹੈ, ਜਿਸਦਾ ਉਦੇਸ਼ ਨਸ਼ਿਆਂ ਦੀ ਗ੍ਰਿਫਤਾਰੀ ਵਿੱਚ ਨਸਲੀ ਅਸਮਾਨਤਾਵਾਂ ਨੂੰ ਘਟਾਉਣਾ ਹੈ। ਇਹ ਉਪਾਅ, ਸਰਕਾਰੀ ਤੌਰ 'ਤੇ ਨਿਯੰਤਰਿਤ ਪਦਾਰਥਾਂ ਦੀ ਸੂਚੀ ਵਿਚੋਂ ਭੰਗ ਨੂੰ ਹਟਾ ਦੇਵੇਗਾ ਅਤੇ ਭੰਗ ਦੇ ਗੈਰਕਾਨੂੰਨੀ ਦਾਇਰੇ ਨੂੰ ਖਤਮ ਕਰੇਗਾ। ਭੰਗ ਸੰਬੰਧੀ ਇਹ ਬਿਲ ਹੁਣ ਅੱਗੇ ਪਾਸ ਹੋਣ ਲਈ ਸੈਨੇਟ ਵਿੱਚ ਜਾਵੇਗਾ। ਸੰਯੁਕਤ ਰਾਜ ਸਦਨ ਨੇ ਮਾਰੀਜੁਆਨਾ ਆ-ਪਰਚੁਨਿਟੀ ਰੀਨਵੇਸਟਮਿੰਟ ਅਤੇ ਐਕਸਪੈਂਜਮੈਂਟ (MORE) ਐਕਟ ਨੂੰ 228 ਤੋਂ 164 ਵੋਟਾਂ ਨਾਲ ਪਾਸ ਕੀਤਾ ਹੈ ਜਿਸ ਵਿੱਚ ਛੇ ਡੈਮੋਕਰੇਟਸ ਨੇ ਇਸਦੇ ਵਿਰੁੱਧ ਅਤੇ ਪੰਜ ਰਿਪਬਲਿਕਨਾਂ ਨੇ ਇਸਦੇ ਪੱਖ ਵਿੱਚ ਵੋਟ ਦਿੱਤੀ। ਇਸ ਸਾਲ ਪੇਸ਼ ਕੀਤੀ ਅਮੈਰੀਕਨ ਸਿਵਲ ਲਿਬਰਟੀਜ਼ ਯੂਨੀਅਨ ਦੀ ਇਕ ਰਿਪੋਰਟ ਦੇ ਅਨੁਸਾਰ, ਭੰਗ ਦੀ ਬਰਾਬਰ ਵਰਤੋਂ ਦੀਆਂ ਦਰਾਂ ਦੇ ਬਾਵਜੂਦ ਬਲੈਕ ਅਮਰੀਕਾ ਵਾਸੀਆਂ ਨੂੰ ਗੋਰੇ ਲੋਕਾਂ ਨਾਲੋਂ 3.6, ਗੁਣਾ ਜਿਆਦਾ ਗ੍ਰਿਫਤਾਰ ਕੀਤਾ ਜਾਂਦਾ ਹੈ। ਜਦਕਿ, ਏ ਸੀ ਐਲ ਯੂ ਦੇ ਅੰਕੜਿਆਂ ਤੋਂ ਇਹ ਵੀ ਪਤਾ ਚੱਲਿਆ ਹੈ ਕਿ ਕੁਝ ਸੂਬੇ ਭਾਵੇਂ ਉਹਨਾਂ ਨੇ ਭੰਗ ਨੂੰ ਕਾਨੂੰਨੀ ਮਾਨਤਾ ਦਿੱਤੀ ਹੈ ਜਾਂ ਨਹੀਂ ਵਿੱਚ ਵੀ ਗਿਰਫਤਾਰੀਆਂ ਵਿੱਚ ਨਸਲੀ ਅਸਮਾਨਤਾਵਾਂ ਰਹਿੰਦੀਆਂ ਹਨ।



# ਟਰੰਪ ਨੇ ਦਿੱਤੇ ਸੋਮਾਲੀਆ ਤੋਂ ਅਮਰੀਕੀ ਸੈਨਿਕਾਂ ਦੀ ਵਾਪਸੀ ਦੇ ਆਦੇਸ਼ : ਪੈਂਟਾਗਨ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)** ਪੈਂਟਾਗਨ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਰਾਸ਼ਟਰਪਤੀ ਟਰੰਪ ਨੇ ਅਫਰੀਕੀ ਦੇਸ਼ ਸੋਮਾਲੀਆ ਤੋਂ ਲੱਗਭਗ ਸਾਰੇ ਅਮਰੀਕੀ ਸੈਨਿਕਾਂ ਦੀ ਵਾਪਸੀ ਦੇ ਆਦੇਸ਼ ਦਿੱਤੇ ਹਨ।ਟਰੰਪ ਦੇ ਇਸ ਹੁਕਮ ਨਾਲ ਸੋਮਾਲੀਆ ਵਿੱਚ ਤਾਇਨਾਤ ਤਕਰੀਬਨ 700 ਸੈਨਿਕ ਅਗਲੇ ਸਾਲ ਜਨਵਰੀ ਵਿੱਚ ਦੇਸ਼ ਵਾਪਿਸ ਆ ਸਕਦੇ ਹਨ। ਟਰੰਪ ਦੁਆਰਾ ਵਿਦੇਸ਼ਾਂ ਵਿੱਚੋਂ ਅਮਰੀਕੀ ਸੈਨਿਕਾਂ ਦੀ ਗਿਣਤੀ ਨੂੰ ਵਾਪਿਸ ਲੈਣਾ ਅਤੇ ਵਿਦੇਸ਼ੀ ਯੁੱਧਾਂ ਵਿਚ ਅਮਰੀਕਾ ਦੀ ਸ਼ਮੂਲੀਅਤ ਨੂੰ ਖਤਮ ਕਰਨਾ ਉਸ ਦੇ ਪ੍ਰਸ਼ਾਸਨ ਦੇ ਮਿਸ਼ਨਾ ਵਿੱਚੋਂ ਇੱਕ ਹੈ ਜੋ ਕਿ ਬਾਈਡੇਨ ਤੋਂ ਰਾਸ਼ਟਰਪਤੀ ਦੀ ਚੋਣ ਹਾਰਨ ਦੇ ਬਾਵਜੂਦ ਵੀ ਫਿਲਹਾਲ ਜਾਰੀ ਹੈ। ਜਿਕਰਯੋਗ ਹੈ ਕਿ ਅਮਰੀਕੀ ਸੈਨਿਕ 13 ਸਾਲਾਂ ਤੋਂ ਸੋਮਾਲੀਆ ਵਿੱਚ ਹਨ ਜਿੱਥੇ ਉਹ ਅਲ ਕਾਇਦਾ ਨਾਲ ਜੁੜੇ ਸਮੂਹ, ਅਲ-ਸ਼ਬਾਬ ਨਾਲ ਲੜ ਰਹੇ ਹਨ ਅਤੇ ਨਾਲ ਹੀ ਸਥਾਨਕ ਬਲਾਂ ਨੂੰ ਸਿਖਲਾਈ ਵੀ ਦੇ ਰਹੇ ਹਨ। ਇਹਨਾਂ ਹੁਕਮਾਂ ਦੀ ਕੁੱਝ ਰਿਪਬਲਿਕਨ ਨੇਤਾਵਾਂ ਜਿਹਨਾਂ ਵਿੱਚ ਸੈਨੇਟ ਦੇ ਬਹੁਗਿਣਤੀ ਨੇਤਾ ਮਿਚ ਮੈਕਕੋਨਲ (ਆਰ. ਕੇ.) ਸ਼ਾਮਲ ਹਨ, ਦੁਆਰਾ ਅਲੋਚਨਾ ਵੀ ਕੀਤੀ ਗਈ ਹੈ ਜਿਸ ਅਨੁਸਾਰ ਇਹ ਕਾਰਵਾਈ ਸਿਰਫ ਅਮਰੀਕਾ ਦੇ ਵਿਰੋਧੀਆਂ ਨੂੰ ਹੌਸਲਾ ਦੇਵੇਗੀ ਅਤੇ ਦੇਸ਼ ਦੇ ਸਹਿਯੋਗੀ ਦੇਸ਼ਾਂ ਨੂੰ ਵੀ ਠੇਸ ਪਹੁੰਚੇਗੀ। ਇਸਦੇ ਨਾਲ ਹੀ ਇਸ ਤਰ੍ਹਾਂ ਅਚਾਨਕ ਅਮਰੀਕੀ ਸੈਨਾ ਦੇ ਕਿਸੇ ਦੇਸ਼ ਤੋਂ ਬਾਹਰ ਜਾਣ ਦੇ ਨਤੀਜੇ ਸੰਭਾਵਤ ਤੌਰ' ਤੇ ਰਾਸ਼ਟਰਪਤੀ ਓਬਾਮਾ ਦੁਆਰਾ 2011ਵਿੱਚ ਇਰਾਕ ਵਿੱਚੋਂ ਸੈਨਾ ਵਾਪਸੀ ਤੋਂ ਵੀ ਮਾੜੇ ਹੋਣਗੇ, ਜਿਸ ਨਾਲ ਅੱਤਵਾਦੀ ਸੰਗਠਨਾਂ ਨੂੰ ਹੱਲਾਸ਼ੇਰੀ ਮਿਲੀ ਸੀ।



# ਬਲਜਿੰਦਰ ਮਾਨ ਨੂੰ ਸ਼੍ਰੋਮਣੀ ਬਾਲ ਸਾਹਿਤ ਲੇਖਕ ਪੁਰਸਕਾਰ ਲਈ ਚੁਣੇ ਜਾਣ ਤੇ ਵਧਾਈਆਂ

**ਮਾਹਿਲਪੁਰ (ਬਿਊਰੋ)–** ਦੋਆਬੇ ਦੀ ਇਤਿਹਾਸਕ ਨਗਰੀ ਮਾਹਿਲਪੁਰ ਦਾ ਨਾਂ ਇਕ ਵਾਰ ਫਿਰ ਸਾਹਿਤ ਜਗਤ ਵਿਚ ਸੂਰਜ ਵਾਂਗ ਚਮਕਿਆ ਹੈ।ਇਹ ਸਬੱਬ ਪੈਦਾ ਕੀਤਾ ਹੈ ਇਥੋਂ ਦੇ ਉੱਘੇ ਬਾਲ ਸਾਹਿਤ ਦੇ ਲੇਖਕ ਅਤੇ ਸੰਪਾਦਕ ਨਿੱਕੀਆਂ ਕਰੂੰਬਲਾਂ ਬਲਜਿੰਦਰ ਮਾਨ ਨੇ,ਜਿਨ੍ਹਾਂ ਆਪਣੇ ਆਪ ਨੂੰ ਬੱਚਿਆਂ ਨੂੰ ਅਰਪਿਤ ਕੀਤਾ ਹੋਇਆ ਹੈ।ਬਲਜਿੰਦਰ ਮਾਨ ਨੂੰ ਸ਼੍ਰੋਮਣੀ ਬਾਲ ਸਾਹਿਤ ਲੇਖਕ ਪੁਰਸਕਾਰ 2020 ਲਈ ਚੁਣੇ ਜਾਣ ਤੇ ਵਧਾਈ ਦਿੰਦਿਆਂ ਇਹ ਵਿਚਾਰ ਉੱਘੇ ਕਹਾਣੀਕਾਰ ਡਾ ਮਨਮੋਹਨ ਸਿੰਘ ਤੀਰ,ਐਕਟਰ ਡਾਇਰੈਕਟਰ ਅਸ਼ੋਕ ਪੁਰੀ ,ਕਵੀ ਮਦਨ ਵੀਰਾ,ਡਾ ਸ਼ਮਸ਼ੇਰ ਮੋਹੀ,ਡਾ.ਸਾਂਵਲ ਧਾਮੀ,ਡਾ ਪ੍ਰਿਤਪਾਲ ਸਿੰਘ ਮਹਿਰੋਕ,ਡਾ.ਪਰਵਿੰਦਰ ਸਿੰਘ,ਪ੍ਰਿੰ.ਜਸਪਾਲ ਸਿੰਘ, ਪ੍ਰਿੰ ਹਰਵਿੰਦਰ ਕੌਰ ਅਤੇ ਕਲੱਬ ਪ੍ਰਧਾਨ ਕੁਲਵੰਤ ਸਿੰਘ ਸੰਘਾ ਨੇ ਆਖੇ।ਉਹਨਾਂ ਅੱਗੇ ਕਿਹਾ ਕਿ ਮਾਨ ਦੀਆਂ 21 ਮੌਲਿਕ ਪੁਸਤਕਾਂ ਵਿਚੋਂ 15 ਬਾਲ ਸਾਹਿਤ ਦੀਆਂ ਹਨ।ਪੰਜ ਦਾ ਅਨੁਵਾਦ,21 ਦਾ ਸੰਪਾਦਨ ਅਤੇ ਰਸਾਲੇ ਦੇ 25 ਵਿਸ਼ੇਸ਼ ਅੰਕ ਵੀ ਪ੍ਰਕਾਸ਼ਿਤ ਕੀਤੇ ਹਨ।ਸੁਰ ਸੰਗਮ ਵਿੱਦਿਅਕ ਟਰੱਸਟ ਵਲੋਂ 25 ਬਾਲ ਸਾਹਿਤਕਾਰ ਅਤੇ 25 ਬਾਲ ਸਾਹਿਤ ਲੇਖਕਾਂ ਨੂੰ ਮਾਤਾ ਭਜਨ ਕੌਰ ਨਿੱਕੀਆਂ ਕਰੂੰਬਲਾਂ ਪੁਰਸਕਾਰ ਦਿੱਤੇ ਜਾ ਚੁਕੇ ਹਨ।ਸੈਂਕੜੇ ਬੱਚਿਆਂ ਨੂੰ ਮੁਕਾਬਲਿਆਂ ਰਾਹੀਂ ਨਗਦ ਇਨਾਮ ਦੇ ਕੇ ਸਾਹਿਤ ਸਿਰਜਣਾ ਦੇ ਰਾਹੇ ਪਾਇਆ ਹੈ।ਇਸ ਪੁਰਸਕਾਰ ਬਾਰੇ ਬਲਜਿੰਦਰ ਮਾਨ ਨੇ ਕਿਹਾ ਕਿ ਉਹ ਸਭ ਤੋਂ ਪਹਿਲਾਂ ਪ੍ਰਮਾਤਮਾ ਦਾ ਸ਼ੁਕਰੀਆ ਕਰਦਾ ਹੈ।ਫਿਰ ਪੰਜਾਬ ਸਰਕਾਰ ਅਤੇ ਭਾਸ਼ਾ ਵਿਭਾਗ ਦੀ ਚੋਣ ਕਮੇਟੀ ਦਾ ਰਿਣੀ ਹਾਂ ਜਿਨ੍ਹਾਂ 33 ਸਾਲ ਦੀ ਸਿਰਜਣਾ,ਸੰਪਾਦਨਾ,ਪ੍ਰਕਾਸ਼ਨਾ ਅਤੇ ਨਿਰਸਵਾਰਥੀ ਕਾਰਜਾਂ ਦਾ ਮਾਣ ਵਧਾਇਆ ਹੈ।ਅਸਲ ਵਿਚ ਇਹ ਮਾਣ ਪੂਰੇ ਬਾਲ ਜਗਤ ਦਾ ਹੈ।ਜਿਹੜੇ ਲੋਕ ਇਸ ਖੇਤਰ ਵਿਚ ਸਰਗਰਮ ਹਨ ਉਹਨਾਂ ਨੂੰ ਅੱਗੇ ਵਧਣ ਦੀ ਪ੍ਰੇਰਨਾ ਮਿਲੀ ਹੈ।



ਬਲਜਿੰਦਰ ਮਾਨ ਦੀ ਸਾਧਨਾ ਦੀ ਕਦਰ ਪੈਣ ਮੌਕੇ ਉਹਨਾਂ ਨੂੰ ਵਧਾਈ ਦੇਣ ਵਾਲਿਆਂ ਵਿਚ ਦੂਰ ਨੇੜੇ ਦੇ ਸਿੱਖਿਆ ਸ਼ਾਸਤਰੀ, ਸਮਾਜਿਕ, ਸਾਹਿਤਕ, ਖੇਡ, ਪੱਤਰਕਾਰ ਅਤੇ ਸੱਭਿਆਚਾਰਕ ਸੰਸਥਾਵਾਂ ਦੇ ਆਗੂ ਸ਼ਾਮਿਲ ਹਨ।ਜ਼ਿਕਰਯੋਗ ਸ਼ਖਸ਼ੀਅਤਾਂ ਵਿਚ ਚੱਬੇਵਾਲ ਅਤੇ ਗੜ੍ਹਸ਼ੰਕਰ ਦੇ ਵਿਧਾਇਕ ਡਾ. ਰਾਜ ਕੁਮਾਰ, ਜੈ ਕ੍ਰਿਸ਼ਨ ਸਿੰਘ ਰੌੜੀ,ਸਾਬਕਾ ਮੰਤਰੀ ਸੋਹਨ ਸਿੰਘ ਠੰਡਲ,ਮੈਂਬਰ ਐਸ ਜੀ ਪੀ ਸੀ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ,ਬੀਬੀ ਗੁਰਮੀਤ ਕੌਰ ਬੈਂਸ ਸਾਬਕਾ ਪ੍ਰਧਾਨ ਨਗਰ ਕੌਂਸਿਲ, ਸਾਹਿਤਕਾਰ ਵਿਜੈ ਬੰਬੇਲੀ, ਪ੍ਰੋ. ਜੰਗ ਬਹਾਦਰ ਸੇਖੋਂ, ਤ੍ਰਿਪਤਾ ਕਿ ਸਿੰਘ, ਅਵਤਾਰ ਸਿੰਘ ਸੰਧੂ,ਡਾ ਵਿਜੇ ਕੁਮਾਰ ਭੱਟੀ, ਸੰਧੂ ਵਰਿਆਣਵੀ, ਬੱਗਾ ਸਿੰਘ ਆਰਟਿਸਟ, ਚੈਂਚਲ ਸਿੰਘ ਬੈਂਸ, ਪੰਮੀ ਖੁਸ਼ਹਾਲਪੁਰੀ, ਸਾਬੀ ਈਸਪੁਰੀ, ਰਘੁਵੀਰ ਸਿੰਘ ਕਲੋਆ, ਕੁਲਵਿੰਦਰ ਕੌਰ ਰੂਹਾਨੀ, ਜਗਜੀਤ ਸਿੰਘ ਗਨੇਸ਼ਪੁਰ, ਪ੍ਰੋ ਬਲਵੀਰ ਕੌਰ ਰੀਹਲ, ਸੁਖਮਨ ਸਿਘ ਖੜੌਦੀ ਆਦਿ ਸ਼ਾਮਲ ਹਨ।

# ਡਾ.ਅੰਬੇਡਕਰ ਇੱਕ ਮਹਾਨ ਸਮਾਜਿਕ ਕ੍ਰਾਂਤੀਕਾਰੀ ਔਰਤਾਂ ਤੇ ਅਛੂਤਾਂ ਦੀ ਅਧਿਕਾਰ ਪ੍ਰਾਪਤੀ ਦੇ ਚੈਂਪੀਅਨ



ਟਰੱਸਟੀ (ਖੱਬੇ ਤੋਂ ਸੱਜੇ) ਸ੍ਰੀ ਸੀ. ਡੀ. ਸੰਧੂ, ਡਾ. ਟੀ. ਐਲ. ਸਾਗਰ, ਪ੍ਰੋਫੈਸਰ ਸੋਹਨ ਲਾਲ ਡੀਪੀਆਈ ਕਾਲਜਾਂ (ਸੇਵਾ ਮੁਕਤ), ਡਾ. ਆਰ. ਐਲ. ਜੱਸੀ ਕਾਰਜਕਾਰੀ ਚੇਅਰਮੈਨ, ਐਲ. ਆਰ. ਬਾਲੀ ਸੰਸਥਾਪਕ ਟਰੱਸਟੀ, ਬਲਦੇਵ ਰਾਜ ਭਾਰਦਵਾਜ ਵਿੱਤ ਸਕੱਤਰ, ਡਾ. ਜੀ ਸੀ ਕੌਲ ਜਨਰਲ ਸੈਕਟਰੀ ਅਤੇ ਹਰਮੇਸ਼ ਜੱਸਲ ਮੁੱਖ ਮਹਿਮਾਨ ਸ੍ਰੀ ਸੁਸ਼ੀਲ ਰਿੰਕੂ ਵਿਧਾਇਕ ਜਲੰਧਰ ਦਾ ਸਨਮਾਨ ਕਰਦੇ ਹੋਏ।



ਟਰੱਸਟੀ (ਖੱਬੇ ਤੋਂ ਸੱਜੇ) ਸ੍ਰੀ ਹਰਮੇਸ਼ ਜੱਸਲ, ਪ੍ਰੋ: ਸੋਹਣ ਲਾਲ ਡੀ.ਪੀ.ਆਈ. ਕਾਲੇਜਿਸ (ਸੇਵਾ ਮੁਕਤ), ਬਲਦੇਵ ਰਾਜ ਭਾਰਦਵਾਜ ਵਿੱਤ ਸਕੱਤਰ, ਡਾ. ਜੀ ਸੀ ਕੌਲ ਜਨਰਲ ਸੈਕਟਰੀ, ਡਾ. ਟੀ ਐਲ ਸਾਗਰ ਅਤੇ ਵਿਸ਼ੇਸ਼ ਮਹਿਮਾਨ ਸ੍ਰੀ ਮਦਨ ਲਾਲ, ਗੌਤਮ ਬੁੱਧ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ।



ਟਰੱਸਟੀ , (ਖੱਬੇ ਤੋਂ ਸੱਜੇ) ਸ੍ਰੀ ਬਲਦੇਵ ਰਾਜ ਭਾਰਦਵਾਜ ਵਿੱਤ ਸਕੱਤਰ, ਪ੍ਰੋਫੈਸਰ ਸੋਹਨ ਲਾਲ ਡੀਪੀਆਈ ਕਾਲਜਾਂ (ਸੇਵਾ ਮੁਕਤ), ਵਿਸ਼ੇਸ਼ ਮਹਿਮਾਨ ਸ੍ਰੀ ਰਜਿੰਦਰ ਬੇਰੀ ਵਿਧਾਇਕ ਜਲੰਧਰ ਸੈਂਟਰਲ, ਮੁੱਖ ਮਹਿਮਾਨ ਸ੍ਰੀ ਸੁਸ਼ੀਲ ਰਿੰਕੂ ਵਿਧਾਇਕ ਜਲੰਧਰ ਵੈਸਟ ਸ਼ਾਮਲ ਹੋਏ। ਡਾ: ਆਰ ਐਲ ਜੱਸੀ ਕਾਰਜਕਾਰੀ ਚੇਅਰਮੈਨ, ਡਾ: ਜੀ ਸੀ ਕੌਲ ਜਨਰਲ ਸੈਕਟਰੀ ਅਤੇ ਟਰੱਸਟੀ ਹਰਮੇਸ਼ ਜੱਸਲ, ਬਾਬਾ ਸਾਹਿਬ ਦੀ ਤਸਵੀਰ 'ਤੇ ਫੁੱਲ ਭੇਟ ਕਰਦੇ ਹੋਏ।



ਟਰੱਸਟੀ (ਖੱਬੇ ਤੋਂ ਸੱਜੇ) ਡਾ ਜੀਸੀ ਕੌਲ ਜਨਰਲ ਸਕੱਤਰ ਆਨ ਮਾਈਕ, ਸ੍ਰੀ ਹਰਮੇਸ਼ ਜੱਸਲ, ਬਲਦੇਵ ਰਾਜ ਭਾਰਦਵਾਜ ਵਿੱਤ ਸਕੱਤਰ, ਸੀਡੀ ਸੰਧੂ ਅਤੇ ਪ੍ਰੋਫੈਸਰ ਸੋਹਨ ਲਾਲ ਡੀਪੀਆਈ ਕਾਲਜਾਂ (ਸੇਵਾ ਮੁਕਤ) ਵਿਸ਼ੇਸ਼ ਮਹਿਮਾਨ ਸ੍ਰੀ ਰਜਿੰਦਰ ਬੇਰੀ ਦਾ ਵਿਧਾਇਕ ਜਲੰਧਰ ਸੈਂਟਰਲ ਸਨਮਾਨ ਕਰਦੇ ਹੋਏ।

**ਜਲੰਧਰ (ਬਿਊਰੋ–** ਅੱਜ ਇੱਥੇ ਭਾਰਤ ਰਤਨ ਡਾ. ਅੰਬੇਡਕਰ ਜੀ ਦੀ ਚਰਣ–ਛੋਹ ਪ੍ਰਾਪਤ ਇਤਿਹਾਸਕ ਭੂਮੀ ਅੰਬੇਡਕਰ ਭਵਨ ਵਿਖੇ, ਅੰਬੇਡਕਰ ਭਵਨ ਟਰੱਸਟ ਵੱਲੋਂ, ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ ਅਤੇ ਸਮਤਾ ਸੈਨਿਕ ਦਲ ਦੇ ਸਹਿਯੋਗ ਨਾਲ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ 65 ਵੇਂ ਪਰਿਨਿਰਵਾਣ ਦਿਵਸ ਤੇ ਕਰੋਨਾ ਮਹਾਮਾਰੀ ਨੂੰ ਧਿਆਨ ਵਿਚ ਰੱਖਦਿਆਂ ਸ਼ਰਧਾਂਜਲੀ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸਥਾਨਕ ਐਮ.ਐਲ.ਏ. ਸ੍ਰੀ ਸੁਸ਼ੀਲ ਰਿੰਕੂ ਬਤੌਰ ਮੁਖ ਮਹਿਮਾਨ ਸ਼ਾਮਲ ਹੋਏ. ਸ੍ਰੀ ਰਿੰਕੂ ਨੇ ਕਿਹਾ ਅੱਸੀਂ ਸਾਰੇ ਭਾਰਤੀ ਬਾਬਾ ਸਾਹਿਬ ਦੇ ਰਿਣੀ ਹਨ ਕਿ ਉਨ੍ਹਾਂ ਨੇ ਵੱਖ–ਵੱਖ ਧਰਮਾਂ, ਜਾਤਾਂ, ਫਿਰਕਿਆਂ, ਸੱਭਿਆਚਾਰਾਂ ਅਤੇ ਸੈਂਕੜੇ ਰਿਆਸਤਾਂ ਵਿਚ ਵੰਡੇ ਹੋਏ ਭਾਰਤ ਨੂੰ ਸੈਕੂਲਰ ਤੇ ਲੋਕ–ਕਲਿਆਣਕਾਰੀ ਸੰਵਿਧਾਨ ਦੀ ਸਿਰਜਣਾ ਕਰਕੇ ਇੱਕ ਲੜੀ ਵਿਚ ਪਰੋਣ ਦਾ ਸ਼ਲਾਘਾਯੋਗ ਬਹੁਮੁੱਲਾ ਕਾਰਜ ਕੀਤਾ ਹੈ. ਇਹੀ ਕਾਰਨ ਹੈ ਕਿ ਅੱਜ ਪੂਰਾ ਵਿਸ਼ਵ ਬਾਬਾ ਸਾਹਿਬ ਦੀ ਮਹਾਨ ਵਿਦਵਤਾ ਨੂੰ ਮਾਨਤਾ ਦਿੰਦਾ ਹੈ. ਅੰਬੇਡਕਰ ਭਵਨ ਦੇ ਸੰਸਥਾਪਕ ਟਰੱਸਟੀ ਸ੍ਰੀ ਲਾਹੌਰੀ ਰਾਮ ਬਾਲੀ , ਕਾਰਜਕਾਰੀ ਚੇਅਰਮੈਨ ਡਾ. ਰਾਮ ਲਾਲ ਜੱਸੀ ਅਤੇ ਜਨਰਲ ਸਕੱਤਰ ਡਾ. ਜੀ. ਸੀ. ਕੌਲ ਨੇ ਆਪਣੇ ਭਾਸ਼ਣਾਂ ਵਿਚ ਕਿਹਾ ਹੈ ਕਿ ਡਾ. ਅੰਬੇਡਕਰ ਭਾਰਤੀ ਔਰਤ ਤੇ ਅਛੂਤਾਂ ਨੂੰ ਸਦੀਆਂ ਦੀ ਗੁਲਾਮੀ ਤੋਂ ਆਜ਼ਾਦ ਕਰਾਉਣ ਵਾਲੇ ਮਹਾਨ ਸਮਾਜਿਕ ਇਨਕਲਾਬੀ ਅਤੇ ਇਨ੍ਹਾਂ ਦੇ ਅਧਿਕਾਰਾਂ ਦੀ ਬਹਾਲੀ ਦੇ ਚੈਂਪੀਅਨ ਸਨ. ਡਾ. ਅੰਬੇਡਕਰ ਨੇ ਭਾਰਤੀ ਸੰਵਿਧਾਨ ਅਤੇ ਹਿੰਦੂ ਕਦੇ ਬਿੱਲ ਦੀ ਸਿਰਜਣਾ ਕਰਕੇ ਔਰਤ ਸਮੇਤ ਹਰ ਭਾਰਤੀ ਨੂੰ ਬਰਾਬਰ ਦੇ ਅਧਿਕਾਰ ਪ੍ਰਦਾਨ ਕੀਤੇ. ਰਿਜ਼ਰਵ ਬੈਂਕ ਦੀ ਸਥਾਪਨਾ, ਸੁਤੰਤਰ ਚੋਣ ਕਮਿਸ਼ਨ ਅਤੇ ਨਿਆਂਪਾਲਿਕਾ , ਹਰ ਬਲਾਗ ਨੂੰ ਚੋਣ ਲੜਨ ਅਤੇ ਹਰ ਇੱਕ ਨੂੰ ਸਿਖਿਆ ਪ੍ਰਾਪਤੀ ਦਾ ਅਧਿਕਾਰ ਦੇ ਕੇ ਬਾਬਾ ਸਾਹਿਬ ਨੇ ਨਵੀਂ ਕ੍ਰਾਂਤੀਦਾ ਆਗਾਜ਼ ਕੀਤਾ. ਬੁਲਾਰਿਆਂ ਨੇ ਇਸ ਗੱਲ ਤੇ ਦੁੱਖ ਪ੍ਰਗਟ ਕੀਤਾ ਕਿ ਸੰਵਿਧਾਨ ਦੇ ਲਾਗੂ ਹੋਣ ਤੋਂ ੭੦ ਸਾਲ ਬਾਦ ਵੀ ਸਰਕਾਰਾਂ ਦੀ ਬੇਰੁਖੀ ਦੇ ਕਾਰਨ ਦੇਸ਼ ਵਿਚੋਂ ਗਰੀਬੀ, ਅਨਪੜਤਾ , ਭੁੱਖ -ਮਰੀ, ਬੇਰੁਜ਼ਗਾਰੀ ਅਤੇ ਨੌਜਵਾਨ ਵਰਗ ਵਿਚ ਆਈ ਨਿਰਾਸ਼ਾ ਨੂੰ ਦੂਰ ਨਹੀਂ ਕੀਤਾ ਗਿਆ , ਜਿਸ ਕਾਰਨ ਅੱਜ ਦੇਸ਼ ਅਨੇਕ ਸਮੱਸਿਆਵਾਂ ਨਾਲ ਜੂਝ ਰਿਹਾ ਹੈ. ਦੇਸ਼ ਵਿਚ ਫੈਲਾਈ ਜਾ ਰਹੀ ਰੂੜ੍ਹੀਵਾਦੀ,ਫਿਰਕੂ, ਅੰਧਵਿਸ਼ਵਾਸ ਅਤੇ ਗੈਰ–ਸੰਵਿਧਾਨਿਕ ਸੋਚ ਦੀ ਨਿੰਦਾ ਕਰਦਿਆਂ ਸਾਰੇ ਬੁਲਾਰਿਆਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਡਾ. ਅੰਬੇਡਕਰ ਦੇ ਸੁਪਨਿਆਂ ਅਨੁਕੂਲ ਸਮਤਾ , ਸੁਤੰਤਰਤਾ , ਸਾਂਝੀਵਾਲਤਾ , ਸਦਭਾਵਨਾ ਅਤੇ ਸੁਹਿਰਦਤਾ ਵਾਲੇ ਸਮਾਜ ਦੀ ਉਸਾਰੀ ਕਰਕੇ ਹੀ ਭਾਰਤ ਪ੍ਰਗਤੀ ਮਾਰਗ 'ਤੇ ਅੱਗੇ ਵੱਧ ਸਕਦਾ ਹੈ।

ਇਸ ਸਮਾਗਮ ਵਿਚ ਡਾ.ਅੰਬੇਡਕਰ ਭਵਨ ਦੇ ਟਰੱਸਟੀਆਂ ਸਰਵ ਸ੍ਰੀ ਬਲਦੇਵ ਰਾਜ ਭਾਰਦਵਾਜ, ਪ੍ਰੋ. ਸੋਹਨ ਲਾਲ (ਸਾਬਕਾ ਡੀ.ਪੀ.ਆਈ.,ਕਾਲਿਜਾਂ), ਡਾ. ਰਾਹੁਲ, ਡਾ. ਟੀ. ਐਲ . ਸਾਗਰ,, ਹਰਮੇਸ਼ ਜੱਸਲ, ਚਰਨ ਦਾਸ ਸੰਧੂ, ਸਮਤਾ ਸੈਨਿਕ ਦਲ ਪੰਜਾਬ ਇਕਾਈ ਦੇ ਪ੍ਰਧਾਨ ਜਸਵਿੰਦਰ ਵਰਿਆਣਾ , ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ ਦੇ ਪ੍ਰਧਾਨ ਮੈਡਮ ਸੁਦੇਸ਼ ਕਲਿਆਣ, ਵਰਿੰਦਰ ਕੁਮਾਰ, ਚੌਧਰੀ ਹਰੀ ਰਾਮ, ਐਡਵੋਕੇਟ ਕੁਲਦੀਪ ਭੱਟੀ, ਚਮਨ ਦਾਸ ਸਾਂਪਲਾ, ਪਰਮ ਦਾਸ ਹੀਰ, ਚਰਨਜੀਤ ਸਿੰਘ, ਐਮ ਆਰ ਸੱਲ੍ਹਣ, ਮਲਕੀਤ ਖਾਂਬਰਾ, ਅੰਬੈਸਡਰ ਰਮੇਸ਼ ਚੰਦਰ, ਮਦਨ ਲਾਲ, ਸੇਵਾ ਸਿੰਘ, ਰਾਮ ਲਾਲ ਦਾਸ, ਰੂਪ ਲਾਲ, ਚਰਨਜੀਤ ਕੌਲ, ਅਸ਼ਵਨੀ ਕੁਮਾਰ ਜੱਸਲ, ਮਨੋਹਰ ਲਾਲ (ਇੰਸਪੈਕਟਰ), ਦੇਵ ਰਾਜ ਨੱਯਰ, ਦਲਜੀਤ ਸਿੰਘ (ਸਾਬਕਾ ਡੀ.ਐਸ ਪੀ), ਤਰਸੇਮ ਸਿੰਘ ਲਾਖੋਤਰਾ (ਕਾਉਂਸਲਰ), ਐਡਵੋਕੇਟ ਮਧੂ ਰਚਨਾ, ਐਡਵੋਕੇਟ ਰਾਜਿੰਦਰ ਪਾਲ ਬੋਪਾਰਾਏ, ਮੁਲਖ ਰਾਜ, ਓਮ ਪ੍ਰਕਾਸ਼ ਜੱਸਲ, ਰਾਮ ਪ੍ਰਕਾਸ਼ ਖਾਮੋਸ਼, ਐਡਵੋਕੇਟ ਪ੍ਰਿਤਪਾਲ ਸਿੰਘ, ਮੋਹਨ ਲਾਲ ਫਿਲੋਰੀਆ ,f ਐਡਵੋਕੇਟ ਪ੍ਰਿਤਪਾਲ ਸਿੰਘ, ਪ੍ਰੋ. ਤੀਰਥ ਬਸਰਾ, ਜਗਦੀਸ਼ ਦੀਸ਼ਾ ਹਾਜਰ ਸਨ।

**ਸ਼ਰਧਾਂਜਲੀ ਸਮਾਰੋਹ ਵਿਚ ਇਕੱਤਰ ਜਨ ਸਮੂਹ ਵੱਲੋਂ ਹੇਠ ਲਿਖੇ ਮਤੇ ਪਾਸ ਕੀਤੇ ਗਏ:**

1. ਸੰਵਿਧਾਨ ਦੇ ਆਰਟੀਕਲ ੪੬ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦੇ ਆਰਥਿਕ ਤੇ ਵਿਦਿਅਕ ਹਿਤਾਂ ਦੀ ਰੱਖਿਆ ਕਰਨ ਦੀ ਜਿੰਮੇਵਾਰੀ ਕੇਂਦਰੀ ਸਰਕਾਰ ਦੀ ਹੈ ਇਨ੍ਹਾਂ ਵਰਗਾਂ ਨੂੰ ਵਜੀਫੇ ਦੇਣ ਦੀ ਯੋਜਨਾ ਬਣਾਈ ਗਈ ਸੀ .ਇਸ ਦੀ ਪੂਰਤੀ ਲਈ ਕੇਂਦਰੀ ਸਰਕਾਰ ਵੱਲੋਂ ਉਪਰੋਕਤ ਵਰਗਾਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਸ਼ੁਰੂ ਕੀਤੀ ਗਈ ਸੀ,ਜਿਸਨੂੰ ਮੌਜੂਦਾ ਸਰਕਾਰ ਵੱਲੋਂ ਖ਼ਤਮ ਕਰਕੇ ਇਨ੍ਹਾਂ ਵਰਗਾਂ ਦੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਗਿਆ ਹੈ.

ਅੱਜ ਬਾਬਾ ਸਾਹਿਬ ਦੇ 65 ਵੇਂ ਪ੍ਰੀਨਿਰਵਾਣ ਦਿਵਸ ਮੌਕੇ ਇਕੱਤਰ ਹੋਏ ਜਨ ਸਮੂਹ ਵੱਲੋਂ ਇਸ ਸਕੀਮ ਨੂੰ ਬੰਦ ਕਰਨ ਦੀ ਸਖਤ ਨਿੰਦਾ ਕੀਤੀ ਜਾਂਦੀ ਹੈ, ਸਕੀਮ ਨੂੰ ਦੋਬਾਰਾ ਲਾਗੂ ਕਰਨ ਦੀ ਪੁਰਜ਼ੋਰ ਮੰਗ ਕੀਤੀ ਜਾਂਦੀ ਹੈ।

2. ਕੇਂਦਰ ਸਰਕਾਰ ਵੱਲੋਂ ਜਬਰੀ ਤੌਰ ਤੇ ਪਾਸ ਕੀਤੇ ਗਏ ਖੇਤੀਬਾੜੀ ਨਾਲ ਸੰਬੰਧਤ ਤਿੰਨ ਕਾਲੇ ਕਨੂੰਨ ਵਾਪਸ ਲੈਣ ਲਈ ਭਾਰਤ ਦੇ ਸਮੂਹ ਕਿਸਾਨਾਂ – ਕਿਰਤੀਆਂ ਵੱਲੋਂ ਕੀਤੇ ਜਾ ਰਹੇ ਅੰਦੋਲਨ ਦਾ ਪੁਰਜ਼ੋਰ ਸਮਰਥਨ ਕੀਤਾ ਜਾਂਦਾ ਹੈ. ਸ਼ਾਂਤਮਈ ਅੰਦੋਲਨਕਾਰੀਆਂ ਉੱਪਰ ਠੰਡ ਸਮੇਂ ਠੰਡੇ ਪਾਣੀ ਦੀਆਂ ਬੌਛਾਰਾਂ ਮਾਰਨ , ਲਾਠੀਚਾਰਜ ਕਰਨ ਅਤੇ ਅਥਰੂ ਗੈਸ ਛੱਡੇ ਜਨ ਦੀ ਸਖਤ ਨਿਖੇਧੀ ਕੀਤੀ ਜਾਂਦੀ ਹੈ ਅਤੇ ਮੰਗ ਕੀਤੀ ਜਾਂਦੀ ਹੈ ਕਿ ਕੇਂਦਰੀ ਸਰਕਾਰ ਇਨ੍ਹਾਂ ਕਨੂੰਨ ਨੂੰ ਤੁਰੰਤ ਵਾਪਸ ਲਵੇ.

3. ਪ੍ਰਾਂਤਾਂ ਦੀਆਂ ਸਰਕਾਰਾਂ ਵੱਲੋਂ ਕਦੀ ਲਾਵ ਜਹਾਦ ਅਤੇ ਕਦੀ ਹੋਰ ਨਾ–ਨਾ ਪ੍ਰਕਾਰ ਦੇ ਢੌਂਗਾਂ ਨਾਲ, ਸਰਕਾਰੀ ਤਾਕਤ ਦੀ ਦੁਰਵਰਤੋਂ ਕਰਦੇ ਹੋਏ ਸਮਾਜਿਕ ਤਾਣੇ–ਬਾਣੇ ਨੂੰ ਉਲਝਾਇਆ ਜਾ ਰਿਹਾ ਹੈ. ਸਿੱਟੇ ਵਜੋਂ ਖਾਨਾਜੰਗੀ ਦੇ ਹਾਲਾਤ ਪੈਦਾ ਹੋਣ ਦਾ ਡਰ ਹੈ. ਇਸ ਰੂੜ੍ਹੀਵਾਦੀ ਅਤੇ ਫਿਰਕੂ ਸੋਚ ਦੀ ਘੋਰ ਨਿੰਦਾ ਕੀਤੀ ਜਾਂਦੀ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 20ਵੀਂ ਸਦੀ ਦੇ ਭਾਰਤ ਦਾ "ਸਭ ਤੋਂ ਮਹਾਨ ਕ੍ਰਾਂਤੀਕਾਰੀ"



ਜਸਪਾਲ "ਸ਼ੌਕੀ"
91--98152 33024

ਜੇ ਮੈਨੂੰ ਕੋਈ ਪੁੱਛੇ ਕਿ 20ਵੀਂ ਸਦੀ ਵਿੱਚ ਭਾਰਤ ਦਾ ਸਭ ਤੋਂ ਉੱਚੇ ਅਤੇ ਚੌੜੇ ਕੱਦ ਦਾ ਇਨਕਲਾਬੀ ਕੌਣ ਹੋਇਆ ਹੈ ਤਾਂ ਮੇਰੀ ਜ਼ੁਬਾਨ 'ਤੇ ਸਿਰਫ਼ ਇੱਕ ਹੀ ਨਾਮ ਆਊਗਾ--- ਡਾੱਕਟਰ ਭੀਮ ਰਾਓ ਅੰਬੇਦਕਰ ! ਭਾਵੇਂ ਕਿ ਇਸ ਸਮੇਂ ਦੌਰਾਨ ਭਾਰਤ ਦੀ ਸਰਜ਼ਮੀਂ ਨੇ ਇੱਕ ਤੋਂ ਇੱਕ ਚੜ੍ਹਦੇ ਇਨਕਲਾਬੀ ਪੈਦਾ ਕੀਤੇ, ਪਰ ਤੱਥਾਗਤ ਹਕੀਕਤ ਏਹ ਐ ਕਿ ਆਪਣੇ ਸਮੁੱਚੇ ਵਿਅਕਤੀਗਤ ਗੁਣਾਂ, ਵਿਦਵਤਾ, ਬੌਧਿਕਤਾ, ਸੰਘਰਸ਼ ਦੇ ਪੱਧਰ, ਸੰਘਰਸ਼ ਦੇ ਮਕਸਦ, ਅਤੇ ਸੰਘਰਸ਼ ਦੇ ਸਮੇਂ ਦੀ ਲੰਬਾਈ ਦੇ ਲਿਹਾਜ਼ ਨਾਲ ਡਾੱਕਟਰ ਅੰਬੇਦਕਰ (ਬਾਬਾ ਸਾਹਿਬ) ਇਸ ਸਮੇਂ ਦੇ ਭਾਰਤ ਦੇ ਸ਼ਿਰੋਮਣੀ ਇਨਕਲਾਬੀ, ਚਿੰਤਕ ਅਤੇ ਨੇਤਾ ਹੋਏ ਹਨ।

ਡਾੱਕਟਰ ਭੀਮ ਰਾਓ ਅੰਬੇਦਕਰ 20ਵੀਂ ਸਦੀ ਦੇ ਭਾਰਤ ਦੇ ਸ਼ਿਰੋਮਣੀ ਇਨਕਲਾਬੀ, ਚਿੰਤਕ ਅਤੇ ਨੇਤਾ ਹੋਏ ਹਨ। ਅਜਿਹਾ ਮੈਂ ਕਿਸੇ ਜਜ਼ਬਾਤੀ, ਜ਼ਾਤੀ ਜਾਂ ਕਿਸੇ ਵਿਚਾਰਧਾਰਕ ਉਲਾਰ ਵਿੱਚ ਨਹੀਂ ਲਿਖਿਆ । ਭਾਵੇਂ ਕਿ ਬਾਬਾ ਸਾਹਿਬ ਦੀ ਵਡਿਆਈ ਵਿੱਚ ਬਥੇਰਿਆਂ ਨੇ ਵੱਡੇ–ਵੱਡੇ ਸ਼ਬਦ ਲਿਖੇ ਬੋਲੇ ਐ, ਪਰ ਮੈਂ ਉਨ੍ਹਾਂ ਸਾਰੇ ਵਿਸਥਾਰਾਂ ਨੂੰ ਇੱਕ ਪਾਸੇ ਰੱਖਦਿਆਂ ਉਨ੍ਹਾਂ ਦੇ ਜੀਵਨ–ਸੰਗਰਾਮ ਵਿੱਚੋਂ ਕੁੱਝ ਕੁ ਓਹ ਬਿੰਦੂ ਕੱਢੇ ਹਨ ਜੋ ਸ਼ਾਇਦ ਅੱਜ ਤਕ ਸਾਹਮਣੇ ਨ੍ਹੀਂ ਆ ਸਕੇ। ਤੇ ਮੈਂ ਉਨ੍ਹਾਂ ਬਿੰਦੂਆਂ ਨੂੰ ਹੀ ਆਪਣੀ ਇਸ ਪੋਸਟ ਦੇ ਸਿਰਲੇਖ ਦਾ ਆਧਾਰ ਬਣਾਇਆ ਏ। ਮੈਨੂੰ ਪਤਾ ਕਿ ਡਾੱ. ਅੰਬੇਦਕਰ ਬਾਰੇ ਮੇਰਾ ਉਪਰੋਕਤ ਨਿਰਣਾ ਪੜ੍ਹਦਿਆਂ ਕਈਆਂ ਦੇ ਜ਼ਿਹਨ ਵਿੱਚ ਉਕਤ ਸਮੇਂ ਦੇ ਇਨਕਲਾਬੀ ਇਤਿਹਾਸ ਦੇ ਹੋਰ ਕਈ "ਵੱਡੇ ਵੱਡੇ" ਨਾਮ ਵੀ ਜ਼ਰੂਰ ਆ ਰਹੇ ਹੋਣਗੇ। ਪਰ ਜੇ ਉਸ ਸਮੇਂ ਦੇ ਭਾਰਤੀ ਇਤਿਹਾਸ ਦਾ ਸੰਤੁਲਿਤ ਤੇ ਨਿਰਣਾਗਤ ਵਿਸ਼ਲੇਸ਼ਣ ਕਰੀਏ ਤਾਂ ਹੇਠ ਲਿਖੇ ਪ੍ਰਮੁੱਖ ਬਿੰਦੂ ਉੱਭਰਕੇ ਸਾਹਮਣੇ ਆਉਂਦੇ ਆ–

1. ਇਸ ਸਮੇਂ ਦੇ ਤਮਾਮ ਇਨਕਲਾਬੀਆਂ ਦਾ ਸੰਘਰਸ਼ ਮੁੱਖ ਤੌਰ 'ਤੇ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢਣ ਉੱਤੇ ਕੇਂਦ੍ਰਤ ਰਿਹਾ;

2. ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਤੋਂ ਲੈ ਕੇ ਅੱਜ ਤੱਕ ਸੱਤਾ ਦਾ ਅਨੰਦ ਲੈਣ ਵਾਲਿਆਂ ਨੇ ਦੇਸ਼ ਦੇ ਆਵਾਮ ਨੂੰ ਪੂਰੇ ਜ਼ੋਰ ਸ਼ੋਰ ਨਾਲ ਏਹੀ ਪੜ੍ਹਾਇਆkਸੁਣਾਇਆ ਕਿ ਅੰਗਰੇਜ਼ਾਂ ਦੇ ਖ਼ਿਲਾਫ਼ ਲੜਾਈ ਹੀ ਇਸ ਦੇਸ਼ ਦੇ ਅੱਜ ਤਕ ਦੇ ਇਤਿਹਾਸ ਦਾ ਸਭ ਤੋਂ ਵੱਡਾ ਅਤੇ ਮਾਣ–ਮੱਤਾ ਚੈਪਟਰ ਹੈ। ਉਸ ਤੋਂ ਪਹਿਲਾਂ ਦੇ ਇਤਿਹਾਸ ਦੇ ਹੋਰ ਸ਼ਾਨਾਂ–ਮੱਤੇ ਪੰਨਿਆਂ ਅਤੇ ਦੇਸ਼ ਦੀਆਂ ਮੂਲ–ਭੂਤ ਚਨੌਤੀਆਂ ਉੱਤੇ ਪੂਰੀ ਤਰ੍ਹਾਂ ਪਰਦਾ ਪਾ ਦਿੱਤਾ। ਪਰ 'ਆਜ਼ਾਦ ਭਾਰਤ' ਦੇ ਹਾਲਾਤ ਦੇਖ ਕੇ ਆਜ਼ਾਦੀ, ਸਵੈਮਾਣ, ਤਰੱਕੀ, ਖ਼ੁਸ਼ਹਾਲੀ ਅਤੇ ਅਮਨ ਸ਼ਾਂਤੀ ਪਸੰਦ ਹਰੇਕ ਸ਼ਖ਼ਸ ਦੇ ਮੂੰਹੋਂ ਅਕਸਰ ਨਿੱਕਲ ਜਾਂਦਾ ਏ– "ਯਾਰ, ਏਹਦੇ ਨਾਲੋਂ ਤਾਂ ਅੰਗਰੇਜ਼ਾਂ ਦਾ ਰਾਜ ਚੰਗਾ ਸੀ !" ਬਹੁਤ ਦੇਰ ਪਹਿਲਾਂ ਮੈਂ ਕਿਤੇ ਪੜ੍ਹਿਆ ਸੀ ਕਿ ਸ਼ਹੀਦ ਭਗਤ ਸਿੰਘ ਦੇ ਅੰਤਲੇ ਦਿਨਾਂ ਵਿੱਚ ਜਦੋਂ ਉਹਦੀ ਮਾਂ ਉਹਦੇ ਨਾਲ ਲਹੌਰ ਜੇਲ੍ਹ ਵਿੱਚ ਮੁਲਾਕਾਤ ਕਰਨ ਗਈ ਤਾਂ ਸ਼ਹੀਦ–ਏ–ਆਜ਼ਮ ਨੇ ਭਾਰੀ ਮਨ ਨਾਲ ਉਸਨੂੰ ਏਹ ਸ਼ਬਦ ਕਹੇ ਸਨ– "ਮਾਂ, ਮੈਂ ਤੈਨੂੰ ਹਮੇਸ਼ਾ ਕਿਹਾ ਕਰਦਾ ਸਾਂ ਕਿ ਜਲਦੀ ਹੀ ਗ਼ੁਲਾਮੀਂ ਦੀ ਕਾਲ਼ੀ ਰਾਤ ਮੁੱਕ ਜਾਣੀ ਐ--ਸੂਹੀ–ਸਵੇਰ ਚੜ੍ਹੇਗੀ ਤੇ ਆਪਾਂ ਆਜ਼ਾਦੀ ਦਾ ਨਿੱਘ ਮਾਣਾਂਗੇ। ਪਰ ਮਾਂ, ਮੈਂ ਦੇਖ ਰਿਹਾਂ ਕਿ ਸਾਡਾ ਸੁਪਨਾ ਪੂਰਾ ਨ੍ਹੀਂ ਹੋਣਾ--ਇੱਦਾਂ ਲੱਗਦਾ ਕਿ 'ਗੋਰੇ ਅੰਗਰੇਜ਼ਾਂ' ਨੇ ਤਾਂ ਇੱਥੋਂ ਚਲੇ ਜਾਣਾ ਏ, ਪਰ 'ਕਾ਼ਲੇ ਅੰਗਰੇਜ਼ਾਂ' ਨੇ ਸਾਡੇ ਸਿਰਾਂ 'ਤੇ ਚੜ੍ਹਕੇ ਬੈਠ ਜਾਣਾ ਏ !" ਇੱਥੇ ਏਹ ਵੇਰਵੇ ਲਿਖਣ ਦਾ ਮੰਤਵ ਸਿਰਫ਼ ਏਹੀ ਐ ਕਿ ਅੰਗਰੇਜ਼ਾਂ ਖ਼ਿਲਾਫ਼ ਭਾਰਤੀਆਂ ਦਾ ਸੰਘਰਸ਼ ਕੋਈ "ਸਭ ਤੋਂ ਮਹੱਤਵਪੂਰਣ ਸੰਘਰਸ਼" ਸਿੱਧ ਨਹੀਂ ਹੁੰਦਾ। ਦਰਹਕੀਕਤ (ਅਸਲ ਵਿੱਚ) ਭਾਰਤ ਦੇਸ਼ ਦੀਆਂ ਆਦਿ ਕਾਲੀਨ, ਸਭ ਤੋਂ ਮਹੱਤਵਪੂਰਣ ਅਤੇ ਮੂਲਭੂਤ ਬਿਮਾਰੀਆ ਹਨ– ਜਾਤੀਵਾਦ, ਵਰਣ–ਵਿਤਕਰਾ ਅਤੇ ਇਨ੍ਹਾਂ ਦੇ ਆਧਾਰ 'ਤੇ ਕੁੱਝ "ਵਿਸ਼ਿਸ਼ਟ ਵਰਗਾਂ" ਵਲੋਂ ਕੁੱਝ ਅਖੌਤੀ "ਨੀਚ ਵਰਗਾਂ" ਦੀ ਸਮਾਜਕ, ਆਰਥਕ, ਸਰੀਰਕ, ਮਾਨਸਿਕ ਲੁੱਟ ਦਾ ਤੰਦੂਆ ਜਾ਼ਲ ! ਤੇ ਇਸ ਬਿਮਾਰੀ ਦਾ ਸੰਤਾਪ ਡਾੱ. ਅੰਬੇਦਕਰ ਨੇ ਹੋਰ ਲੱਖਾਂ ਤ੍ਰਿਸਕਾਰੇ, ਦੁਰਕਾਰੇ ਸ਼ੋਸ਼ਤਾਂ ਵਾਂਗੂੰ ਆਪਣੇ ਤਨ, ਮਨ, ਆਤਮਾ ਉੱਤੇ ਬਹੁਤ ਬੁਰੀ ਤਰ੍ਹਾਂ ਹੰਢਾਇਆ।



3 'ਬਾਹਰਲਿਆਂ' ਨਾਲ ਲੜਨਾ ਐਨਾ ਔਖਾ ਜਾਂ ਦੁਖਦਾਈ ਨ੍ਹੀਂ ਹੁੰਦਾ, ਪਰ 'ਘਰਦਿਆਂ' ਨਾਲ ਲੜਨਾ ਅਤਿ ਦਾ ਦੁਖਦਾਈ ਤੇ ਮੁਸ਼ਕਲ ! ਤੇ ਬਾਬਾ ਸਾਹਿਬ ਨੂੰ ਅੰਗਰੇਜ਼ੀ ਸਾਮਰਾਜ ਦੀਆਂ ਵਧੀਕੀਆਂ ਤੋਂ ਕਿਤੇ ਜ਼ਿਆਦਾ ਆਪਣੀ ਮਾਤਰ–ਭੂਮੀ ਦੇ ਲੋਕਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਣਾ ਪਿਆ। ਉਨ੍ਹਾਂ ਤੋਂ ਇਲਾਵਾ ਏਹ ਜ਼ਿੱਲਤ ਅਤੇ ਪੀੜ ਉਸ ਸਮੇਂ ਦੇ ਕਿਸੇ ਹੋਰ ਮਹਾਂਰਥੀ ਨੂੰ ਨਹੀਂ ਝੱਲਣੀ ਪਈ ;

4. ਭਾਰਤ ਦੀ ਇਸ "ਸਭ ਤੋਂ ਵਿਕਰਾ਼ਲ ਸਮੱਸਿਆ"(ਜਾਤੀਵਾਦ) ਦੇ ਖ਼ਿਲਾਫ਼ ਜਿੰਨਾ ਨਿੱਗਰ, ਸੰਗਠਤ, ਨਿਯੋਜਤ, ਕਾਮਯਾਬ ਅਤੇ ਫ਼ੈਸਲਾਕੁੰਨ ਯੁੱਧ ਡਾੱ. ਅੰਬੇਦਕਰ ਨੇ ਲੜਿਆ ਉੰਨਾ 20ਵੀਂ ਸਦੀ ਵਿੱਚ ਕਿਸੇ ਹੋਰ ਭਾਰਤੀ ਨਾਇਕ ਦੇ ਹਿੱਸੇ ਨਹੀਂ ਆਇਆ।

5. ਆਜ਼ਾਦੀ ਮਿਲਣ ਤੋਂ ਬਾਅਦ ਦੇਸ਼ ਦੇ ਆਗੂਆਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਸੀ ਦੇਸ਼ ਲਈ ਇੱਕ ਕਾਰਗਰ ਸੰਵਿਧਾਨ ਤਿਆਰ ਕਰਨਾ। ਤੇ ਏਹਦੇ ਲਈ ਉਨ੍ਹਾਂ ਕੋਲ ਸਿਰਫ਼ ਇੱਕ ਚੋਣ ਸੀ– ਡਾੱ. ਅੰਬੇਦਕਰ ! ਤੇ ਬਾਬਾ ਸਾਹਿਬ ਨੇ ਇਸ ਜ਼ਿੰਮੇਂਵਾਰੀ ਨੂੰ ਪੂਰਨ ਨਿਪੁੰਨਤਾ ਨਾਲ ਨੇਪਰੇ ਚਾੜ੍ਹਿਆ। ਲੇਕਿਨ ਅਫ਼ਸੋਸ ! ਉਨ੍ਹਾਂ ਦਾ ਸੰਘਰਸ਼ ਅਤੇ ਪੀੜ ਦੇਸ਼ ਦੀ ਗ਼ੁਲਾਮੀ ਮੁੱਕਣ ਤੋਂ ਬਾਅਦ ਵੀ ਨਾ ਮੁੱਕੀ। ਜਿਸ ਪਵਿੱਤਰ ਦਸਤਾਵੇਜ਼(ਸੰਵਿਧਾਨ) ਨੂੰ ਉਨ੍ਹਾਂ ਨੇ ਆਪਣਾ ਜੀਅ–ਪਰਾਣ ਲਾ ਕੇ ਐਨੀ ਮਿਹਨਤ ਨਾਲ ਤਿਆਰ ਕੀਤਾ ਸੀ ਸਦੀਆਂ ਤੋਂ ਚਲੀ ਆ ਰਹੀ ਵਿਤਕਰੇਬਾਜ਼, ਸੰਕੀਰਣ, ਰੂੜੀਵਾਦੀ ਅਤੇ ਹੰਕਾਰੀ ਮਾਨਸਿਕਤਾ ਦੇ ਸ਼ਿਕਾਰ "ਸਮੇਂ ਦੇ ਚੌਧਰੀਆਂ" ਨੇ ਉਸ ਵਿੱਚੋਂ ਐਨਾ ਕੁੱਝ ਕਢਵਾ ਜਾਂ ਬਦਲਵਾ ਦਿੱਤਾ ਕਿ ਬਾਬਾ ਸਾਹਿਬ ਦੀ ਆਤਮਾ ਕੁਰਲਾ ਉੱਠੀ ਤੇ ਉਨ੍ਹਾਂ ਨੂੰ ਆਪਣੇ ਹੀ ਬਣਾਏ ਸੰਵਿਧਾਨ ਮੁਤੱਲਿਕ ਏਹ ਕਹਿਣਾ ਪਿਆ– "ਇਸ ਸੰਵਿਧਾਨ ਨੂੰ ਐਨਾ ਕਮਜ਼ੋਰ ਕਰ ਦਿੱਤਾ ਗਿਆ ਏ ਕਿ ਜੇ ਕਦੇ ਇਸਨੂੰ ਜਲਾਉਣਾ ਜਾਂ ਪਾੜਨਾ ਪਿਆ ਤਾਂ ਪਹਿਲ ਮੈਂ ਕਰਾਂਗਾ !"

6. ਜਿਸ ਪੱਧਰ ਦੇ ਸਮਾਜਕkਆਰਥਕ ਧਰਾਤਲ ਤੋਂ ਉੱਠਕੇ ਬਾਬਾ ਸਾਹਿਬ ਐਨੇ ਬੁਲੰਦ ਰੁਤਬੇ ਤਕ ਪਹੁੰਚੇ ਉਸ ਦਾ ਸਾਨੀ ਉਸ ਸਮੇਂ ਦਾ ਹੋਰ ਕੋਈ ਨਾਇਕ ਨ੍ਹੀਂ ;

7. ਤੇ ਸਭ ਤੋਂ ਅਖ਼ੀਰਲੀ ਗੱਲ– ਉਸ ਸਮੇਂ ਦੇ ਤਮਾਮ ਵੱਡੇ–ਵੱਡੇ ਸੰਗਰਾਮੀਏ ਸੰਸਥਾਗਤ ਰੂਪ 'ਚ ਹੋਰਨਾਂ ਦੇ ਸਾਥ ਨਾਲ ਸੰਗਠਨ ਬਣਾ ਕੇ ਲੜੇ, ਪਰ ਡਾੱ. ਅੰਬੇਦਕਰ ਨੂੰ ਆਪਣੀਆਂ ਪ੍ਰਸਥਿਤੀਆਂ ਕਰਕੇ ਆਪਣਾ ਸੰਘਰਸ਼ ਆਜ਼ਾਦੀ ਤੋਂ ਬਾਅਦ ਤਕ ਇਕੱਲਿਆਂ ਹੀ ਲੜਨਾ ਪਿਆ।

# ਡਾ.ਅੰਬੇਡਕਰ ਜੀ ਦੇ ਰੁਕੇ ਕਾਰਵਾਂ ਨੂੰ ਅੱਗੇ ਵਧਾਉਣਾ ਸਮੇਂ ਦੀ ਮੰਗ

ਪੂਰਾ ਵਿਸ਼ਵ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਪ੍ਰੀਨਿਰਵਾਣ ਦਿਵਸ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਮਨਾ ਰਿਹਾ ਹੈ। ਅੱਜ ਭਾਵੇਂ ਬਾਬਾ ਸਾਹਿਬ ਸਰੀਰਕ ਤੌਰ 'ਤੇ ਸਾਡੇ 'ਚ ਮੌਜੂਦ ਨਹੀਂ ਹਨ, ਪਰ ਵਿਚਾਰਧਾਰਾ ਦੇ ਤੌਰ 'ਤੇ ਸਾਡੇ ਵਿਚਕਾਰ ਹਨ। ਉਹਨਾਂ ਆਪਣਾ ਦੁੱਖ ਜ਼ਾਹਿਰ ਕਰਦਿਆਂ ਨਾਨਕ ਚੰਦ ਰੱਤੂ ਨੂੰ ਭਰੇ ਮਨ ਨਾਲ ਕਿਹਾ ਸੀ, 'ਮੈਂ ਜਿਹੜਾ ਕਾਰਵਾਂ ਬੜੇ ਦੁੱਖਾਂ, ਤਕਲੀਫਾਂ ਨਾਲ ਇੱਥੇ ਤੱਕ ਲੈ ਕੇ ਆਇਆ ਹਾਂ, ਜੇਕਰ ਮੇਰੇ ਪੈਰੋਕਾਰ ਇਸ ਕਾਰਵਾਂ ਨੂੰ ਅੱਗੇ ਨਹੀਂ ਵਧਾ ਸਕਦੇ ਤਾਂ ਉਹ ਪਿੱਛੇ ਨੂੰ ਵੀ ਨਾ ਜਾਣ ਦੇਣ।' ਮੇਰੇ ਜਾਣ ਤੋਂ ਬਾਅਦ ਮੇਰੇ ਸਮਾਜ ਦੀ ਬਾਂਹ ਪਕੜਨ ਵਾਲਾ ਮੈਨੂੰ ਨਜ਼ਰ ਨਹੀਂ ਆ ਰਿਹਾ। ਇਸ ਕਰਕੇ ਮੈਨੂੰ ਬੜਾ ਦੁੱਖ ਹੈ। ਬਹੁਜਨੋ! ਅੱਜ ਬਾਬਾ ਸਾਹਿਬ ਜੀ ਦੇ ਰੁਕੇ ਕਾਰਵਾਂ ਨੂੰ ਅੱਗੇ ਵਧਾਉਣ ਲਈ ਸਾਨੂੰ ਯਤਨਸ਼ੀਲ ਹੋ ਕੇ, ਇੱਕਮੁਠ ਹੋਣਾ ਪਵੇਗਾ, ਆਪਣੇ ਸੰਗਠਨ ਨੂੰ ਹੋਰ ਮਜ਼ਬੂਤ ਕਰਨਾ ਪਵੇਗਾ। ਸਾਨੂੰ ਆਪਣੇ ਸਵਾਰਥ ਨੂੰ ਤਿਆਗ ਕੇ, ਇਕੱਠੇ ਹੋ ਕੇ ਸੰਵਿਧਾਨ ਦੀ ਰਾਖੀ ਕਰਨ ਲਈ ਜੁਟਣਾ ਹੋਵੇਗਾ। ਆਪਣੇ ਛੋਟੇ-ਛੋਟੇ ਸੰਗਠਨਾਂ ਨੂੰ ਤੋੜ ਕੇ ਇਕ ਵੱਡਾ ਸੰਗਠਨ ਬਣਾਉਣਾ ਹੋਵੇਗਾ, ਕਿਉਂਕਿ ਤੁਹਾਡੀ ਤਾਕਤ ਵੰਡੀ ਜਾਂਦੀ ਹੈ, ਆਪਣੀ ਇਕ ਤਾਕਤ ਬਣਾ ਕੇ ਬਾਬਾ ਸਾਹਿਬ ਜੀ ਕਾਰਵੇਂ ਨੂੰ ਅੱਗੇ ਤੋਰਨ ਲਈ ਯਤਨਸ਼ੀਲ ਹੋਵੋ।

ਡਾ. ਅੰਬਡਕਰ ਜੀ ਨੇ ਆਪਣਾ ਸਾਰੀ ਜ਼ਿੰਦਗੀ ਬਹੁਜਨਾਂ ਨੂੰ ਸਮਾਨਤਾ, ਸੁਤੰਤਰਤਾ, ਭਾਈਚਾਰੇ ਤੇ ਨਿਆਂ ਲਈ ਨਿਛਾਵਰ ਕਰ ਦਿੱਤੀ। ਉਹਨਾਂ ਆਪਣੇ ਸੁੱਖਾਂ ਨੂੰ ਤਿਆਗ ਕੇ, ਦਿਨ-ਰਾਤ ਮਿਹਨਤ ਕਰਕੇ, ਉਚ ਵਿਦਿਆ ਹਾਸਲ ਕੀਤੀ। ਬਾਬਾ ਸਾਹਿਬ ਇਕ ਦਿਨ 'ਚ 18-18 ਘੰਟੇ ਲਗਾਤਾਰ ਪੜ੍ਹਾਈ ਕਰਦੇ ਸਨ। ਉਹਨਾਂ ਦੀ ਲਿਖਤ ਕਿਤਾਬ 'ਪ੍ਰਾਬਲਮਸ ਆਫ ਰੂਪੀ( ਤੋਂ ਆਰ. ਬੀ. ਆਈ. ਦੀ ਸਥਾਪਨਾ ਹੋਈ। ਉਹਨਾਂ ਦੁਆਰਾ ਪ੍ਰਮੁੱਖ ਪ੍ਰਕਾਸ਼ਿਤ ਕਿਤਾਬਾਂ 'ਅਛੂਤ ਕੌਣ ਤੇ ਕਿਵੇਂ, ਸ਼ੂਦਰ ਕੌਣ, ਜਾਤ-ਜਾਤ ਦਾ ਬੀਜ ਨਾਸ਼ ਬੁੱਧਾ ਹਿਜ ਧੰਮਾ, ਰਾਨਾਡੇ, ਗਾਂਧੀ ਤੇ ਜਨਾਹ ਆਦਿ ਹਨ। ''ਅਛੂਤ ਕੌਣ ਤੇ ਕਿਵੇਂ'' ਕਿਤਾਬ ਬਾਬਾ ਸਾਹਿਬ ਜੀ ਨੇ ਸਤਿਗੁਰੂ ਰਵਿਦਾਸ, ਸੰਤ ਨੰਦਨਾਰ ਤੇ ਸੰਤ ਚੋਖਾ ਮੇਲਾ ਜੀ ਨੂੰ ਸਮਰਪਿਤ ਕੀਤੀ, ਜਿਹਨਾਂ ਮਹਾਂਪੁਰਸ਼ਾਂ ਨੇ ਬਹੁਜਨਾਂ ਦੀ ਕ੍ਰਾਂਤੀ ਲਹਿਰ 'ਚ ਉਘਾ ਯੋਗਦਾਨ ਪਾਇਆ। ਭਗਤੀ ਅੰਦੋਲਨ ਰਾਹੀਂ ਹੱਕ ਤੇ ਸੱਚ ਦੀ ਆਵਾਜ਼ ਨੂੰ ਬੁਲੰਦ ਕੀਤਾ।

ਡਾ. ਅੰਬੇਡਕਰ ਜੀ ਨੇ ਕੋਹਲਾਪੁਰ ਦੀ ਕਾਨਫਰੰਸ 'ਚ ਔਰਤਾਂ ਨੂੰ ਸੰਬੋਧਿਤ ਕਰਦਿਆਂ ਕਿਹਾ, ''ਤੁਹਾਡੇ ਫਟੇ ਕੱਪੜੇ ਪਹਿਨੇ ਹੋਏ ਦੇਖ ਕੇ, ਮੇਰਾ ਕਾਲਜਾ ਫਟ ਜਾਂਦਾ ਹੈ। ਤੁਸੀ ਸਾਫ-ਸੁਥਰੇ ਕੱਪੜੇ ਪਹਿਨੋ।'' ਤੁਸੀਂ ਵੀ ਮਰਦਾਂ ਦੇ ਬਰਾਬਰ ਹੋ, ਤੁਹਾਡੇ ਹੱਕ ਵੀ ਬਰਾਬਰ ਹਨ। ਉਹਨਾਂ ਇਹ ਵੀ ਕਿਹਾ ਕਿ ''ਜੇਕਰ ਤੁਹਾਡੇ ਪਤੀ ਰਾਤ ਨੂੰ ਸ਼ਰਾਬ ਪੀ ਕੇ ਘਰ ਆਉਂਦੇ, ਤਾਂ ਉਸਨੂੰ ਇਸ ਤੋਂ ਰੋਕਿਆ ਜਾਵੇ'' ਅਜਿਹਾ ਕਰਨ ਨਾਲ ਧਨ ਦੀ ਬਰਬਾਦੀ ਵੀ ਹੁੰਦੀ ਹੈ ਤੇ ਸਿਹਤ ਦੀ ਵੀ। ਸੋ ਬਾਬਾ ਸਾਹਿਬ ਜੀ ਦੂਰਅੰਦੇਸ਼ੀ ਸਨ, ਉਹਨਾਂ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ, ਜੋ ਸਾਡ ਸਮਾਜ ਨੂੰ ਘੁਣ ਵਾਂਗ ਖਾਈ ਜਾ ਰਹੀ ਹੈ। ਇਹਨਾਂ ਨਸ਼ਿਆਂ ਨੂੰ ਤਿਆਗੋ ਤਾਂ ਹੀ ਤੁਸੀਂ ਅੱਗੇ ਵਧਣ ਦੇ ਕਾਬਿਲ ਹੋ ਸਕਦੇ ਹੋ। ਬਾਬਾ ਸਾਹਿਬ ਜੀ ਨੇ ਇਹ ਵੀ ਕਿਹਾ



ਸੀ, ''ਤੁਹਾਡੇ ਗਲੇ 'ਚ ਪਾਈਆਂ ਤੁਲਸੀ ਦੀਆਂ ਤਸਵੀਰਾਂ ਤੁਹਾਡਾ ਕਦੇ ਵੀ ਭਲਾ ਨਹੀਂ ਕਰ ਸਕਦੀਆਂ।'' ਇਹਨਾਂ ਨੂੰ ਤਿਆਗੋ।

ਡਾ. ਅੰਬੇਡਕਰ ਜੀ ਮਹਾਤਮਾ ਜੋਤੀਬਾ ਫੂਲੇ ਨੂੰ ਆਪਣਾ ਗੁਰੂ ਮੰਨਦੇ ਸਨ। ਬਾਬਾ ਸਾਹਿਬ ਜੀ ਨੇ ਉਹਨਾਂ ਤੋਂ ਪ੍ਰੇਰਨਾ ਲੈ ਕੇ ਬਹੁਜਨਾਂ ਲਈ ਪੀਪਲਜ਼ ਐਜੂਕੇਸ਼ਨ ਸੁਸਾਇਟੀ ਬਣਾ ਕੇ ਕਈ ਕਾਲਜ ਖੋਲ੍ਹੇ। ਜਿਹਨਾਂ 'ਚ ਸਿਧਾਰਥ ਕਾਲਜ, ਮਲਿੰਦ ਕਾਲਜ ਖੋਲ੍ਹੇ, ਜਿੱਥੇ ਅੱਜ ਵੀ ਹਜ਼ਾਰਾਂ ਵਿਦਿਆਰਥੀ ਵਿੱਦਿਆ ਗ੍ਰਹਿਣ ਕਰ ਰਹੇ ਹਨ ਤੇ ਹਜ਼ਾਰਾਂ ਹੀ ਵਿਦਿਆਰਥੀ ਵਿੱਦਿਆ ਗ੍ਰਹਿਣ ਕਰਕੇ ਉਚ ਅਹੁਦਿਆਂ 'ਤੇ ਬਿਰਾਜਮਾਨ ਹਨ।

ਡਾ. ਅੰਬੇਡਕਰ ਜੀ ਨੇ ਗੁਰੂ ਰਵਿਦਾਸ ਜੀ ਦੇ ''ਬੇਗਮਪੁਰੇ ਦੇ ਸਿਧਾਂਤ'' ਤੇ ਪਹਿਰਾ ਦਿੰਦਿਆਂ ''ਭਾਰਤੀ ਸੰਵਿਧਾਨ'' 'ਚ ਗੁਰੂਆਂ ਦੀ ਸੋਚ ਨੂੰ ਫਿੱਟ ਕਰਕੇ ਦੱਸਿਆ। ਭਾਰਤੀ ਸੰਵਿਧਾਨ ਨੂੰ ਤਿਆਰ ਕਰਨ ਲਈ ਬਾਬਾ ਸਾਹਿਬ ਨੂੰ ਬੜੀ ਮਿਹਨਤ ਕਰਨੀ ਪਈ। ਇਸ ਨੂੰ ਤਿਆਰ ਕਰਨ ਲਈ 2 ਸਾਲ 11 ਮਹੀਨੇ ਤੇ 18 ਦਿਨ ਦਾ ਸਮਾਂ ਲੱਗਿਆ। ਇਸ 'ਚ ਊਚ-ਨੀਚ, ਜਾਤ-ਪਾਤ ਨੂੰ ਖਤਮ ਕਰਕੇ ਹਰ ਇਨਸਾਨ ਨੂੰ ਦੂਸਰੇ ਦੇ ਬਰਾਬਰ ਖੜ੍ਹਾ ਕੀਤਾ। ਔਰਤਾਂ ਨੂੰ ਵੀ ਮਰਦਾਂ ਦੇ ਬਰਾਬਰ ਮੌਲਿਕ ਅਧਿਕਾਰ ਦਿਵਾਏ। ਬਾਬਾ ਸਾਹਿਬ ਨੇ 25 ਨਵੰਬਰ 1949 ਨੂੰ ਭਾਰਤੀ ਸੰਵਿਧਾਨ 'ਤੇ ਬੋਲਦਿਆਂ ਕਿਹਾ ਸੀ ਕਿ, ''ਭਾਰਤ ਦਾ ਸੰਵਿਧਾਨ ਭਾਵੇਂ ਕਿੰਨਾ ਚੰਗਾ ਕਿਉ ਨਾ ਬਣਿਆ ਹੋਵੇ, ਜੇ ਮਾੜੇ ਲੋਕਾਂ ਦੇ ਹੱਥ 'ਚ ਆ ਗਿਆ ਤਾਂ ਚੰਗਾ ਬਣਿਆ ਸੰਵਿਧਾਨ ਵੀ ਮਾੜਾ ਸਿੱਧ ਹੋਵੇਗਾ। ਦੂਸਰੇ ਪਾਸੇ ਜੇ ਚੰਗੇ ਬੰਦਿਆਂ ਦੇ ਹੱਥ ਆਇਆ ਤਾਂ ਮਾੜਾ ਬਣਿਆ ਸੰਵਿਧਾਨ ਵੀ, ਚੰਗਾ ਸਾਬਤ ਹੋਵੇਗਾ।'' ਇਹ ਬਾਬਾ ਸਾਹਿਬ ਜੀ ਦੀ ਚਿਤਾਵਨੀ ਸੀ।

ਅੱਜ ਸਾਡੇ ਸਮਾਜ 'ਤੇ ਜ਼ੁਲਮ, ਜ਼ਿਆਦਤੀਆਂ ਵੱਧ ਰਹੇ ਹਨ। ਕਰੋਨਾ ਦੀ ਆੜ 'ਚ ਗਰੀਬ ਹੋ ਰਿਹਾ ਹੈ। ਉਹ ਭੁੱਖ ਨਾਲ ਤੜਪ ਰਿਹਾ ਹੈ। ਸਰਕਾਰਾਂ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ। ਜਦਕਿ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਦੇਸ਼ ਦੇ ਹਰ ਨਾਗਰਿਕ ਦੀ ਰੋਜ਼ੀ-ਰੋਟੀ ਦਾ ਪ੍ਰਬੰਧ ਕਰਨ, ਸਿਹਤ ਸੇਵਾਵਾਂ ਦਾ ਪ੍ਰਬੰਧ ਕਰਨ। ਪਰ ਅਜਿਹਾ ਨਹੀਂ ਹੋ ਰਿਹਾ। ਪ੍ਰਾਈਵੇਟ ਹਸਪਤਾਲਾਂ 'ਚ ਇਲਾਜ ਕਰਵਾਉਣਾ, ਇਕ ਆਮ ਆਦਮੀ ਦੇ ਵੱਸ ਤੋਂ ਬਾਹਰ ਹੋ ਗਿਆ ਹੈ। ਇਲਾਜ ਬਹੁਤ ਮਹਿੰਗਾ ਹੋ ਗਿਆ ਹੈ, ਪ੍ਰਾਈਵੇਟ ਹਸਪਤਾਲਾਂ 'ਚ। ਮਹਿੰਗਾਈ ਨੇ ਗਰੀਬ ਆਦਮੀ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਉਹ ਕਰੋਨਾ ਤੋਂ ਪਹਿਲਾਂ ਭੁੱਖ ਨਾਲ ਮਰਨ ਲਈ ਮਜਬੂਰ ਹੋ ਰਿਹਾ ਹੈ। ਮੌਕੇ ਦੀ ਹਾਕਮ ਸਰਕਾਰ ਗਰੀਬਾਂ ਦੀ ਸਾਰ ਲੈਣਾ ਤਾਂ ਦੂਰ ਦੀ ਗੱਲ, ਜੋ ਉਹਨਾਂ ਨੂੰ ਮਾੜੀਆਂ-ਮੋਟੀਆਂ ਸੁਖ-ਸਹੂਲਤਾਂ ਮਿਲਦੀਆਂ ਸਨ, ਉਸ ਨੂੰ ਵੀ ਖੋਹ ਰਹੀ ਹੈ। ਪੋਸਟ ਮੈਟ੍ਰਿਕ ਸਕਾਲਰਸ਼ਿਪ ਨੂੰ ਬੰਦ ਕੀਤਾ ਜਾ ਰਿਹਾ ਹੈ, ਜਿਹੜੇ ਗਰੀਬਾਂ ਦੇ ਥੋੜ੍ਹੇ-ਬਹੁਤੇ ਬੱਚੇ ਪੜ੍ਹਾਈ ਕਰਦੇ ਸੀ, ਉਸ ਤੋਂ ਵੀ ਵਾਂਝਾ ਕੀਤਾ ਜਾ ਰਿਹਾ ਹੈ। ਕਰੋਨਾ ਕਰਕੇ ਬੇਰੁਜ਼ਗਾਰੀ ਵੱਧ ਗਈ ਹੈ। ਸਰਕਾਰਾਂ ਸਾਇੰਸਦਾਨਾਂ ਦੀਆਂ ਡੀਂਗਾਂ ਮਾਰਦੀਆਂ ਥੱਕ-ਦੀਆਂ ਨਹੀਂ, ਅਜੇ ਤੱਕ ਕਰੋਨਾ ਦੀ ਦਵਾਈ ਤਿਆਰ ਨਹੀਂ ਹੋ ਰਹੀ। ਸਰਕਾਰਾਂ ਜਾਣ-ਬੁੱਝ ਕੇ ਗਰੀਬਾਂ ਦਾ ਰੁਜ਼ਗਾਰ ਬੰਦ ਕਰ ਰਹੀਆਂ ਹਨ। ਮੈਨੂੰ ਤਾਂ ਇੰਝ ਲੱਗਦਾ ਹੈ ਕਿ ਗਰੀਬਾਂ ਨੇ ਭਾਰਤ ਦੇਸ਼ 'ਚ ਜਨਮ ਲੈ ਕੇ ਕਿਤੇ



ਪ੍ਰਿੰਸੀਪਲ ਪਰਮਜੀਤ ਜੱਸਲ
91-98721-80653

ਗਲਤੀ ਤਾਂ ਨਹੀਂ ਕਰ ਲਈ? ਪਰ ਸਰਕਾਰਾਂ ਸਰਕਾਰੀ ਅਦਾਰਿਆਂ ਨੂੰ ਨਿੱਜੀ ਹੱਥਾਂ 'ਚ ਸੌਂਪ ਰਹੀ ਹੈ। ਜੇਕਰ ਤੁਸੀਂ ਅਜੇ ਵੀ ਨਹੀਂ ਸੰਭਲੋਗੇ ਤਾਂ ਤੁਸੀਂ ਬਰਬਾਦ ਹੋ ਜਾਵੋਗੇ। ਆਓ ਸਾਰੇ ਰਲ-ਮਿਲ ਕੇ ਇਕੱਠੇ ਹੋ ਕੇ ਇਕ ਵੱਡਾ ਸੰਗਠਨ ਕਰੀਏ। ਸਾਹਿਬ ਕਾਂਸ਼ੀ ਰਾਮ ਜੀ ਦੇ ਹੀ ਸੰਗਠਨ ਨਾਲ ਇਕ ਵਾਰ ਜੁੜ ਕੇ ਦੇਖ ਲਵੋ, ਤੁਹਾਡਾ ਪਾਰ ਉਤਾਰਾ ਹੋ ਸਕਦਾ ਹੈ। ਕਿਉਂਕਿ ਸਾਹਿਬ ਕਾਂਸ਼ੀ ਰਾਮ ਜੀ ਨੇ ਸਮਾਜਿਕ ਪਰਿਵਰਤਨ ਲਈ, ਤੁਹਾਡੀ ਬਿਗੜੀ ਨੂੰ ਬਣਾਉਦ ਲਈ ਪੈਦਲ, ਸਾਇਕਲ ਤੇ ਯਾਤਰਾ ਕਰਕੇ ਇਕ-ਇਕ ਤੀਲੇ ਨੂੰ ਜੋੜ ਬਹੁਜਨਾਂ ਦਾ ਸੰਗਠਨ ਤਿਆਰ ਕੀਤਾ। ਹੁਣ ਤੁਸੀਂ ਆਪਣੀ ਇਮਾਨਦਾਰੀ ਨਾਲ ਕਾਂਸ਼ੀ ਰਾਮ ਜੀ ਦੇ ਸੰਗਠਨ ਦਾ ਸਾਥ ਦਿਓ। ਜਿਹਨਾਂ ਬਾਬਾ ਸਾਹਿਬ ਜੀ ਦੇ ਕਾਰਵੇਂ ਨੂੰ ਅੱਗੇ ਤੋਰਨ 'ਚ ਆਪਣਾ ਵੱਡਾ ਯੋਗਦਾਨ ਦਿੱਤਾ।

ਆਓ! ਆਪਾਂ ਸਭ ਰਲ ਮਿਲ ਕੇ ਇਕ ਮਜ਼ਬੂਤ ਸੰਗਠਨ ਬਣਾਈਏ ਤਾਂ ਹੀ ਅਸੀਂ ਬਾਬਾ ਸਾਹਿਬ ਜੀ ਦੇ ਰੁਕੇ ਕਾਰਵਾਂ ਨੂੰ ਮੰਜ਼ਿਲ ਮਕਸੂਦ ਤੱਕ ਪਹੁੰਚਾ ਸਕਦੇ ਹਾਂ। ਹੁਣ ਭਾਰਤ ਸਰਕਾਰ ਨੇ ਕਿਸਾਨਾਂ 'ਤੇ ਬਿਲ ਪਾਸ ਕਰਕੇ, ਜੋ ਕਿਸਾਨ ਦੇਸ਼ ਦੇ ਅੰਨਦਾਤਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਉਹਨਾਂ ਨੂੰ ਤਬਾਹ ਕੀਤਾ ਜਾ ਰਿਹਾ ਹੈ। ਕਿਸਾਨ ਦਿੱਲੀ ਜਾ ਕੇ ਸਰਕਾਰ ਦੇ ਵਿਰੁੱਧ ਪ੍ਰਦਰਸ਼ਨ ਕਰ ਰਹੇ ਹਨ। ਬਿਲ ਵਾਪਸ ਕਰਨ ਦੀ ਮੰਗ ਕਰ ਰਹੇ ਹਨ। ਪਰ ਸਰਕਾਰ ਦੇ ਦਿਮਾਗ 'ਤੇ ਜੂੰ ਵੀ ਨਹੀਂ ਸਰਕ ਰਹੀ। ਸਾਨੂੰ ਇਕੱਠੇ ਹੋ ਕੇ ਇਸ ਦਾ ਸਾਥ ਦੇਣ ਦੀ ਜ਼ਰੂਰਤ ਹੈ। ਕਿਉ ਕਿਸਾਨ ਤੇ ਮਜ਼ਦੂਰ ਦਾ ਰਿਸ਼ਤਾ ਹਮੇਸ਼ਾ ਹੀ ਗੂੜ੍ਹਾ ਰਿਹਾ ਹੈ।

ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜੇ ਅੱਜ ਆਪਾਂ ਸਾਰੇ ਬਹੁਜਨ ਇਕਮੁੱਠ ਹੋਈਏ। ਫਿਰ ਹੀ ਬਾਬਾ ਸਾਹਿਬ ਜੀ ਦੇ ਰੁਕੇ ਕਾਰਵਾਂ ਨੂੰ ਅੱਗੇ ਤੋਰਿਆ ਜਾ ਸਕਦਾ ਹੈ। ਸਾਰੇ ਆਪਾਂ ਪੂਰੀ ਇਮਾਨਦਾਰੀ, ਮਿਹਨਤ ਨਾਲ ਯਤਨਸ਼ੀਲ ਹੋਈਏ।

# ਫੈਬੋ ਯੂਕੇ ਦੇ ਮਹਾਨ 'ਤੇ ਦਬਾਅ ਬਿਆਨ

## ਅੰਬੇਦਕਰ ਹਾਊਸ ਲੰਡਨ ਹੁਣ ਅਧਿਕਾਰਤ ਤੌਰ 'ਤੇ ਆਪਣੇ ਆਪ ਨੂੰ ਅਜਾਇਬ ਘਰ ਕਹਿ ਸਕਦਾ ਹੈ

ਕੈਮਡੇਨ ਕੌਂਸਲ ਦੁਆਰਾ 2 ਦਸੰਬਰ 2020 ਨੂੰ ਪ੍ਰਬੰਧਨ ਯੋਜਨਾ ਨੂੰ ਮਨਜ਼ੂਰੀ ਮਿਲਣ ਨਾਲ ਬ੍ਰਿਟੇਨ ਅਤੇ ਦੁਨੀਆ ਭਰ ਦੇ ਬਹੁਤ ਸਾਰੇ ਅੰਬੇਡਕਰਾਂ ਦੇ ਸੁਪਨੇ ਨੂੰ ਵੇਖਿਆ ਗਿਆ ਸੀ ਜਿਥੇ ਉਹ ਇਕ ਜਗ੍ਹਾ 'ਤੇ ਬਾਬਾ ਸਾਹਿਬ ਡਾ. ਅਜਾਇਬ ਘਰ ਦੀ ਸਥਿਤੀ ਨਾਲ ਜੁੜੇ ਕੈਮਡੇਨ ਕੌਂਸਲ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਹੋ ਗਈਆਂ ਹਨ. ਅੰਬੇਦਕਰ ਅਜਾਇਬ ਘਰ ਦਾ ਲੰਬੇ ਸਮੇਂ ਤੋਂ ਇੰਤਜ਼ਾਰ ਚੱਲ ਰਿਹਾ ਹੈ।

ਡਾ. ਅੰਬੇਦਕਰ ਲਈ ਇਸ ਘਰ ਨੂੰ ਇਕ ਖੂਬਸੂਰਤ ਯਾਦਗਾਰ ਬਣਾਉਣ ਲਈ ਫੰਡ ਦੇਣ ਅਤੇ ਇਸ ਨੂੰ ਬਦਲਣ ਦੇ ਪ੍ਰਸਤਾਵ ਦੀ ਸ਼ੁਰੂਆਤ ਸਤੰਬਰ, 2014 ਵਿਚ ਸ਼੍ਰੀਮਤੀ ਸੰਤੋਸ਼ ਦਾਸ ਐਮ ਬੀ ਈ ਦੁਆਰਾ ਅੰਬੇਦਕਰਾਈਟਸ ਅਤੇ ਬੋਧੀ ਸੰਗਠਨਾਂ ਯੂਕੇ (ਫੈਬੋ ਯੂ ਕੇ) ਦੀ ਤਰਫੋਂ ਸ਼੍ਰੀ ਪ੍ਰਿਥਵੀ ਰਾਜ ਚਵਾਨ ਨੂੰ ਦਿੱਤੀ ਗਈ। , ਮਹਾਰਾਸ਼ਟਰ ਦੇ ਤਤਕਾਲੀ ਮੁੱਖ ਮੰਤਰੀ ਸ. ਇਸ ਤੋਂ ਬਾਅਦ ਸ਼੍ਰੀ ਹਰਬੰਸ ਵਿਰਦੀ, 29 ਅਗਸਤ 2014 ਦੇ ਫੈਬੋ ਯੂਕੇ ਦੁ-ਆਰਾ ਇੱਕ ਈਮੇਲ ਦੁਆਰਾ ਫੈਬੋ ਯੂਕੇ ਟੀਮ ਨੂੰ ਚੇਤਾਵਨੀ ਦਿੱਤੀ ਗਈ ਕਿ 10 ਕਿੰਗ ਹੈਨਰੀ ਰੋਡ 3.1 ਮਿਲੀਅਨ ਜੀਬੀ ਪੌਂਡ ਲਈ ਬਾਜ਼ਾਰ ਵਿੱਚ ਸੀ. ਇਸ ਦਲੇਰਾਨਾ ਯਤਨਾਂ ਨੇ ਲੰਡਨ ਤੋਂ ਸੰਤੋਸ਼, ਆਰ



ਕੇ ਕੇ ਗਾਇਕਵਾੜ ਅਤੇ ਸ੍ਰੀ ਰਮੇਸ਼ ਕਟਕੇ ਦ੍ਰ ਆ ਰਾ ਮ ਹਾ ਰਾ ਸ਼ ਟ ਰ ਵਿੱਚ ਪ੍ਰਮੁੱਖ ਰਾਜਨੇਤਾਵਾਂ, ਹਾਈ ਕਮਿਸ਼ਨ ਅਤੇ ਮੀਡੀਆ ਦੀ ਲਾਬਿੰਗ ਦਾ ਇੱਕ ਸਾਲ ਲਿਆ। 24 ਸਤੰਬਰ 2015 ਨੂੰ, ਆਖਿਰਕਾਰ ਇਹ ਘਰ ਜੀਓਐਮ ਦੁਆਰਾ ਖਰੀਦਿਆ ਗਿਆ ਸੀ. ਮੀਡੀਆ ਦੀ ਤੀਬਰ ਧਿਆਨ ਜੋ ਦਿ ਟੈਲੀਗ੍ਰਾਫ ਵਿਚ ਇਕ ਖ਼ਬਰ ਲੇਖ ਨਾਲ ਸ਼ੁਰੂ ਹੋਈ ਜਿਸ ਵਿਚ ਡੀਨ ਨੈਲਸਨ ਨੇ ਫੈਬੋ ਯੂਕੇ ਦੇ ਪ੍ਰਸਤਾਵ ਬਾਰੇ ਸੰਤੋਸ਼ ਦਾਸ ਦੀ ਇੰਟਰਵਿਦ ਲਈ ਸਭ ਦੀ ਮਦਦ ਕੀਤੀ. 14 ਨਵੰਬਰ 2015 ਨੂੰ 10 ਕੇ.ਐਚ.ਆਰ. ਦੁਆਰਾ ਅੰਬੇਦਕਰ ਹਾ੍ਊਸਇਸ ਦਾ ਉਦਘਾਟਨ ਕੀਤਾ ਗਿਆ

2 ਫਰਵਰੀ 2017 ਨੂੰ, ਘਰ ਖਰੀਦਣ ਤੋਂ ਇੱਕ ਸਾਲ ਬਾਅਦ, ਰਾਜ ਜੀ ਬਡੋਲੇ, ਸਮਾਜਿਕ ਨਿਆਂ ਮੰਤਰੀ, ਜੀਓਐਮ ਨੇ, ਅੰਬੇਦਕਰ ਯਾਦਗਾਰ ਨੂੰ ਭਾਰਤ ਦੇ ਹਾਈ ਕਮਿਸ਼ਨਰ ਦੇ ਨਾਲ ਪ੍ਰਧਾਨ ਬਣਾਉਣ ਵਜੋਂ ਸੱਤ ਮੈਂਬਰੀ ਸਲਾਹਕਾਰ ਕਮੇਟੀ ਦੀ ਘੋਸ਼ਣਾ ਕੀਤੀ। ਕਮੇਟੀ ਵਿੱਚ ਸੰਤੋਸ਼ ਦਾਸ ਐਮਬੀਈ ਅਤੇ ਸ੍ਰੀ ਸੀ ਗੌਤਮ ਦੁਆਰਾ ਫੈਬੋ ਯੂਕੇ ਦੀ ਨੁਮਾਇੰਦਗੀ ਕੀਤੀ ਗਈ।

****

# ਡਾ. ਅੰਬੇਡਕਰ ਬਲੱਡ ਆਰਗਨਾਈਜੇਸ਼ਨ ਨੇ ਖੂਨ ਦਾਨ ਕੈਂਪ ਲਗਾ ਕੇ ਬਾਬਾ ਸਾਹਿਬ ਨੂੰ ਦਿੱਤੀ ਨਿੱਘੀ ਸ਼ਰਧਾਂਜਲੀ

**ਫਗਵਾੜਾ (ਬੀ.ਕੇ.ਰੱਤੂ)** ਡਾ. ਬੀ.ਆਰ. ਅੰਬੇਡਕਰ ਬਲੱਡ ਆਰਗਨਾਈਜੇਸ਼ਨ (ਰਜ਼ਿ) ਪੰਜਾਬ ਵਲੋਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਪ੍ਰੀ-ਨਿਰਵਾਣ ਦਿਵਸ ਮੌਕੇ 11ਵਾਂ ਖੂਨਦਾਨ ਕੈਂਪ ਆਰਗਨਾਈਜੇਸ਼ਨ ਦੇ ਪ੍ਰਧਾਨ ਪਰਮਿੰਦਰ ਬੌਧ ਦੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਮੰਦਰ ਚੱਕ ਹਕੀਮ ਵਿਖੇ ਲਗਾਇਆ ਗਿਆ। ਇਸ ਮੌਕੇ ਆਯੋਜਿਤ ਸਮਾਗਮ ਦੀ ਪ੍ਰਧਾਨਗੀ ਚੇਅਰ ਪਰਸਨ ਹਰਬੰਸ ਦੇਵੀ ਪਤਨੀ ਲੇਟ ਸ੍ਰੀ ਜਗਜੀਵਨ ਲਾਲ ਕੈਲੇ ਅਤੇ ਆਰਗਨਾਈਜੇਸ਼ਨ ਦੇ ਵਾਈਸ ਚੇਅਰਮੈਨ ਅਮਰਜੀਤ ਖੁੱਤਣ ਨੇ ਸਾਂਝੇ ਤੌਰ ਤੇ ਕੀਤੀ। ਮੁੱਖ ਮਹਿਮਾਨ ਵਜੋਂ ਬਸਪਾ ਪੰਜਾਬ ਦੇ ਜਨਰਲ ਸਕੱਤਰ ਸੁਖਵੀਰ ਸਲਾਰਪੁਰ ਨੇ ਸ਼ਿਰਕਤ ਕੀਤੀ। ਅਮਰਜੀਤ ਖਾਂਬਰਾ ਨੇ ਸ਼ਮਾ ਰੌਸ਼ਨ ਕਰਕੇ ਕੈਂਪ ਅਤੇ ਸਮਾਗਮ ਦਾ ਸ਼ੁਭ ਆਰੰਭ ਕਰਵਾਇਆ। ਇਸ ਮੌਕੇ ਵੱਡੀ ਗਿਣਤੀ ਵਿਚ ਨੌਜਵਾਨਾ ਨੇ ਆਪਣਾ ਖੂਨ ਦਾਨ ਕਰਕੇ ਬਾਬਾ ਸਾਹਿਬ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕੀਤੀ। ਵੱਖ ਵੱਖ ਡੇਰਿਆਂ ਤੋਂ ਆਏ ਸੰਤਾਂ ਮਹਾਪੁਰਸ਼ਾਂ ਨੇ ਜਿੱਥੇ ਬਾਬਾ ਸਾਹਿਬ ਦੀ ਤਸਵੀਰ ਤੇ ਫੁੱਲਮਾਲਾਵਾਂ ਭੇਂਟ ਕਰਕੇ ਸ਼ਰਧਾਂਜਲੀ ਦਿੱਤੀ ਉੱਥੇ ਹੀ ਖੂਨਦਾਨ ਕਰਨ ਵਾਲੇ ਨੌਜਵਾਨਾਂ ਨੂੰ ਅਸ਼ੀਰਵਾਦ ਦਿੰਦਿਆਂ ਆਰਗਨਾਈਜੇਸ਼ਨ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਤੋਂ ਸੰਤ ਕੁਲਵੰਤ ਦਾਸ ਵੀ ਵਿਸ਼ੇਸ਼ ਤੌਰ ਤੇ ਪੁੱਜੇ ਅਤੇ ਆਪਣਾ ਖੂਨਦਾਨ ਕਰਕੇ ਬਾਬਾ ਸਾਹਿਬ ਨੂੰ ਸ਼ਰਧਾਂਜਲੀ





ਦਿੱਤੀ। ਬੁਲਾਰਿਆਂ ਨੇ ਕਿਹਾ ਕਿ ਦਾਨ ਕੀਤੇ ਖੂਨ ਨਾਲ ਕਿਸੇ ਲੋੜਵੰਦ ਦੀ ਕੀਮਤੀ ਜਿੰਦਗੀ ਨੂੰ ਬਚਾਉਣਾ ਮਹਾਨ ਪਰਉਪਕਾਰ ਹੈ। ਪ੍ਰਧਾਨ ਪਰਮਿੰਦਰ ਬੌਧ ਨੇ ਸਮੂਹ ਮਹਿਮਾਨਾ ਤੋਂ ਇਲਾਵਾ ਇਸ ਕੈਂਪ ਨੂੰ ਸਫਲਤਾ ਪੂਰਵਕ ਨੇਪਰੇ ਚਾੜਨ ਵਿਚ ਸਹਿਯੋਗ ਦੇਣ ਵਾਲਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਦੱਸਿਆ ਕਿ ਕੈਂਪ ਦੌਰਾਨ ਕਰੀਬ ਸਿਵਲ ਹਸਪਤਾਲ ਫਗਵਾੜਾ, ਜੋਹਲ ਹਸਪਤਾਲ ਅਤੇ ਦੋਆਬਾ ਹਸਪਤਾਲ ਜਲੰਧਰ ਦੇ ਸਹਿਯੋਗ ਨਾਲ 200 ਯੂਨਿਟ ਖੂਨਦਾਨ ਕੀਤਾ ਗਿਆ ਹੈ। ਇਸ ਮੌਕੇ ਡੀ.ਐਸ.ਪੀ. ਪਰਮਜੀਤ ਸਿੰਘ ਤੋਂ ਇਲਾਵਾ ਅਕਾਸ਼ ਬੰਗੜ, ਪ੍ਰਦੀਪ ਮੱਲ, ਅਜ਼ਾਦ ਅਲੀ, ਗੋਲਡੀ ਮਹਿਮੀ, ਜਤਿਨ ਰਾਜਪੂਤ ਕਮਲਜੀਤ ਕੰਮੀ ਬਲਵਿੰਦਰ ਬੋਧ, ਅਮਨ ਦਾਦਰਾ, ਐਡਵੋਕੇਟ ਕੁਲਦੀਪ ਭੱਟੀ, ਐਡਵੋਕੇਟ ਰਣਦੀਪ ਕੈਲੇ, ਐਸ.ਐਮ.ਓ ਕਮਲ ਕਿਸ਼ੋਰ ਸਿਵਲ ਹਸਪਤਾਲ ਫਗਵਾੜਾ, ਜੱਸੀ ਤੱਲਣ, ਸ਼੍ਰੀ ਸਤੀਸ਼ ਕੁਮਾਰ ਮੈਨੇਜਰ ਇੰਡੀਅਨ ਬੈਂਕ, ਓਮ ਪ੍ਰਕਾਸ਼ ਪਾਲ ਸਾਬਕਾ ਮੈਨੇਜਰ, ਸੁਰਿੰਦਰ ਢੰਡਾ ਪ੍ਰਧਾਨ ਅੰਬੇਦਕਰ ਸੈਨਾ ਪੰਜਾਬ ਵਿੱਕੀ ਭਦੂਰਕੇ ਸੀਮਾ ਰਾਣੀ ਬਲਾਕ ਸੰਮਤੀ ਮੈਂਬਰ ਬਸਪਾ ਫਗਵਾੜਾ, ਪਰਮਜੀਤ ਬੰਗੜ ਨੰਬਰਦਾਰ ਚੱਕ ਹਕੀਮ, ਬੀ.ਕੇ. ਰੱਤੂ, ਸਾਬਕਾ ਕੌਂਸਲਰ ਤੇਜਪਾਲ ਬਸਰਾ, ਚਿਰੰਜੀ ਲਾਲ ਕੈਲੇ, ਗੋਰਾ, ਅਸ਼ਵਨੀ ਬਘਾਣੀਆ, ਸਨੀ ਧੰਜਲ, ਬਲਵਿੰਦਰ ਬੋਬੀ, ਵਿਵਕੇ ਕੁਮਾਰ, ਪੱਪੀ ਸਰਪੰਚ, ਜੀਤਾ, ਸੁੱਖਾ ਭੁੱਲਾਰਾਈ, ਗੁਰਮੇਲ ਚੁੰਬਰ ਆਦਿ ਹਾਜਰ ਸਨ।

# ਗੁਰੂ ਗੋਬਿੰਦ ਸਿੰਘ ਜੀ ਦਾ ਜੰਗੀ ਜੀਵਨ (ਅਪ੍ਰੈਲ 1686 - ਦਸੰਬਰ 1705)



ਮੁਗਲ ਬਾਦਸ਼ਾਹ ਅਕਬਰ ਤੋਂ ਬਾਅਦ ਜਹਾਂਗੀਰ ਤਖਤ 'ਤੇ ਬੈਠਾ। ਉਸਨੇ ਜਬਰੀ ਧਰਮ ਪ੍ਰੀਵਰਤਨ ਦੀ ਖੂਨੀ ਨੀਤੀ ਹੇਠ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਜ਼ੁਲਮ ਦੇ ਟਾਕਰੇ ਲਈ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਇਕ ਰੂਹਾਨੀ ਅਗਵਾਈ, ਦੂਸਰੀ ਸੰਸਾਰਕ ਅਗਵਾਈ ਦੀ। ਉਹਨਾਂ ਹਥਿਆਰਬੰਦ ਹੋ ਕੇ ਸੰਤ ਸਿਪਾਹੀ ਦਾ ਸਿਧਾਂਤ ਦਿੱਤਾ। ਸਿੱਖ ਕੌਮ ਨੂੰ ਬਕਾਇਦਾ ਸੰਗਠਿਤ ਫੌਜ ਵਜੋਂ ਜਥੇਬੰਦ ਕੀਤਾ। ਜੰਗਾਂ ਲੜੀਆਂ ਅਤੇ ਜਿੱਤੀਆਂ ਵੀ।

ਮਾਰਚ 30, 1664 ਨੂੰ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਔਰੰਗਜੇਬ ਦੇ ਦੂਸਰੇ ਧਰਮਾਂ ਪ੍ਰਤੀ ਜ਼ੁਲਮ ਵਧਦੇ ਗਏ। ਉਸਨੇ ਗੁਰੂ ਤੇਗ ਬਹਾਦਰ ਜੀ ਦੇ ਧਰਮ ਪ੍ਰਚਾਰ ਨੂੰ ਖਤਮ ਕਰਨ ਦੀ ਨੀਤੀ ਅਪਣਾਈ। ਜ਼ੁਲਮ ਦਾ ਭਿਆਨਕ ਸਮਾਂ ਆਉਂਦੇ ਵੇਖ ਕੇ ਉਹਨਾਂ ਆਪਣੇ ਸਾਹਿਬਜ਼ਾਦੇ ਗੋਬਿੰਦ ਰਾਏ ਨੂੰ ਸ਼ਸ਼ਤਰ ਅਤੇ ਸ਼ਾਸਤਰ ਅਭਿਆਸ ਵਿਚ ਤਿਆਰ ਕੀਤਾ। ਅਜਿਹੀ ਸਿੱਖਿਆ ਦਿੱਤੀ ਕਿ ਗੋਬਿੰਦ ਰਾਏ ਜੀ ਨੇ ਆਪਣੇ ਪਿਤਾ ਜੀ ਨੂੰ ਧਰਮ ਯੁੱਧ ਲਈ ਕੁਰਬਾਨ ਹੋਣ ਲਈ ਭੇਜਿਆ। ਗੁਰੂ ਤੇਗ ਬਹਾਦਰ ਜੀ ਨੂੰ ਤਸੱਲੀ ਹੋਈ ਕਿ ਉਹਨਾਂ ਦਾ ਸਾਹਿਬਜ਼ਾਦਾ ਕੌਮ ਦੇ ਦੁੱਖ ਦੂਰ ਕਰਨ ਦੇ ਸਮਰੱਥ ਹੋਵੇਗਾ। ਗੁਰੂ ਜੀ ਨੇ ਨਵੰਬਰ 11, 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹੀਦੀ ਦਿੱਤੀ। ਇਸ ਸ਼ਹੀਦੀ ਤੇ ਸਮਾਜ ਦੀਆਂ ਜੜ੍ਹਾਂ ਹਿੱਲ ਗਈਆਂ। ਹੁਣ ਸਵੈ-ਰੱਖਿਆ ਲਈ ਹਥਿਆਰਬੰਦ ਹੋ ਕੇ ਜ਼ੁਲਮ ਦੇ ਖਿਲਾਫ ਡਟਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਨਵੰਬਰ 24, 1675 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਗੁਰਗੱਦੀ ਤੇ ਬੈਠੇ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਗੁਰਬਾਣੀ ਅਤੇ ਇਤਿਹਾਸ ਦਾ ਡੂੰਘਾ ਅਧਿਐਨ ਕੀਤਾ। ਬਾਬਰ ਬਾਣੀ ਤੋਂ ਬਾਬਰ ਦੇ ਜ਼ੁਲਮਾਂ ਨੂੰ ਘੋਖਿਆ। ਮੁਗਲ ਹਾਕਮਾਂ ਨੇ ਇਸਲਾਮ ਫੈਲਾਉਣ ਲਈ ਜ਼ੁਲਮ ਦੀ ਅਤਿ ਕੀਤੀ। ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦੇ ਜ਼ੁਲਮਾਂ ਤੋਂ ਜਾਣੂੰ ਹੋਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਤ ਸਿਪਾਹੀ ਬਣ ਕੇ ਬਕਾਇਦਾ ਹਥਿਆਰਬੰਦ ਫੌਜ ਰੱਖੀ। ਹੁਣ ਦੇ ਹਾਲਾਤਾਂ ਵਿਚ ਦੁਸ਼ਮਣ ਨਾਲ ਟੱਕਰ ਲੈਣ ਲਈ ਸਹੀ ਸਮੇਂ ਦੀ ਚੋਣ ਕਰਨੀ ਸੀ। ਸਿੱਖ ਧਰਮ ਦੇ ਗਣਰਾਜੀਆਂ ਨੂੰ ਖਾਲਸਾ ਫੌਜੀ ਬਣਾਉਣਾ ਸੀ। ਵਿਉਂਤਬੰਦੀ ਲਈ ਸ਼ਾਂਤ ਵਾਤਾਵਰਣ ਦੀ ਤਲਾਸ਼ ਸੀ। ਉਹ ਪਾਉਂਟਾ ਸਾਹਿਬ ਜਾ ਠਹਿਰੇ। ਨਾਹਨ ਦੇ ਰਾਜੇ ਨੇ ਉਹਨਾਂ ਨੂੰ ਜਗ੍ਹਾ ਦਿੱਤੀ। ਉਹਨਾਂ ਪਾਉਂਟਾ ਕਿਲਾ ਉਸਾਰ ਲਿਆ।

**ਗੁਰੂ ਗੋਬਿੰਦ ਸਿੰਘ ਜੀ ਦਾ ਜੰਗੀ ਜੀਵਨ: ਖਾਲਸਾ ਸਾਜਨਾ ਤੋਂ ਪਹਿਲਾਂ**

**1. ਭੰਗਾਣੀ ਦੀ ਜੰਗ-** ਗੁਰੂ ਜੀ ਦੇ ਸਿੱਖੀ ਪ੍ਰਚਾਰ ਅਤੇ ਵਧਦੀ ਫੌਜੀ ਤਾਕਤ ਵੇਖ ਕੇ ਸ਼ਿਵਾਲਿਕ ਦੇ ਪਹਾੜੀ ਰਾਜੇ ਔਖੇ ਸਨ। ਬਿਲਾਸਪੁਰ ਦੇ ਰਾਜਾ ਭੀਮ ਚੰਦ ਕਾਹਲੂਰੀਆਂ ਅਤੇ ਸ਼ਿਵਾਲਕ ਦੇ ਹਿੰਦੂ ਰਾਜਿਆਂ ਨੇ ਈਰਖਾ ਵਿਚ ਆ ਕੇ ਪਾਉਂਟਾ ਸਾਹਿਬ ਤੋਂ 6 ਮੀਲ ਦੂਰ ਭੰਗਾਣੀ ਦੇ ਛੋਟੇ ਜਿਹੇ ਮੈਦਾਨ ਵਿਚ ਅਪ੍ਰੈਲ 1986 ਨੂੰ ਜੰਗ ਸਹੇੜ ਦਿੱਤੀ। ਇਹ ਗੁਰੂ ਜੀ ਦੇ ਜੰਗੀ ਜੀਵਨ ਦੀ ਪਹਿਲੀ ਜੰਗ ਸੀ। ਗੁਰੂ ਜੀ ਉਸ ਵੇਲੇ 20 ਕੁ ਸਾਲਾਂ ਦੇ ਸਨ। ਗੁਰੂ ਜੀ ਦੀ ਅਗਵਾਈ ਹੇਠ ਗੁਰੂ ਜੀ ਦੇ ਨਾਲ ਸਨ ਭੂਆ ਬੀਬੀ ਵੀਰੋ ਜੀ ਦੇ ਪੁੱਤਰ ਸੰਗੋ ਸ਼ਾਹ, ਜੀਤ ਮੱਲ, ਗੋਪਾਲ ਚੰਦ, ਗੰਗਾ ਰਾਮ ਤੇ ਮੋਹਰੀ ਚੰਦ ਸਨ। ਮਾਮਾ ਕਿਰਪਾਲ ਜੀ, ਦੀਵਾਨ ਨੰਦ ਚੰਦ, ਸਾਹਿਬ ਚੰਦ ਪਰੋਹਿਤ ਦਇਆ ਰਾਮ ਅਤੇ ਹੋਰ ਸਿੱਖ ਜਥੇ ਸਨ। ਸਿੱਖ ਫੌਜ 5 ਹਜ਼ਾਰ ਸੀ। ਦੁਸ਼ਮਣ ਦੀ ਫੌਜ ਵਧੇਰੀ ਸੀ। ਸਿੰਘ ਬੜੀ ਬਹਾਦਰੀ ਨਾਲ ਲੜੇ। ਮਹੰਤ ਕਿਰਪਾਲ ਦਾਸ ਨੇ ਸੋਟੇ ਨਾਲ ਪਠਾਣ ਹਯਾਤ ਖਾਂ ਦਾ ਸਿਰ ਫੇਹ ਦਿੱਤਾ। ਲਾਲ ਚੰਦ ਹਲਵਾਈ ਨੇ ਵੈਰੀਆਂ ਦੇ ਬੜੇ ਆਹੂ ਲਾਹੇ। ਉਹ ਸ਼ਹੀਦੀ ਪ੍ਰਾਪਤ ਕਰ ਗਿਆ। ਗੁਰੂ ਜੀ ਨੇ ਰਾਜਾ ਹਰੀ ਚੰਦ ਨੂੰ ਤੀਰਾਂ ਨਾਲ ਵਿੰਨ ਕੇ ਸੁੱਟ ਦਿੱਤਾ। ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਪਾਉਂਟੇ ਤੋਂ ਅਨੰਦਪੁਰ ਸਹਿਬ ਮੁੜ ਗਏ। ਉਥੇ ਉਹਨਾਂ ਫੌਜੀ ਸਮਾਨ ਦੇ ਨਾਲ ਚਾਰ ਕਿਲੇ: ਅਨੰਦਗੜ੍ਹ, ਲੋਹਗੜ੍ਹ, ਕੇਸਗੜ੍ਹ ਅਤੇ ਫਤਿਹਗੜ੍ਹ ਉਸਾਰੇ।

**2. ਨਦੌਣ ਦੀ ਜੰਗ-** ਰਾਜਾ ਭੀਮ ਚੰਦ ਦੀ ਅਗਵਾਈ ਹੇਠ ਪਹਾੜੀ ਰਾਜਿਆਂ ਨੇ ਮੁਗਲ ਸਰਕਾਰ ਨੂੰ ਸਲਾਨਾ ਕਰ ਦੇਣਾ ਬੰਦ ਕਰ ਦਿੱਤਾ। ਜੰਮੂ ਦੇ ਮੁਗਲ ਸੂਬੇਦਾਰ ਮੀਆਂ ਖਾਂ ਨੇ 20 ਮਾਰਚ 1981 ਨੂੰ ਆਲਿਫ ਖਾਂ ਦੀ ਅਗਵਾਈ ਹੇਠ ਕਾਂਗੜਾ ਤੋਂ 32 ਕਿਲੋਮੀਟਰ ਬਿਆਸ ਦਰਿਆ ਦੇ ਕੰਢੇ ਨਦੌਣ ਵਿਖੇ ਜੰਗ ਛੇੜੀ। ਕਾਂਗੜਾ ਦੇ ਰਾਜੇ ਕਿਰਪਾਲ ਚੰਦ ਅਤੇ ਬਿਜਾਰਵਾਲ ਦੇ ਰਾਜੇ ਦਿਆਲ ਨੇ ਆਲਿਫ ਦਾ ਸਾਥ ਦਿੱਤਾ। ਗੁਰੂ ਜੀ ਨੇ ਰਾਜਾ ਰਾਮ ਸਿੰਘ ਅਤੇ ਪਹਾੜੀ ਰਾਜਿਆਂ ਦਾ ਸਾਥ ਦਿੱਤਾ। ਸਿੱਖ ਬੜੀ ਬਹਾਦਰੀ ਨਾਲ ਲੜੇ, ਆਲਿਫ ਖਾਂ ਹਾਰ ਕੇ ਭੱਜ ਗਿਆ। ਬਾਅਦ ਵਿਚ ਰਾਜਾ ਭੀਮ ਚੰਦ ਨੇ ਆਲਿਫ ਖਾਂ ਨਾਲ ਸਮਝੌਤਾ ਕਰ ਲਿਆ।

**3. ਗੁਲੇਰ, ਹੁਸੈਨੀ ਜੰਗ:-** ਆਲਿਫ ਖਾਂ ਦੀ ਹਾਰ ਤੋਂ ਬਾਅਦ ਲਾਹੌਰ ਦੇ ਮੁਗਲ ਸੂਬੇਦਾਰ ਦਿਲਾਵਰ ਖਾਂ ਨੇ ਆਪਣੇ ਪੁੱਤਰ ਰੁਸਤਮ ਖਾਂ ਨੂੰ ਭੇਜਿਆ। ਉਹ ਵੀ ਸਿੱਖਾਂ ਦੀ ਬਹਾਦਰੀ ਅੱਗੇ ਟਿਕ ਨਾ ਸਕਿਆ ਤੇ ਮੁੜ ਗਿਆ। ਫਿਰ ਦਿਲਾਵਰ ਖਾਂ 2000 ਦੀ ਫੌਜ ਲੈ ਕੇ ਅਨੰਦਪੁਰ ਵੱਲ ਵਧਿਆ। ਰਾਜਾ ਭੀਮਚੰਦ ਕਾਹਲੂਰੀਆ, ਰਾਜਾ ਕ੍ਰਿਪਾਲ ਚੰਦ ਕਟੋਚੀਆ ਆਦਿ ਰਾਜੇ ਹੁਸੈਨੀ ਨਾਲ ਜਾ ਰਲੇ। ਉਹਨਾਂ ਪਹਿਲਾਂ ਗੁਲੇਰ ਸਰ ਕਰਨਾ ਚਾਹਿਆ।

ਗੁਲੇਰ ਦੇ ਰਾਜੇ ਨੇ ਗੁਰੂ ਜੀ ਤੋਂ ਮਦਦ ਮੰਗੀ। ਸੰਨ 1696 ਵਿਚ ਹੋਈ, ਇਸ ਜੰਗ ਵਿਚ ਭਾਈ ਸੰਗਤੀਆ ਸਿੰਘ ਦੀ ਅਗਵਾਈ ਹੇਠ ਸਿੱਖ ਜਥਿਆਂ ਨੇ ਘਮਾਸਾਨ ਦੀ ਜੰਗ ਲੜੀ। ਹੁਸੈਨੀ ਉਸਦੇ ਦੋ ਸਰਦਾਰ, ਕ੍ਰਿਪਾਲ ਚੰਦ ਕਟੋਚੀਆ ਅਤੇ ਹੋਰ ਪਹਾੜੀ ਸਰਦਾਰ ਮਾਰੇ ਗਏ। ਉਸਦੀ ਫੌਜ ਭੱਜ ਗਈ। ਭੀਮਚੰਦ ਵੀ ਭੱਜ ਗਿਆ। ਪਠਾਨਕੋਟ ਦੇ ਨੇੜੇ ਗੁਲੇਰ ਸਥਾਨ ਤੇ ਹੋਈ, ਇਸ ਜੰਗ ਵਿਚ ਭਾਈ ਸੰਗਤੀਆ ਸਿੰਘ ਤੇ ਉਹਨਾਂ ਦੇ ਸੱਤ ਸਾਥੀ ਸ਼ਹੀਦੀਆਂ ਪਾ ਗਏ।

ਗੁਰੂ ਜੀ ਦੀਆਂ ਜਿੱਤਾਂ ਤੋਂ ਔਰੰਗਜੇਬ ਚਿੰਤਾਤੁਰ ਸੀ। ਸੰਨ 1696 ਵਿਚ ਉਸਨੇ ਆਪਣੇ ਪੁੱਤਰ ਮੁਆਜ਼ਮ ਨੂੰ ਪੰਜਾਬ ਵੱਲ ਭੇਜਿਆ। ਸ਼ਾਹਜਾਦਾ ਆਪ ਤਾਂ ਲਾਹੌਰ ਟਿਕ ਗਿਆ, ਉਸਨੇ ਮਿਰਜ਼ਾ ਬੇਗ ਦੀ ਅਗਵਾਈ ਹੇਠ ਵੱਡੀ ਫੌਜ ਭੇਜੀ। ਮੁਗਲ ਫੌਜ ਨੇ ਪਹਾੜੀ ਰਾਜਿਆਂ ਦੀ ਬੜੀ ਦੁਰਗਤੀ ਕੀਤੀ। ਉਸਨੇ ਘਰਾਂ ਨੂੰ ਲੁੱਟਿਆ ਅਤੇ ਫੂਕਿਆ ਵੀ। ਲੋਕਾਂ ਨੂੰ ਕੈਦੀ ਬਣਾ ਕੇ ਉਹਨਾਂ ਦੇ ਮੂੰਹ ਕਾਲੇ ਕਰਕੇ ਜਲੂਸ ਕੱਢਿਆ। ਔਰਤਾਂ ਦੀ ਬੇਪਤੀ ਵੀ ਹੋਈ। ਉਸਨੇ ਕਰ ਵਸੂਲ ਕਰ ਲਿਆ। ਪਰ ਉਹ ਗੁਰੂ ਜੀ ਵੱਲ ਨਾ ਹੋਇਆ ਕਿਉਂਕਿ ਭਾਈ ਨੰਦ ਲਾਲ ਜੀ ਨੇ ਉਸਨੂੰ ਸਮਝਾਇਆ ਕਿ ਗੁਰੂ ਜੀ ਤਾਂ ਮਨੁੱਖਤਾ ਦੀ ਬਹਾਦਰੀ ਦੇ ਧਰਮ ਦਾ ਪ੍ਰਚਾਰ ਕਰਦੇ ਹਨ। ਉਹ ਧਾਰਮਿਕ ਹਨ, ਉਹਨਾਂ ਨਾਲ ਉਲੰਘਣਾ ਠੀਕ ਨਹੀਂ। ਭਾਈ ਨੰਦ ਲਾਲ ਜੀ ਮੁਗਲ ਦਰਬਾਰ ਵਿਚ ਸਕੱਤਰ ਰਹੇ ਸਨ। ਬਾਅਦ ਵਿਚ ਉਹ ਗੁਰੂ ਦਰਬਾਰ ਵਿਚ ਆ ਗਏ ਸਨ, ਉਹ ਇਕ ਕਵੀ ਅਤ ਅਰਬੀ ਫਾਰਸੀ ਦੇ ਉਘੇ ਵਿਦਵਾਨ ਸਨ।

**ਖਾਲਸੇ ਦਾ ਆਗਮਨ-** 1699 ਦੀ ਵਿਸਾਖੀ ਤੇ ਸਿੱਖ ਧਰਮ ਵਿਚ ਨਵਾਂ ਮੋੜ ਆਇਆ ਕਿ ਗੁਰੂ ਜੀ ਨੇ ਸੰਗਤ ਨੂੰ ਅਨੰਦਪੁਰ ਸਾਹਿਬ ਵਿਖੇ ਇਕੱਠੇ ਹੋਣ ਦਾ ਸੱਦਾ ਦਿੱਤਾ। ਲੱਗਭੱਗ 80000 ਦਾ ਇਕੱਠ ਹੋਇਆ। ਗੁਰੂ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਪੰਜ ਪਿਆਰਿਆਂ ਦੀ ਸਾਜਨਾ ਕੀਤੀ। ਹਾਕਮ ਜਿਹਨਾਂ ਨੂੰ ਦੱਬੇ-ਕੁਚਲੇ, ਲੁੱਟੇ-ਪੁੱਟੇ, ਨਿਖਿੱਧ, ਨਿਕੰਮੇ ਅਤੇ ਨੀਵੀਆਂ ਜਾਤਾਂ ਦੇ ਸਮਝਦੇ ਸਨ, ਨੂੰ ਸੂਰਬੀਰ ਫੌਜੀ ਯੋਧੇ ਬਣਾ ਦਿੱਤਾ। ਜੋ ਆਪਣੀ ਹੋਣੀ ਆਪ ਨਿਸਚਿਤ ਕਰਨ ਦੇ ਸਮਰੱਥ ਹੋਏ। ਅੰਮ੍ਰਿਤ ਦੀ ਦਾਤ ਨਾਲ ਉਹਨਾਂ ਵਿਚ ਬਿਜਲੀ ਵਾਂਗ ਅਜਿਹਾ ਜੋਸ਼ ਭਰਿਆ ਕਿ ਉਹ ਹੱਕ-ਸੱਚ ਲਈ ਜੂਝਣ ਲਈ ਤਿਆਰ ਹੋਏ। ਉਹਨਾਂ ਬਿਨ ਤਨਖਾਹੋਂ ਗੁਰੂ ਜੀ ਦਾ ਜੰਗ ਵਿਚ ਸਾਥ ਦਿੱਤਾ ਅਤੇ ਸ਼ਹੀਦੀਆਂ ਪਾਈਆਂ।

**ਖਾਲਸਾ ਆਗਮਨ ਤੋਂ ਬਾਅਦ ਦੇ ਜੰਗ (1699-1705) ਜੰਗੀ ਜੀਵਨ ਵਿਚ ਹੋਏ ਜੰਗ**

**4. ਅਨੰਦਪੁਰ ਸਾਹਿਬ ਦੀ ਪਹਿਲੀ ਜੰਗ (1701)-** ਖਾਲਸਾ ਸਾਜਨਾ ਅਤੇ ਖਾਲਸੇ ਦੇ ਸਿਧਾਂਤ ਪਹਾੜੀ ਰਾਜਿਆਂ ਤੋਂ ਵੱਖਰੇ ਸਨ। ਦੁਸ਼ਮਣ ਖਾਲਸੇ ਤੋਂ ਭੈ-ਭੀਤ ਸਨ, ਜੰਗ ਕਰਨ ਦੇ ਬਹਾਨੇ ਵਿਚ, ਬਿਲਾਸਪੁਰ ਦੇ ਹਾਕਮ ਭੀਮਚੰਦ ਨੇ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਛੱਡਣ ਜਾਂ ਕਿਰਾਇਆ ਆਦਾ ਕਰਨ ਲਈ ਕਿਹਾ। ਗੁਰੂ ਜੀ ਦੇ ਇਨਕਾਰ ਕਰਨ ਤੇ 1701 ਨੂੰ ਭੀਮਚੰਦ ਨੇ ਪਹਾੜੀ ਰਾਜਿਆਂ ਦੀ ਫੌਜ ਨਾਲ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਗੁਰੂ ਸਾਹਿਬ ਦੇ ਨਾਲ ਸਾਹਿਬਜ਼ਾਦਾ ਅਜੀਤ ਸਿੰਘ ਨੇ ਦੁਸ਼ਮਣਾਂਦਾ ਵੱਡਾ ਨੁਕਸਾਨ ਕੀਤਾ। ਹਾਰ ਦੀ ਨਮੋਸ਼ੀ ਵਿਚ ਉਹਨਾਂ ਗੁਰੂ ਜੀ ਨਾਲ ਸਮਝੌਤਾ ਕਰ ਲਿਆ।

**5. ਨਿਰਮੋਹ ਦੀ ਜੰਗ (1702)-** ਭੀਮ ਚੰਦ ਨੂੰ ਅਹਿਸਾਸ ਹੋ ਗਿਆ ਕਿ ਸਿੱਖਾਂ ਦੀ ਫੌਜ ਨਾਲ ਟਾਕਰਾ ਕਰਨਾ ਅਸੰਭਵ ਹੈ। ਉਸਨੇ ਮੁਗਲ ਸਰਕਾਰ ਤੋਂ ਮਦਦ ਮੰਗੀ। ਸੰਨ 1702 ਵਿਚ ਭੀਮਚੰਦ ਅਤੇ ਸਰਹਿੰਦ ਦੇ ਸੂਬੇਦਾਰ ਦੀ ਅਗਵਾਈ ਹੇਠ ਫੌਜ ਨੇ ਸਤਲੁਜ ਦੇ ਤਟ ਤੇ ਨਿਰਮੋਹ ਵਿਖੇ ਜੰਗ ਛੇੜੀ। ਸਿੱਖਾਂ ਨੇ ਬੜੀ ਬਹਾਦਰੀ ਨਾਲ ਟਾਕਰਾ ਕੀਤਾ। ਇਕ ਦਿਨ ਅਤੇ ਇਕ ਰਾਤ ਦੀ ਜੰਗ ਵਿਚ ਗੁਰੂ ਜੀ ਨੇ ਦੁਸ਼ਮਣਾਂ ਨੂੰ ਭਜਾ ਦਿੱਤਾ।

**6. ਸਤਲੁਜ ਦੀ ਲੜਾਈ (1702)-** ਨਿਰਮੋਹ ਦੀ ਜਿੱਤ ਤੋਂ ਬਾਅਦ ਗੁਰੂ ਜੀ ਨੇ ਨਿਰਮੋਹ ਛੱਡ ਦਿੱਤਾ। ਉਹਨਾਂ ਅਜੇ ਸਤਲੁਜ ਵੀ ਪਾਰ ਨਹੀਂ ਕੀਤਾ ਸੀ ਕਿ ਦੁਸ਼ਮਣਾਂ ਨੇ ਹਮਲਾ ਕਰ ਦਿੱਤਾ। ਗੁਰੂ ਜੀ ਦੀ ਫੌਜ ਇੰਨੀ ਬਹਾਦਰੀ ਨਾਲ ਲੜੀ ਕਿ ਚਾਰ ਘੰਟਿਆਂ ਦੀ ਲੜਾਈ ਵਿਚ ਗੁਰੂ ਜੀ ਦੀ ਜਿੱਤ ਹੋਈ।

**7. ਬਸੌਲੀ ਦੀ ਜੰਗ (1702)-** ਗੁਰੂ ਜੀ ਸਿੱਖਾਂ ਨਾਲ ਸਤਲੁਜ ਪਾਰ ਕਰਕੇ ਬਸੌਲੀ ਚਲੇ ਗਏ। ਭੀਮ ਚੰਦ ਦੀ ਫੌਜ ਨੇ ਫਿਰ ਹਮਲਾ ਕਰ ਦਿੱਤਾ। ਗੁਰੂ ਜੀ ਨੇ ਉਹਨਾਂ ਨੂੰ ਹਰਾ ਦਿੱਤਾ। ਬਸੌਲੀ ਅਤੇ ਜਸਵਾਨ ਦੇ ਸ਼ਾਸਕਾਂ ਨਾਲ ਗੁਰੂ ਜੀ ਦੀ ਮਿੱਤਰਤਾ ਸੀ। ਭੀਮਚੰਦ ਨੇ ਗੁਰੂ ਜੀ ਨਾਲ 1702 ਵਿਚ ਸੰਧੀ ਕਰ ਲਈ। ਗੁਰੂ ਜੀ ਅਨੰਦਪੁਰ ਸਾਹਿਬ ਪਰਤ ਗਏ। ਉਥੇ ਅਮਨ ਦਾ ਜੀਵਨ ਬਤੀਤ ਕਰ ਰਹੇ ਸਨ।

**8. ਅਨੰਦਪੁਰ ਸਾਹਿਬ ਦੀ ਦੂਜੀ ਜੰਗ (1704)-** ਪਹਾੜੀ ਰਾਜਿਆਂ ਨੇ ਗੁਰੂ ਜੀ ਨਾਲ ਈਰਖਾ ਕਰਨੀ ਨਾ ਛੱਡੀ। ਉਹਨਾਂ ਦੇ ਸੰਗਠਨ ਨੇ ਗੁਰੂ ਜੀ ਨੂੰ ਅਨੰਦਪੁਰ ਛੱਡਣ ਲਈ ਕਿਹਾ। ਗੁਰੂ ਜੀ ਡਟੇ ਰਹੇ। ਦੁਸ਼ਮਣਾਂ ਨੇ ਹਮਲਾ ਕਰ ਦਿੱਤਾ। ਗੁਰੂ ਜੀ ਨੇ ਉਹਨਾਂ ਨੂੰ ਪਿਛਾਂਹ ਧਕੇਲ ਦਿੱਤਾ।

ਭੀਮਚੰਦ ਦੇ ਸੰਗਠਨ ਰਾਜਿਆਂ ਨੇ ਮੁਗਲ ਸਰਕਾਰ ਤੋਂ ਮਦਦ ਮੰਗੀ। ਸਰਹਿੰਦ ਦਾ ਫੌਜਦਾਰ ਵਜੀਰ ਖਾਂ ਫੌਜ ਲੈ ਆਇਆ। ਸਾਰੇ ਰਾਜਿਆਂ ਦੇ ਸੰਗਠਨ ਨੇ ਹਮਲਾ ਕਰ ਦਿੱਤਾ। ਸਿੱਖਾਂ ਨੇ ਕਿਲੇ ਅੰਦਰੋਂ ਜਵਾਬੀ ਹਮਲਾ ਕੀਤਾ। ਦੁਸ਼ਮਣ ਨੇ ਸਾਰੇ ਪਾਸਿਆਂ ਤੋਂ ਅਨੰਦਪੁਰ ਘੇਰ ਲਿਆ। ਸਿੱਖ ਲੰਮੀ ਜੰਗ ਨਾ ਲੜ ਸਕੇ।ਸਿੱਖ ਅਨੰਦਪੁਰ ਸਾਹਿਬ ਛੱਡਣਾ ਚਾਹੁੰਦੇ ਸਨ। ਗੁਰੂ ਜੀ ਸਹਿਮਤ ਨਾ ਹੋਏ। ਭਾਈ ਮਹਾਂ ਸਿੰਘ ਜਥੇ ਦੇ ਸਿੰਘ ਅਨੰਦਪੁਰ ਸਾਹਿਬ ਤੋਂ ਵਿਛੜ ਗਏ। ਅਖੀਰ 21 ਦਸੰਬਰ 1704 ਦੀ ਵਿਚਕਾਰਲੀ ਰਾਤ ਨੂੰ ਗੁਰੂ ਜੀ ਨੇ ਅਨੰਦਪੁਰ ਸਾਹਿਬ ਛੱਡ ਦਿੱਤਾ।

**9. ਸ਼ਾਹੀ ਟਿੱਬੇ ਦੀ ਜੰਗ (1704)-** ਦੁਸ਼ਮਣਾਂ ਨੇ ਅਨੰਦਪੁਰ ਸਾਹਿਬ ਦੇ ਕਿਲੇ ਤੇ ਕਬਜ਼ਾ ਕਰ ਲਿਆ। ਉਹਨਾਂ ਗੁਰੂ ਜੀ ਦਾ ਪਿੱਛਾ ਕੀਤਾ। ਗੁਰੂ ਜੀ 14 ਕਿਲੋਮੀਟਰ ਹੀ ਲੰਘੇ ਸਨ ਕਿ ਟਿੱਬੀ ਦੇ ਮੈਦਾਨ ਵਿਚ ਜੰਗ ਹੋਈ। ਭਾਈ ਉਦੈ ਸਿੰਘ ਅਤੇ 50 ਸਾਥੀਆਂ ਨੇ ਦੁਸ਼ਮਣ ਦੀਆਂ ਫੌਜਾਂ ਨੂੰ ਰੋਕੀ ਰੱਖਿਆ। ਸਿੱਖ ਪੰਜਾਬ ਵੱਲ ਵਧਦੇ ਗਏ ਕਿ ਸਿਰਸਾ ਪਹੁੰਚੇ। ਉਦੈ ਸਿੰਘ ਅਤੇ ਸਾਥੀਆਂ ਨੇ ਫੌਜਾਂ ਦਾ ਮੁਕਾਬਲਾ ਕੀਤਾ ਅਤੇ ਸ਼ਹੀਦੀਆਂ ਪਾ ਗਏ।

**10. ਸਿਰਸਾ ਦੀ ਜੰਗ (1704)-** ਗੁਰੂ ਜੀ ਅਤੇ ਸਿੱਖ ਸਿਰਸਾ ਨਦੀ ਪੁੱਜੇ ਤਾਂ ਮੁਗਲ ਫੌਜ ਉਥੇ ਵੀ ਪਹੁੰਚ ਗਈ। ਭਾਈ ਜੈਤਾ (ਭਾਈ ਜੀਵਨ ਸਿੰਘ ਰੰਗਰੇਟਾ) ਅਤੇ 100 ਸਿੱਖਾਂ ਦੇ ਜਥੇ ਨੇ ਦੁਸ਼ਮਣਾਂ ਦਾ ਭਾਰੀ ਨੁਕਸਾਨ ਕੀਤਾ। ਸਿੰਘ ਘੋੜਿਆਂ ਸਮੇਤ ਸਿਰਸਾ ਪਾਰ ਕਰ ਗਏ। ਕਈ ਸ਼ਹੀਦੀਆਂ ਪਾ ਗਏ। ਇਸੇ ਭਗਦੜ ਵਿਚ ਦੋ ਛੋਟੇ ਸਾਹਿਬਜ਼ਾਦੇ- ਜੋਰਾਵਰ ਸਿੰਘ, ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਵਿਛੜ ਗਏ ਸਨ।

**11. ਚਮਕੌਰ ਸਾਹਿਬ ਦੀ ਜੰਗ (1705)-** ਗੁਰੂ ਜੀ ਸਿਰਸਾ ਨਦੀ ਪਾਰ ਕਰਕੇ ਸਿੰਘਾਂ ਨਾਲ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਅਜੀਤ ਸਿੰਘ, ਜੁਝਾਰ ਸਿੰਘ ਨਾਲ ਘਨੌਲਾ ਕੋਟਲਾ ਨਿਹੰਗ ਹੁੰਦੇ ਹੋਏ ਚਮਕੌਰ ਸਾਹਿਬ ਪਹੁੰਚੇ। ਜਦੋਂ ਕੱਚੀ ਗੜ੍ਹੀ ਵਿਚ 40 ਸਿੰਘ ਨਾਲ ਸਨ। ਦੁਸ਼ਮਣ ਨੇ ਹਮਲਾ ਕਰ ਦਿੱਤਾ। ਸਿੰਘਾਂ ਨੇ ਬਹਾਦਰੀ ਨਾਲ ਜਵਾਬ ਦਿੱਤਾ। ਗੁਰੂ ਜੀ ਦੇ ਦੋਵੇਂ ਸਾਹਿਬਜ਼ਾਦੇ ਬਹਾਦਰੀ ਦਾ ਸਬੂਤ ਦਿੰਦੇ ਹੋਏ ਸ਼ਹੀਦ ਹੋ ਗਏ। ਪੰਜ ਪਿਆਰਿਆਂ ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਹਿੰਮਤ ਸਿੰਘ ਸ਼ਹੀਦ ਹੋ ਗਏ। ਗੁਰੂ ਜੀ ਕੋਲ ਪੁੰਜ ਸਿੰਘ ਰਹਿ ਗਏ ਸਨ। ਉਹਨਾਂ ਨੇ ਹੁਕਮਨਾਮੇ ਵਿਚ ਗੁਰੂ ਜੀ ਨੂੰ ਚਮਕੌਰ ਛੱਡਣ ਲਈ ਕਹਿ ਦਿੱਤਾ। ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਗੜੀ ਵਿਚੋਂ ਬਾਹਰ ਆ ਗਏ।

ਗੁਰੂ ਜੀ ਮਾਛੀਵਾੜਾ, ਆਲਮਗੀਰ, ਦੀਨਾ ਕਾਂਗੜ ਰਾਹੀਂ ਖਿਦਰਾਣਾ ਪਹੁੰਚੇ।

**12. ਖਿਦਰਾਣਾ ਦੀ ਜੰਗ (1705)-** ਜਦੋਂ ਗੁਰੂ ਜੀ ਖਿਦਰਾਣਾ ਪਹੁੰਚੇ ਤਾਂ ਕਾਫੀ ਗਿਣਤੀ ਵਿਚ ਸਿੰਘ ਗੁਰੂ ਜੀ ਦੇ ਨਾਲ ਸਨ। ਭਾਈ ਮਹਾਂ ਸਿੰਘ, ਭਾਈ ਭਾਗੋ ਦੇ ਜਥੇ ਵੀ ਆਣ ਰਲੇ ਸਨ। ਗੁਰੂ ਜੀ ਕੋਲ 2000 ਸਿੱਖ ਫੌਜ ਸੀ। ਦੂਸਰੇ ਪਾਸੇ ਸਰਹਿੰਦ ਦੇ ਸੂਬੇਦਾਰ ਕੋਲ 10000 ਦੀ ਫੌਜ ਸੀ। ਦਸੰਬਰ 29, 1705 ਨੂੰ ਖਿਦਰਾਣੇ ਦੀ ਢਾਬ ਤੇ ਭਿਆਨਕ ਜੰਗ ਹੋਈ। ਗੁਰੂ ਜੀ ਦੇ ਸਿੰਘ ਬੇਮਿਸਾਲ ਬਹਾਦਰੀ ਨਾਲ ਲੜੇ। ਪਾਣੀ ਦੀ ਘਾਟ ਕਰਕੇ ਮੁਗਲਾਂ ਲਈ ਲੜਨਾ ਮੁਸ਼ਕਿਲ ਸੀ। ਮੁਗਲਾਂ ਨੂੰ ਹਾਰ ਕੇ ਭੱਜਣਾ ਪਿਆ। ਮਾਈ ਭਾਗੋ ਜੀ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਭਾਈ ਮਹਾਂ ਸਿੰਘ ਦੇ ਜਥੇ ਦੇ 40 ਸਿੰਘ ਸ਼ਹੀਦ ਹੋ ਗਏ। ਇਹਨਾਂ ਦੀਆਂ ਬਹਾਦਰੀਆਂ ਨੂੰ ਵੇਖ ਕੇ ਗੁਰੂ ਜੀ ਨੇ 40 ਮੁਕਤੇ ਦਾ ਵਰ ਦਿੱਤਾ। ਇਹ ਜੋ ਆਨੰਦਪੁਰ ਛੱਡਣ ਵੇਲੇ ਗੁਰੂ ਜੀ ਤੋਂ ਵਿਛੜ ਗਏ ਸਨ। ਖਿਦਰਾਣਾ ਦਾ ਨਾਂ ਮੁਕਤਸਰ ਰੱਖਿਆ ਗਿਆ।

ਅੰਤਿਕਾ: ਅਜ਼ਾ ਪਸ ਬਗੁਰਦੰਦ ਰੂਪਸ ਕੁਨੰਦ
ਅਗਰ ਆਬ ਬਾਸ਼ਦ ਦਰ ਆਤਿਸ਼ ਜਨੰਦ
- ਕਾਜ਼ੀ ਨੂਰ ਮੁਹੰਮਦ

ਅਰਥਾਤ- ਪਾਣੀ ਨੂੰ ਅੱਗ ਨਹੀਂ ਲੱਗ ਸਕਦੀ। ਇਹ ਕੁਦਰਤ ਦਾ ਸਿਧਾਂਤ ਹੈ। ਇਹ ਨਾਮੁਮਕਿਨ ਹੈ। ਕਾਜ਼ੀ ਨੂਰ ਮੁਹੰਮਦ ਨੇ ਜਦੋਂ ਖਾਲਸੇ ਦੀ ਸੂਰਬੀਰਤਾ ਦੇ ਜੌਹਰ ਵੇਖੇ ਤਾਂ ਕਹਿ ਉਠਿਆ ਕਿ ਸੰਸਾਰ ਦੇ ਲੋਕੋ ਮੈਂ ਜੰਗੇ ਮੈਦਾਨ ਅੱਖੀ ਡਿੱਠਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਨੇ ਪਾਣੀ ਨੂੰ ਵੀ ਅੱਗ ਲਗਾ ਕੇ ਰੱਖ ਦਿੱਤੀ। ਆਪਣੇ ਅਜੀਬ ਜੰਗੀ ਪੈਂਤਰਿਆਂ ਨਾਲ ਜਦੋਂ ਖਾਲਸਾ ਦੁਸ਼ਮਣ ਨੂੰ ਘੇਰ ਲੈਂਦਾ ਅਤੇ ਫਿਰ ਘਿਰੇ ਹੋਏ ਦੁਸ਼ਮਣ ਤੇ ਇੰਨੀ ਦਲੇਰੀ ਅਤੇ ਤਾਕਤ ਨਾਲ ਵਾਰ ਕਰਦਾ ਹੈ ਕਿ ਦੁਸ਼ਮਣ ਦਾ ਸਫਾਇਆ ਕਰਕੇ ਰੱਖ ਦਿੰਦਾ ਹੈ। ਹਮਲਾ ਏਨਾ ਸ਼ਕਤੀਸ਼ਾਲੀ ਹੁੰਦਾ ਹੈ, ਜੇ ਉਸ ਵੇਲੇ ਪਾਣੀ ਵੀ ਸਾਹਮਣੇ ਆ ਜਾਵੇ ਤਾਂ ਉਸਨੂੰ ਵੀ ਅੱਗ ਲਗਾ ਕੇ ਰੱਖ ਦਿੰਦਾ ਹੈ। ਗੈਰ ਮੁਮਕਿਨ ਨੂੰ ਮੁਮਕਿਨ ਬਣਾ ਕੇ ਰੱਖ ਦਿੰਦਾ ਹੈ।

## ਪੰਜਾਬੀਅਤ ਦਾ ਜਜ਼ਬਾ

- ਰਵਨਜੋਤ ਕੌਰ ਸਿੱਧੂ
91-82830-66125

ਸੁਣ ਸੈਂਟਰ ਦੀਏ ਸਰਕਾਰੇ ਨੀ
ਕਿਉ ਪੰਜਾਬ ਨੂੰ ਹਮੇਸਸ਼ਾਂ ਮਾਰੇ ਨੀ
ਕਦੇ ਆਖੇਂ ਸਾਨੂੰ ਅੱਤਵਾਦੀ
ਕਿਉ ਲੱਗੀਏ ਤੈਨੂੰ ਮਾੜੇ ਨੀ

ਅਸੀ ਇੱਜਤਾਂ ਤੇਰੀਆਂ ਬਚਾਉਂਦੇ ਰਹੇ
ਚੁੰਮ ਕੇ ਰੱਸੇ ਫਾਂਸੀ ਦੇ
ਹੱਸ ਕੇ ਗਲਾ ਚ ਪਾਉਂਦੇ ਰਹੇ

ਅਸੀ ਹਮੇਸ਼ਾ ਹੋਏ ਕੁਰਬਾਨ ਤੇਰੇ ਲਈ
ਕਿਉਂ ਲਗਦੇ ਤੈਨੂੰ ਮਾੜੇ ਨੀ
ਕਦੇ ਆਖੇਂ ਸਾਨੂੰ ਅੱਤਵਾਦੀ
ਕਿਉਂ ਲੱਗੀਏ ਤੈਨੂੰ.....

ਅਸੀਂ ਭੁੱਲੇ ਨੀ ਜੋ ਤੂੰ ਕੀਤਾ ਦਿੱਲੀਏ
ਕੀਤੇ ਸਾਕੇ ਸਾਰੇ ਯਾਦ ਸਾਨੂੰ
ਜੇ ਕਿਧਰੇ ਚੁੱਕ ਹਥਿਆਰ ਲਏ

ਯਾਦ ਕਰਾ ਦਿਆਂਗੇ ਔਕਾਤ ਤੈਨੂੰ
84ਦਾ ਵੀ ਬਦਲਾ ਫਿਰ ਹੁਣ ਨਾਲ ਲਵਾਗੇਂ
ਜਦੋਂ ਗਲਾਂ ਚ ਟਾਇਰ ਪਾ ਤੂੰ ਸਾੜੇ ਨੀ
ਕਦੇ ਆਖੇਂ ਸਾਨੂੰ ਅੱਤਵਾਦੀ
ਕਿਉ ਲੱਗੀਏ ਤੈਨੂੰ .....

ਅਸੀ ਕਲਗੀਧਰ ਦੇ ਪੁੱਤਰ ਹਾਂ
ਹਰ ਧਰਮ ਦਾ ਕਰੀਏ ਸਤਿਕਾਰ ਸਦਾ

ਕਿਸੇ ਵੀ ਧਰਮ ਦੀ ਰੱਖਿਆ ਲਈ
ਹੱਸਕੇ ਅਸੀ ਕੁਰਬਾਨ ਹੋਈਏ
ਹੈ ਸਾਡੇ ਕੋਲੇ ਦਿਲ ਵੱਡਾ
ਕਦੇ ਇਤਿਹਾਸ ਫਰੋਲ ਕੇ ਦੇਖੀਂ ਨੀ
ਅਸੀ ਕਿੰਨੇ ਜੁਲਮੀ ਮਾਰੇ ਨੇ
ਕਿਉ ਆਖੇਂ ਸਾਨੂੰ ਅੱਤਵਾਦੀ
ਕਿਉ ਲਗੀਏ ਤੈਨੂੰ....

'ਰਾਵੀ' ਦੇਵੇ ਚਿਤਾਵਨੀ ਤੈਨੂੰ
ਨਾ ਛੇੜ ਰਹਿਣ ਦੇ ਸ਼ਾਂਤ ਸਾਨੂੰ
ਜੇ ਅੱਕ ਕੇ ਬਾਗੀ ਹੋ ਗਏ ਤਾਂ
ਫਿਰ ਦੇਵਾਂਗੇ ਅਸੀ ਉਜਾੜ ਤੈਨੂੰ
ਕਿਤੇ ਮੱਚਜੇ ਨਾਂ ਭਾਂਬੜ ਸੋਚ ਥੋੜਾ
ਫਿਰ ਨਾਂ ਸੁਣਨੇ ਕਿਸੇ ਤੇਰੇ ਹਾੜੇ ਨੀ
ਕਿਉ ਆਖੇ ਸਾਨੂੰ ਅੱਤਵਾਦੀ
ਕਿਉਂ ਲੱਗੀਏ ਤੈਨੂੰ ਮਾੜੇ ਨੀ

# ਸਿੱਖ ਸੰਗਤ ਵੱਲੋਂ ਨਨਕਾਣਾ ਸਾਹਿਬ 'ਚ ਭਾਰਤ 'ਚ ਚਲ ਰਹੇ ਕਾਲੇ ਖੇਤੀ ਕਨੂੰਨਾਂ ਦੇ ਵਿਰੋਧ 'ਚ ਪੈਦਲ ਰੋਸ ਮਾਰਚ








**ਨਨਕਾਣਾ ਸਾਹਿਬ–** ਪਾਕਿਸਤਾਨ ਸਿੱਖ ਗੁਰਦੁਅਰਾ ਪ੍ਰਬੰਧਕ ਕਮੇਟੀ ਅਤੇ ਨਨਕਾਣਾ ਸਾਹਿਬ ਦੀਆਂ ਸਮੂੰਹ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਜਨਮ ਅਸਥਾਨ ਤੋਂ ਵਿਸ਼ਾਲ ਰੈਲੀ ਕੀਤੀ ਗਈ 'ਤੇ ਉਪਰੰਤ ਰੋਸ ਮਾਰਚ ਕੀਤਾ ਗਿਆ ਜਿਸ ਵਿੱਚ ਸਮੂਹ ਨਨਕਾਣਾ ਸਾਹਿਬ ਦੀ ਸੰਗਤ ਤੋਂ ਇਲਾਵਾ ਲਾਹੌਰ ਤੋਂ ਵੀ ਸੰਗਤਾਂ ਪਹੁੰਚੀਆਂ ਹੋਈਆਂ ਸਨ। ਇਸ ਰੈਲੀ ਵਿੱਚ ਉਚੇਚੇ ਤੋਰ 'ਤੇ ਨਨਕਾਣਾ ਸਾਹਿਬ ਦੇ ਮੁਸਲਿਮ, ਮਸੀਹ ਅਤੇ ਹਿੰਦੂਆਂ ਤੋਂ ਇਲਾਵਾ ਗੁਰੂ ਨਾਨਕ ਜੀ ਮਿਸ਼ਨ ਧਾਰਮਿਕ ਸਕੂਲ ਦੇ ਵਿਦਿਆਰਥੀਆਂ ਨੇ ਮਾਸਟਰ ਬਲਵੰਤ ਸਿੰਘ ਸਹਿਤ ਭਾਗ ਲਿਆ।

ਗੁਰਦੁਅਰਾ ਸ੍ਰੀ ਜਨਮ ਅਸਥਾਨ, ਨਨਕਾਣਾ ਸਾਹਿਬ ਵਿਖੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਤੋਂ ਬਾਅਦ ਵੱਖ-ਵੱਖ ਬੁਲਾਰਿਆ ਨੇ ਆਪਣੇ-ਆਪਣੇ ਵੀਚਾਰ ਰੱਖੇ ਜਿਸ ਵਿੱਚ ਚਲ ਰਹੇ ਕਿਸਾਨ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕੀਤੀ ਗਈ। ਇਸ ਮੌਕੇ ਤੇ ਬੋਲਦਿਆਂ ਸ੍ਰ, ਅਮੀਰ ਸਿੰਘ ਜਰਨਲ ਸਕੱਤਰ (ਪੀ.ਐਸ.ਜੀ.ਪੀ.ਸੀ) ਨੇ ਕਿਹਾ ਕਿ ਭਹਅਰਅਟ ਸਰਕਾਰ ਵੱਲੋਂ ਲਾਗੂ ਕੀਤੇ ਤਿੰਨੇ ਆਰਡੀਨੈਸ ਰੱਦ ਹੋਣੇ ਚਾਹੀਦੇ ਹਨ। ਇਸ ਦੇ ਨਾਲ ਹੀ ਸਮੁੱਚੇ ਕਿਸਾਨ ਅੰਦੋਲਨ ਵਿੱਚ ਪੰਜਾਬ ਵੱਲੋਂ ਦਿਖਾਈ ਜਾ ਰਹੀ ਇੱਕਮੁਠਤਾ ਅਤੇ ਕੀਤੇ ਜਾ ਰਹੇ ਅੰਦੋਲਨ ਦੀ ਸਲਾਘਾ ਕੀਤੀ ਗਈ।

ਕਿਸਾਨਾਂ ਦੇ ਸਮਰਥਨ 'ਚ ਨਨਕਾਣਾ ਸਾਹਿਬ ਦੇ ਮੁਸਲਿਮ ਵੀਰਾਂ ਅਤੇ ਅਲਾਮਾ ਸਾਹਿਬਾਨ ਅਤੇ ਮਸੀਹ ਲੀਡਰਾਂ ਨੇ ਵੀ ਸੰਬੋਧਨ ਕੀਤਾ ਅਤੇ ਕਿਹਾ ਭਹਅਰਅਟ ਦੀ ਕੇਂਦਰ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਖਿਲਾਫ਼ ਆਪਣੇ ਸਮਰਥਨ ਦਾ ਐਲਾਨ ਕੀਤਾ ਅਤੇ ਸਿੱਖ ਸੰਗਤਾਂ ਵੱਲੋਂ ਉਨ੍ਹਾਂ ਨੂੰ ਵੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਅਰਦਾਸ ਮੌਕੇ ਬੁਲਾਉਣ 'ਤੇ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।


ਪੰਜਾਬੀ ਸਿੱਖ ਸੰਗਤ ਦੇ ਚੇਅਰਮੈਂਨ ਸ੍ਰ. ਗੋਪਾਲ ਸਿੰਘ ਚਾਵਲਾ ਨੇ ਆਖਿਆ ਕਿ ਸਾਰੀਆਂ ਕਿਸਾਨ ਜੱਥੇਬੰਦੀਆਂ ਨੂੰ ਚਾਹੀਦਾ ਹੈ ਇਸ ਸੰਘਰਸ਼ ਨੂੰ ਸਫ਼ਲ ਬਣਾਉਣ ਲਈ ਡਟਕੇ ਪਹਿਰਾ ਦੇਣ ਅਤੇ ਕੇਂਦਰ ਦੀਆਂ ਕਿਸਾਨ ਮਜ਼ਦੂਰ ਵਿਰੋਧੀ ਨੀਤੀਆਂ ਖ਼ਿਲਾਫ਼ ਸੰਘਰਸ਼ ਜਾਰੀ ਰੱਖਣ।

ਪਾਕਿਸਤਾਨ ਹੀ ਨਹੀਂ ਬਲਕਿ ਦੁਨੀਆਂ 'ਚ ਵੱਸਣ ਵਾਲਾ ਹਰ ਪੰਜਾਬੀ ਤੁਹਾਡੇ ਨਾਲ ਖੜ੍ਹਾ ਹੈ ਪਰ ਕਿਸਾਨ ਵੀਰੋ ਇਤਿਹਾਸ ਨੂੰ ਯਾਦ ਰੱਖਿਓ ਦਿੱਲੀ ਧੋਖੇਬਾਜ ਵੀ ਬਹੁਤ ਹੈ। ਸ੍ਰ. ਜਨਮ ਸਿੰਘ ਨੇ ਜਿੱਥੇ ਯੂ.ਐਨ.ਓ ਅਤੇ ਟਰੂਡੋ ਦਾ ਪਾਰਲੀਮੈਂਟ ਵਿਚ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ 'ਤੇ ਧੰਨਵਾਦ ਕੀਤਾ ਉਥੇ ਹੀ ਉਨ੍ਹਾਂ ਦੁਨੀਆਂ ਭਰ ਦੇ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੂੰ ਅਪੀਲ ਕੀਤੀ ਕਿ ਉਹ ਵੀ ਮੋਦੀ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆ ਦੇ ਹੱਕ ਵਿਚ ਅਵਾਜ਼ ਬੁਲੰਦ ਕਰਨ ਤਾਂ ਕਿ ਅੰਨ ਦਾਤੇ ਨੂੰ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਅੱਜ ਦੇ ਦਿਨ ਸਾਨੂੰ ਉਨ੍ਹਾਂ ਖਿਡਾਰੀਆਂ ਕਵੀਆਂ ਦਾ ਵੀ ਧੰਨਵਾਦ ਕਰਨਾ ਚਾਹੀਦਾ ਹੈ ਜਿੰਨ੍ਹਾਂ ਨੇ Bharat ਦੀ ਸਰਕਾਰ ਵੱਲੋਂ ਮਿਲੇ ਬਹੁਤ ਵੱਡੇ-ਵੱਡੇ ਐਵਾਰਡਾਂ ਨੂੰ ਕਿਸਾਨਾਂ ਦੇ ਹੱਕ ਵਿੱਚ ਲੱਤ ਮਾਰ ਦਿੱਤੀ ਅਤੇ ਵਾਪਸ ਕਰ ਦਿੱਤੇ। ਕੀਰਤਨ ਦੀ ਸੇਵਾ ਗੁਰਦੁਅਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਚੂਨਾ ਮੀਡੀ ਲਾਹੌਰ ਤੋਂ ਆਏ ਭਾਈ ਮਨਿੰਦਰ ਸਿੰਘ ਜੀ ਦੇ ਜੱਥੇ ਨੇ ਰਸ-ਭਿੰਨੇ ਕੀਰਤਨ ਨਾਲ ਨਿਭਾਈ।

ਸਟੇਜ ਸੈਕਟਰੀ ਅਤੇ ਅਰਦਾਸ ਦੀ ਸੇਵਾ ਗ੍ਰੰਥੀ ਪ੍ਰੇਮ ਸਿੰਘ ਜੀ ਨੇ ਨਿਭਾਈ ਅਤੇ ਕਿਸਾਨ ਸੰਘਰਸ਼ ਦੀ ਚੜ੍ਹਦੀ ਕਲਾ ਅਤੇ ਫ਼ਤਹਿਯਾਬੀ ਲਈ ਅਰਦਾਸ ਤੋਂ ਬਾਅਦ ਰੈਲੀ ਵਿੱਚ ਟਰੈਕਟਰਾਂ ਸਹਿਤ ਬਹੁਤ ਗਿਣਤੀ ਵਿੱਚ ਸੰਗਤਾਂ ਨੇ ਹਿੱਸਾ ਲਿਆ ਜਿਸ ਵਿੱਚ ਗੁਰਦੁਆਰਾ ਸ੍ਰੀ ਜਨਮ ਅਸਥਾਨ ਦੇ ਕੇਅਰਟੇਕਰ ਅਤੀਕ ਗਿਲਾਨੀ, ਸ੍ਰ. ਮਸਤਾਨ ਸਿੰਘ ਸਾਬਕਾ ਪ੍ਰਧਾਨ (ਪੀ.ਐਸ.ਜੀ.ਪੀ.ਸੀ) ਗ੍ਰੰਥੀ ਭਾਈ ਦਇਆ ਸਿੰਘ, ਸ੍ਰ. ਤਰਨ ਸਿੰਘ ਸਾਬਕਾ ਮੈਂਬਰ (ਪੀ.ਐਸ.ਜੀ.ਪੀ.ਸੀ) ਸ੍ਰ, ਮਨਿੰਦਰ ਸਿੰਘ ਸਾਬਕਾ ਮੈਂਬਰ (ਪੀ.ਐਸ.ਜੀ.ਪੀ.ਸੀ) ਸ੍ਰ, ਸਰੂਪ ਸਿੰਘ ਮੁੱਖ ਸੇਵਾਦਾਰ ਜਲਘਰ, ਸ੍ਰ. ਬੂਟਾ ਸਿੰਘ ਗ੍ਰੰਥੀ ਕਿਆਰਾ ਸਾਹਿਬ, ਸ੍ਰ, ਚਰਨ ਸਿੰਘ ਗ੍ਰੰਥੀ ਗੁਰਦੁਆਰਾ ਮਾਲ ਜੀ ਸਾਹਿਬ, ਸ੍ਰ, ਸੁਖਬੀਰ ਸਿੰਘ ਗ੍ਰੰਥੀ ਗੁਰਦੁਆਰਾ ਬਾਲਲੀਲਾ ਸਾਹਿਬ, ਸ੍ਰ. ਹਰਭਜਨ ਸਿੰਘ ਗ੍ਰੰਥੀ ਗੁਰਦੁਆਰਾ ਪੱਟੀ ਸਾਹਿਬ, ਸ੍ਰ. ਸੰਤ ਸਿੰਘ ਗ੍ਰੰਥੀ ਗੁਰਦੁਆਰਾ ਪਾਤਸ਼ਾਹੀ ਛੇਂਵੀ, ਸ੍ਰ. ਹੀਰਾ ਸਿੰਘ ਗ੍ਰੰਥੀ ਗੁਰਦੁਆਰਾ ਤੰਬੂ ਸਾਹਿਬ। ਸਭ ਨੇ ਕਿਸਾਨਾਂ ਦੇ ਸੰਘਰਸ਼ ਦੇ ਹੱਕ ਵਿੱਚ ਨਾਹਰੇ ਲਗਾਏ।

ਬੱਚਿਆਂ ਵੱਲੋਂ ਲਗਾਏ ਗਏ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਅਤੇ ਰਾਜ ਕਰੇਗਾ ਖਾਲਸਾ ਦੇ ਜੈਕਾਰਿਆਂ ਨਾਲ ਪੂਰਾ ਬਜ਼ਾਰ ਗੂੰਜ ਰਿਹਾ ਸੀ।ਕਿਸਾਨ ਮਜ਼ਦੂਰ ਜ਼ਿੰਦਾਬਾਦ, ਕਿਸਾਨ ਮਜ਼ਦੂਰ ਏਕਤਾ ਜਿੰਦਾਬਾਦ। ਅੰਤ ਵਿੱਚ ਨਿਰਵੈਰ ਗਤਕਾ ਦਲ ਦੇ ਗੁਰੂਜੋਗਾ ਸਿੰਘ ਨੇ ਆਈ ਹੋਈ ਸਮੂੰਹ ਸੰਗਤਾਂ ਦਾ ਧੰਨਵਾਦ ਕੀਤਾ।

# ਕਿਸਾਨਾਂ ਦੇ ਹੱਕ ਵਿਚ ਹੋਏ ਕੈਲੇਫੋਰਨੀਆ ਵਿਖੇ ਹੋਏ ਵਿਸ਼ਾਲ ਪ੍ਰਦਰਸ਼ਨ ਦੀਆਂ ਤਸਵੀਰਾਂ











## ਸੈਂਟਰ ਦੀ ਸਰਕਾਰੇ ਨੀ...

ਅਸੀਂ ਪੁੱਤ ਬਾਜਾਂ ਵਾਲੇ ਦੇ, ਤੂੰ ਸਾਨੂੰ ਐਰ-ਗੈਰ ਨਾਂ ਜਾਣੀ
ਸੈਂਟਰ ਦੀ ਸਰਕਾਰੇ ਨੀਂ , ਤੈਨੂੰ ਜ਼ਰਾ ਅਕਲ ਨਾ ਆਣੀ
ਸੈਂਟਰ ਦੀ ਸਰਕਾਰੇ ਨੀ..........

ਅਸੀਂ ਅਣਖੀ ਯੋਧੇ ਹਾਂ,ਦਾਬ ਨਹੀਂ ਮੰਨਦੇ ਕਦੇ ਪੰਜਾਬੀ
ਫੌਜ ਕਲਗੀਆਂ ਵਾਲੇ ਦੀ, ਸਾਡੇ ਕੋਲ ਹੈ ਲਾ-ਜਵਾਬੀ
ਸਿੰਘਾਂ ਸਰਦਾਰਾਂ ਨੇ , ਕੋਈ
ਨਹੀਂ ਛੱਡਿਆ ,ਤੇਰਾ ਹਾਣੀ
ਸੈਂਟਰ ਦੀ ਸਰਕਾਰੇ ਨੀ..........

ਰਾਹ ਨਹੀਂ ਭੱਜਣਾ ਲੱਭਣੇ ਨੂੰ ,ਖਾਲਸਾ ਦਿਨੇ ਵਿਖਾ ਦਿਉ ਤਾਰੇ
ਚੜਦੀ ਕਲਾ ਖਾਲਸੇ ਦੀ ,ਪਾਪਣੇ ਹੋ ਜਾਊ ਪਾਸੇ ਚਾਰੇ
ਇਕ -ਦਿਨ ਐਸਾ ਆਉਣਾ ਏ
ਭੋਲੀਏ, ਤੂੰਹੀਂ ਮੂੰਹ ਦੀ ਖਾਣੀ
ਸੈਂਟਰ ਦੀ ਸਰਕਾਰੇ ਨੀ..........

ਪੁੱਠਾ ਤੂੰ ਪੰਗਾਂ ਲੈ ਲਿਆ ਨੀ ਚੰਦਰੀਏ, ਸਿੰਘਾਂ ਨੂੰ ਹੱਥ ਪਾ ਕੇ
ਸਿੰਘਾਂ ਨੂੰ ਮਾਰਨ ਲਈ ਬੈਠ ਗਈ ,ਸਾਰੇ ਤੱਥ ਛੁਪਾ ਕੇ
ਉਹ ਵੀ ਦਿਨ ਦੂਰ ਨਹੀਂ,
ਜਦੋਂ ਤੇਰੀ ਹੋਜੂ ਖ਼ਤਮ ਕਹਾਣੀ
ਸੈਂਟਰ ਦੀ ਸਰਕਾਰੇ ਨੀ..........

ਹੁਣ ਤੇਰੀ ਖੈਰ ਨਹੀਂ,ਅਸੀਂ ਤਾਂ ਤਲੀ ਤੇ ਜਾਨ ਟਿੱਕਾ ਲਈ
ਤੇਰੇ ਦਰ ਤੇ ਆ ਗਏ ਹਾਂ ,ਅਸੀਂ ਤੇ ਇਕੋ ਗਲ ਮੁਕਾ ਲਈ
ਕੇਂਦਰ ਦੀ ਸਰਕਾਰੇ ਨੀਂ ,
ਤੇਰਾ ਮੁਕ ਗਿਆ ਦਾਣਾ-ਪਾਣੀ
ਸੈਂਟਰ ਦੀ ਸਰਕਾਰੇ ਨੀ..........

ਮਰਨਾ ਤੇ ਇਕ -ਦਿਨ ਏ,ਚੰਦਰੀਏ ਰੋਜ-ਰੋਜ ਨਹੀਂ ਮਰਨਾ
ਸਿਖਿਆ ਕਲਗੀਆਂ ਵਾਲੇ ਦੀ ,ਅਸਾਂ ਹੁਣ ਮਾਫ਼ ਤੈਨੂੰ ਨਹੀਂ ਕਰਨਾ
ਪੁੱਤ ਬਾਜਾਂ ਵਾਲੇ ਦੇ,
ਦਿਲਾਂ ਵਿੱਚ ਫਿਰਦੇ ਨੇ ਹੁਣ ਠਾਣੀ
ਸੈਂਟਰ ਦੀ ਸਰਕਾਰੇ ਨੀ..........

ਹੁਣ ਤਕੜੀ ਹੋਜਾ ਨੀ,ਖਾਲਸਾ ਸੌ ਦੀ ਇੱਕ ਸੁਣਾਵੇ
ਜਗਜੀਤ ਮੁਕਤਸਰੀ ਵੀ ਨਾ ਆਪਣਾ ,ਤੈਨੂੰ ਹੁਣ ਬਣਾਵੇ
ਘੁੱਟ ਸਬਰ ਦਾ ਪੀ ਕੇ ਨੀ ਅਸੀਂ ਤਾਂ,
ਪੜਦੇ ਗੁਰਾਂ ਦੀ ਬਾਣੀ
ਸੈਂਟਰ ਦੀ ਸਰਕਾਰੇ ਨੀ..........

**ਜਗਜੀਤ ਮੁਕਤਸਰੀ**
**91-94175-62053**

## ਕੱਠੇ ਹੋ ਗਏ ਮਜ਼ਦੂਰ ਤੇ ਕਿਸਾਨ

ਕੱਠੇ ਹੋ ਗਏ ਮਜ਼ਦੂਰ ਤੇ ਕਿਸਾਨ ਵੇਖ ਦਿੱਲੀਏ।
ਠੱਲ੍ਹਿਆ ਨਹੀਂ ਜਾਣਾ ਏਹ ਤੂਫਾਨ ਵੇਖ ਦਿੱਲੀਏ।

ਚਾਂਭਲੀ ਗਰੀਬਾਂ ਦੇ ਤੂੰ ਹੱਕ ਖੋਹਣ ਡਹੀਂ ਏਂ।
ਸੇਠਾਂ ਤੇ ਧਨਾਢਾਂ ਦਾ ਤੂੰ ਪੱਖ ਪੂਰਾ ਰਹੀਂ ਏਂ।
ਤੇਰੇ ਜੁੰਡਲੀ ਦੇ ਯਾਰ ਜੋ ਸ਼ੈਤਾਨ ਵੇਖ ਦਿੱਲੀਏ।
ਠੱਲ੍ਹਿਆ ਨਹੀਂ ਜਾਣਾ ਏਹ ਤੂਫਾਨ ਵੇਖ ਦਿੱਲੀਏ।


ਜਾਹ ਨੀ ਭੈੜੀਏ, ਬੇਸ਼ਰਮੇ ਜ਼ਮੀਰ ਮਰੀ ਵਾਲੀਏ।
ਜਾਹ ਝੂਠੀਏ ਫਰੇਬਣੇ ਨੀ ਦਿਲਾਂ ਦੀਏ ਕਾਲੀਏ।
ਕੀਤੇ ਲੋਕ ਡਾਹਢੇ ਤੰਗ ਪਰੇਸ਼ਾਨ ਵੇਖ ਦਿੱਲੀਏ।
ਠੱਲ੍ਹਿਆ ਨਹੀਂ ਜਾਣਾ ਏਹ ਤੂਫਾਨ ਵੇਖ ਦਿੱਲੀਏ।

ਟੈਂਅ ਨਹੀਂ ਮੰਨਦੇ ਇਹ ਗੁਰੂ ਦਸਮੇਸ਼ ਦੇ ਦੁਲਾਰੇ।
ਬਾਬਾ ਬੰਦਾ ਸਿੰਹੁ ਦੇ ਪੁੱਤ ਧੀਆਂ ਕੱਠੇ ਹੋਕੇ ਸਾਰੇ।
ਆਗੇ ਤੋੜਨ ਘੁਮੰਡ ਤੇ ਗੁਮਾਨ ਵੇਖ ਦਿੱਲੀਏ।
ਠੱਲ੍ਹਿਆ ਨਹੀਂ ਜਾਣਾ ਏਹ ਤੂਫਾਨ ਵੇਖ ਦਿੱਲੀਏ।

ਆਪਾ "ਕਰੋ ਤੇ ਜਾਂ ਮਰੋ" ਲਈ ਤਿਆਰ ਕਰਕੇ।
ਤੇਰੀ ਹਿੱਕ ਤੇ ਆ ਚੜ੍ਹੇ ਰੋਕਾਂ ਪਾਰ ਕਰਕੇ।
ਜੋਰ ਠੰਡ ਵਿਚ ਬੁੱਕਦੇ ਜੁਆਨ ਵੇਖ ਦਿੱਲੀਏ।
ਠੱਲ੍ਹਿਆ ਨਹੀਂ ਜਾਣਾ ਏਹ ਤੂਫਾਨ ਵੇਖ ਦਿੱਲੀਏ।

ਢਾਹ ਜ਼ੁਲਮ ਨਾ, ਭੋਲੇ ਭਾਲੇ ਲੋਕ ਨਹੀਂ ਬਿਗਾਨੇ।
ਸਾਡਾ ਪਰਖ ਸਬਰ ਨਾ ਨੀ ਭੈੜੀਏ ਸ਼ੈਤਾਨੇ।
"ਲਾਲ" ਲੋਕਤਾ ਦਾ ਉਠਿਆ ਉਫਾਨ ਵੇਖ ਦਿੱਲੀਏ।
ਠੱਲ੍ਹਿਆ ਨਹੀਂ ਜਾਣਾ ਏਹ ਤੂਫਾਨ ਵੇਖ ਦਿੱਲੀਏ।

**-ਲਾਲ ਸਿੰਘ ਸੁਲਹਾਣੀ**
**91-98721-55120**



## ਸਹਿਕਦਿਆਂ ਨੂੰ ਆਇਆ ਸਾਹ

ਸਹਿਕਦਿਆਂ ਨੂੰ ਆਇਆ ਸਾਹ
ਆਇਆ ਨਾਨਕ ਜਦ ਮਲਾਹ
ਧਾੜੀ ਲੁੱਟਣ ਕੱਟਣ ਵਸਣ
ਤੌਹੀਨ ਭਰੇ ਆਵਾਜ਼ੇ ਕੱਸਣ
ਬੁਜ਼ਦਿਲਾਂ ਤੇ ਉਚੀ ਹੱਸਣ
ਡਰਦੇ ਲੋਕੀ ਲੁਕਣ ਨੱਸਣ
ਲੁਕਣ ਲਈ ਨਾ ਲੱਭੇ ਰਾਹ
ਸਹਿਕਦਿਆਂ ਨੂੰ ਆਇਆ ਸਾਹ
ਆਇਆ ਨਾਨਕ ਜਦ ਮਲਾਹ

ਭਾਰਤ ਹੈ ਸੀ ਐਸਾ ਦੇਸ
ਹਰ ਚਿੱਟੇ ਭਗਵੇਂ ਵੇਸ
ਕਿਸ ਤਰ੍ਹਾਂ ਦੇ ਹੋਣ ਉਪਦੇਸ
ਉਪਦੇਸਾਂ ਨੇ ਰੂਹ ਦਿੱਤੀ ਮੇਸ
ਦੁਨੀਆਂ ਤੱਕੀ ਉਸਨੇ ਗਾਹ
ਸਹਿਕਦਿਆਂ ਨੂੰ ਆਇਆ ਸਾਹ
ਆਇਆ ਨਾਨਕ ਜਦ ਮਲਾਹ।

ਤੱਕੇ ਢਾਣੇ ਤੱਕੀ ਢਾਣੀ
ਸੂਟੇ-ਚਿਲਮਾਂ ਹੁੱਕਾ ਪਾਣੀ
ਤੱਕਕੇ ਉਹਨੇ ਨਬਜ਼ ਪਛਾਣੀ
ਨਬਜ਼ ਪਛਾਣ ਉਚਰੀ ਬਾਣੀ
ਜਿਸ ਬਾਣੀ ਦੇ ਅਰਥ ਅਥਾਹ
ਸਹਿਕਦਿਆਂ ਨੂੰ ਆਇਆ ਸਾਹ
ਆਇਆ ਨਾਨਕ ਜਦ ਮਲਾਹ।

ਰਾਜਿਆਂ ਨਾਲ ਅੱਖ ਲਗਾਈ
ਅੱਖ ਲਗਾ ਕੇ ਨਿਹ ਕਸਾਈ
ਜਨਤਾ ਤੜਪੇ ਹਾਲ ਦੁਹਾਈ
ਬੰਦੀ ਬੰਦੇ ਨੇ ਪੱਤ ਗਵਾਈ
ਰੱਬ ਅੱਗੇ ਜਾ ਕੱਢੀ ਹਾਅ
ਸਹਿਕਦਿਆਂ ਨੂੰ ਆਇਆ ਸਾਹ
ਆਇਆ ਨਾਨਕ ਜਦ ਮਲਾਹ।

ਜੀਵਨ ਦੇ ਭੇਤ ਉਸ ਖੋਲ੍ਹੇ
ਸੋਚਾਂ ਸੱਭੇ ਵਹੀਆਂ ਫੋਲੇ
ਡਿਠੇ ਸੱਭੇ ਵਾ ਵਰੋਲੇ
ਕਿਵੇਂ ਜੀਣਾ ਮੂੰਹੋਂ ਬੋਲੇ
ਜੀਂਦਿਆਂ ਹੋ ਕੇ ਰਹੋ ਫਨਾਹ
ਸਹਿਕਦਿਆਂ ਨੂੰ ਆਇਆ ਸਾਹ
ਆਇਆ ਨਾਨਕ ਜਦ ਮਲਾਹ

ਧਨਾਢਾਂ ਦੇ ਉਸ ਖੋਲ੍ਹੇ ਪਾਜ਼
ਪਿੰਜਣ ਕਿਰਤੀ ਕਰਦੇ ਰਾਜ
ਅੰਨ ਦਿੰਦੇ ਦੇਣ ਚੀਜ਼ਾਂ ਸਾਜ਼
ਫਿਰ ਵੀ ਰਹੇ ਨਾ ਉਨ੍ਹਾਂ ਦੀ ਲਾਜ
ਰੱਖਣਾ ਸਿਰ ਉਹਨਾਂ ਦੇ ਤਾਜ
ਆਖੇ ਨਾਨਕ ਖੜ੍ਹਾ ਗਵਾਹ
ਆਊ ਸਭ ਨੂੰ ਸੌਖਾ ਸਾਹ
ਆਇਆ ਨਾਨਕ ਅੱਜ ਮਲਾਹ।

**-ਉਂਕਾਰ ਸਿੰਘ ਡੁਮੇਲੀ**

## ਮਨ ਕੀ ਬਾਤ

ਹੱਕ ਲੈਣੇ ਨੇ ਆਪਣੇ,ਨਹੀਂ ਡਰਾਵਣ ਆਏਂ ਆਂ।
ਤੈਨੂੰ ਮੋਦੀ ਆਪਣੇ ਮਨ ਕੀ ਬਾਤ ਸੁਣਾਵਣ ਆਏਂ ਆਂ।
ਸਾਨੂੰ ਦੂਰ ਨਹੀਂ ਏਂ ਦਿੱਲੀ।
ਦਵੇ ਝੁਕਾਨੀ ਬਣ ਕੇ ਬਿੱਲੀ।
ਸਾਨੂੰ ਨੱਪਣੀ ਆਉਂਦੀ ਕਿੱਲੀ।
ਤਖਤ ਹਿਲਾਵਣ ਆਏਂ ਆਂ।
ਤੈਨੂੰ ਮੋਦੀ ਆਪਣੇ ਮਨ ਕੀ ਬਾਤ ਸੁਣਾਵਣ ਆਏਂ ਆਂ।
ਲੈਣੇ ਹੱਕ ਠੋਕ ਕੇ ਛਾਤੀ।
ਪਿੱਛੇ ਮੁੜਨੇ ਨਹੀ ਬਰਾਤੀ।
ਤੂੰ ਵੀਂ ਮਾਰ ਲੈ ਅੰਦਰ ਝਾਤੀ।
ਮੰਗ ਵਿਆਹਵਣ ਆਏਂ ਆਂ।
ਤੈਨੂੰ ਮੋਦੀ ਆਪਣੇ ਮਨ ਕੀ ਬਾਤ ਸੁਣਾਵਣ ਆਏਂ ਆਂ।
ਕਈ ਵਾਰ ਸਿੰਘਾਂ ਨੇ ਜਿੱਤੀ।
ਫੜਕੇ ਵਿੱਚ ਦਾਨ ਦੇ ਦਿੱਤੀ।
ਪਾਉਂਦੀ ਰਹਿੰਦੀ ਵਿੱਚ ਦੋਚਿੱਤੀ।
ਇਹ ਸੋਚ ਮਿਟਾਵਣ ਆਏਂ ਆਂ।
ਤੈਨੂੰ ਮੋਦੀ ਆਪਣੇ ਮਨ ਕੀ ਬਾਤ ਸੁਣਾਵਣ ਆਏਂ ਆਂ।
ਘੜ੍ਹਦੀ ਕਾਨੂੰਨ ਰਹਿੰਦੀ ਏ ਕਾਲ਼ੇ।
ਅੰਦਰੋਂ ਕਰਦੀ ਘਾਲ਼ੇ ਮਾਲ਼ੇ।
ਜੰਮੇ ਇਹਦੇ ਕੰਨਾਂ 'ਤੇ ਜਾਲ਼ੇ।
ਅੱਜ ਹਟਾਵਣ ਆਏਂ ਆਂ।
ਤੈਨੂੰ ਮੋਦੀ ਆਪਣੇ ਮਨ ਕੀ ਬਾਤ ਸੁਣਾਵਣ ਆਏਂ ਆਂ।
ਸਾਨੂੰ ਰਹੇਂ ਸਮਝਦੀ ਝੁੱਡੂ।
ਪੁੱਟਣਾ ਆਉਂਦਾ ਸਾਨੂੰ ਮੁੱਢੂ।
ਰਹੀਂ ਬੱਚਕੇ ਸਾਥੋਂ ਗੁੱਡੂ।
ਪੈਰ ਖਿੜ੍ਹਕਾਵਣ ਆਏਂ ਆਂ।
ਤੈਨੂੰ ਮੋਦੀ ਆਪਣੇ ਮਨ ਕੀ ਬਾਤ ਸੁਣਾਵਣ ਆਏਂ ਆਂ।
ਤੇਰੀਆਂ ਮਨਘੜ੍ਹਤ ਦਲੀਲਾਂ।
ਸਾਡੀਆਂ ਸੁਣਦੀ ਨਹੀਂ ਅਪੀਲਾਂ।
ਡੱਕਕੇ ਸੋਚ ਤੇਰੀ ਦੀਆਂ ਝੀਲਾਂ।
ਨੱਕੇ ਲਾਵਣ ਆਏਂ ਆਂ।
ਤੈਨੂੰ ਮੋਦੀ ਆਪਣੇ ਮਨ ਕੀ ਬਾਤ ਸੁਣਾਵਣ ਆਏਂ ਆਂ।
ਏਦਾਂ ਹੋਇਆ ਨਹੀਂ ਪਹਿਲੀ ਵਾਰੀ।
ਕਰਦੀ ਮੁੱਢ ਤੋਂ ਕਾਲ ਬਾਜ਼ਾਰੀ।
ਅੱਜ ਤੇਰੀ ਮੱਤ ਫੇਰ ਗਈ ਮਾਰੀ।
ਝਟਕੇ ਲਾਵਣ ਆਏਂ ਆਂ।
ਤੈਨੂੰ ਮੋਦੀ ਆਪਣੇ ਮਨ ਕੀ ਬਾਤ ਸੁਣਾਵਣ ਆਏਂ ਆਂ।
ਤੈਨੂੰ ਯਾਦ ਕਰਾਉਂਣੀ ਨਾਨੀ।
ਕਾਹਤੋਂ ਲੈਂਦੀ ਏਂ ਕੁਰਬਾਨੀ।
ਸੁਭਾਅ ਜੱਟ ਦਾ ਮੁੱਢ ਤੋਂ ਦਾਨੀਂ।
ਸਬਕ ਸਿਖਾਵਣ ਆਏਂ ਆਂ।
ਤੈਨੂੰ ਮੋਦੀ ਆਪਣੇ ਮਨ ਕੀ ਬਾਤ ਸੁਣਾਵਣ ਆਏਂ ਆਂ।
ਮੁੜਨਾ ਫਤਹਿ ਮੰਗਾਂ 'ਤੇ ਪਾ ਕੇ।
ਘੇਰਾ ਪਾ ਲਿਆ ਦਿੱਲੀ ਨੂੰ ਆ ਕੇ।
ਜਾਣਾਂ ਸਾਨ੍ਹ ਭੂਤਰਿਆ ਢਾਹ ਕੇ।
ਧੌਣ ਦਬਾਵਣ ਆਏਂ ਆਂ।
ਤੈਨੂੰ ਮੋਦੀ ਆਪਣੇ ਮਨ ਕੀ ਬਾਤ ਸੁਣਾਵਣ ਆਏਂ ਆਂ।
ਜਾਣੇ ਤੇਰੇ ਪਾਸੇ ਭੰਨਕੇ।
ਆਏਂ ਆਂ ਸਿਰ 'ਤੇ ਖੱਫਣ ਬੰਨ੍ਹਕੇ।
ਰਹੇਂਗੀ ਸੰਧੂ ਦੀਆਂ ਗੱਲਾਂ ਮੰਨਕੇ।
ਆਕੜ ਲਾਹਵਣ ਆਏਂ ਆਂ।
ਤੈਨੂੰ ਮੋਦੀ ਆਪਣੇ ਮਨ ਕੀ ਬਾਤ ਸੁਣਾਵਣ ਆਏਂ ਆਂ।



**- ਸ਼ਿਨਾਗ ਸਿੰਘ ਸੰਧੂ**
**91-97816-93300**

## ਰੇਲ ਗੱਡੀ



ਛੁਕ - ਛੁਕ ਕਰਦੀ ਆਉਂਦੀ ਰੇਲ,
ਚੱਲਣ ਨੂੰ ਮੰਗੇ ਬਿਜਲੀ ਅਤੇ ਤੇਲ।
ਗੋਰਿਆਂ ਇਸਦੀ ਕਰਕੇ ਸ਼ੁਰੂਆਤ,
ਘੱਟ ਸਮੇਂ 'ਚ ਮੁਕਾਈ ਲੰਬੀ ਵਾਟ।
ਅਠਾਰਾਂ ਸੌ ਤਰਵੰਜਾਂ ਦੀ ਇਹ ਗੱਲ,
ਸਾਡੇ ਚਲਾਈ ਬੰਬਈ ਤੋਂ ਥਾਣੇ ਵੱਲ।
ਗਾਰਡ ਜਦ ਹਰੀ ਝੰਡੀ ਦਿਖਾਉਂਦਾ,
ਡਰਾਈਵਰ ਰੇਲ ਨੂੰ ਫੇਰ ਚਲਾਉਂਦਾ।
ਟੀ ਡੱਬਿਆਂ ਵਿੱਚ ਕੱਢਦਾ ਗੇੜੇ,
ਦੰਡ ਵਸੂਲੇ ਬਿਨ ਟਿਕਟ ਤੋਂ ਜਿਹੜੇ।
ਇਸਦੇ ਅੱਡੇ ਨੂੰ ਕਹਿੰਦੇ ਨੇ ਜੰਕਸ਼ਨ,
ਕਰਦੀਆਂ ਕਈ ਕਿਸਮ ਦੇ ਫੰਕਸ਼ਨ।
ਮਾਲ ਗੱਡੀਆਂ ਢੋਅਦੀਆਂ ਨੇ ਸਮਾਨ,



ਯਾਤਰੂ ਗੱਡੀ 'ਚ
ਬੰਦੇ ਆਉਂਣ ਜਾਣ।
ਬੱਚਿਓ ਟਰੇਨ ਵਿੱਚ
ਕਰਕੇ ਸਵਾਰੀ,
ਬੰਦਾ ਕੁਦਰਤ ਨਾਲ ਲਾਉਂਦਾ ਯਾਰੀ।

**- ਚਮਨਦੀਪ ਸ਼ਰਮਾ**
**91-95010 33005**

# ਮਸ਼ੀਨੀਕਰਨ ਦੇ ਯੁੱਗ 'ਚ ਲੁਪਤ ਹੋ ਚੱਲੇ 'ਮਿੱਟੀ ਵਾਲੇ ਚੁੱਲ੍ਹੇ'

ਅਜੋਕੇ ਤੇਜ਼ ਰਫ਼ਤਾਰ ਤੇ ਮਸ਼ੀਨੀਕਰਨ ਦੇ ਯੁੱਗ 'ਚ ਮਿੱਟੀ ਵਾਲੇ ਚੁੱਲ੍ਹਿਆਂ ਦੀ ਕਦਰ ਘਟਦੀ ਜਾ ਰਹੀ ਹੈ। ਇਨ੍ਹਾਂ ਦੀ ਜਗ੍ਹਾਂ ਹੁਣ ਗੈਸੀ ਤੇ ਬਿਜਲਈ ਚੁੱਲ੍ਹਿਆ ਨੇ ਲੈ ਲਈ ਹੈ। ਪੰਜਾਬੀ ਸੱਭਿਆਚਾਰ 'ਚ ਆਪਣੀ ਵਿਸ਼ੇਸ਼ ਥਾਂ ਰੱਖਣ ਵਾਲਾ ਮਿੱਟੀ ਵਾਲਾ ਚੁੱਲ੍ਹਾ ਹੁਣ ਬੀਤੇ ਸਮੇਂ ਦੀਆਂ ਗੱਲਾਂ ਬਣਦਾ ਜਾ ਰਿਹਾ ਹੈ। ਚੁੱਲ੍ਹੇ ਬਣਾ ਕੇ ਗੁਜ਼ਾਰਾ ਕਰਨ ਵਾਲੇ ਕਾਰੀਗਰ ਵੀ ਹੁਣ ਟਾਂਵੇ-ਟਾਂਵੇ ਤੇ ਉਂਗਲਾਂ 'ਤੇ ਗਿਣਨ ਜੋਗੇ ਰਹਿ ਗਏ ਹਨ। ਚੁੱਲ੍ਹੇ ਕਿਸ ਤਰ੍ਹਾਂ ਬਣਾਏ ਜਾਂਦੇ ਹਨ, ਆਓ ਤੁਹਾਨੂੰ ਉਸ ਦੀ ਬਣਤਰ ਬਾਰੇ ਦੱਸਦੇ ਹਾਂ। ਚੁੱਲ੍ਹਾ ਬਣਾਉਣ ਲਈ ਸਭ ਤੋਂ ਪਹਿਲਾਂ ਮਿੱਟੀ ਦੀ ਲੋੜ ਪੈਂਦੀ ਹੈ। ਪਹਿਲਾ ਚੰਗੀ ਕਾਲੀ ਚਿਉਕਣੀ ਮਿੱਟੀ ਪਿੰਡ ਵਿਚੋਂ ਜਾਂ ਨੇੜੇ-ਤੇੜੇ ਦੇ ਪਿੰਡਾਂ ਵਿਚੋਂ, ਜਿਥੋਂ ਵੀ ਮਿਲਦੀ ਹੈ, ਉਸ ਨੂੰ ਚੁੱਲ੍ਹੇ ਤਿਆਰ ਕਰਨ ਵਾਲੀ ਥਾਂ 'ਤੇ ਲਿਆਉਂਦੇ ਹਨ। ਫਿਰ ਉਸ ਮਿੱਟੀ 'ਚ ਤੂੜੀ ਮਿਲਾ ਕੇ ਘਾਣੀ ਤਿਆਰ ਕੀਤੀ ਜਾਂਦੀ ਹੈ। ਜਣ ਘਾਣੀ ਚੰਗੀ ਤਰ੍ਹਾਂ ਤਿਆਰ ਹੋ ਕੇ ਮੱਖਣ ਦੀ ਤਰ੍ਹਾ ਮਲਾਇਮ ਹੋ ਜਾਂਦੀ ਹੈ ਫਿਰ ਇਸ ਤੋਂ ਬਾਅਦ ਟੁੱਟੇ ਹੋਏ ਘੜੇ ਦਾ ਹੇਠਲਾ ਅੱਧ ਹਿੱਸਾ ਲਿਆ ਜਾਂਦਾ ਹੈ, ਫਿਰ ਉਸ ਉੱਪਰ ਚੁੱਲ੍ਹਾ ਬਣਾਉਣਾ ਸ਼ੁਰੂ ਕੀਤਾ ਜਾਂਦਾ ਹੈ। ਇਸ ਟੁੱਟੇ ਹੋਏ ਘੜੇ ਉੱਪਰ ਰੋਜਾਨਾ ਮਿੱਟੀ ਦੇ ਨਿੱਕੇ-ਨਿੱਕੇ ਵਾਰ ਦੇ ਦੇ ਕ ਤਿਆਰ ਜਾਂਦਾ ਹੈ। ਪਹਿਲਾਂ ਚੁੱਲ੍ਹੇ ਦਾ ਉਨ੍ਹਾਂ ਕੁ ਹਿੱਸਾ ਬਣਾਇਆ ਜਾਂਦਾ ਹੈ, ਜਿਨ੍ਹਾਂ ਖੜ੍ਹਾ ਰਹਿ ਸਕੇ। ਇਹ ਵਾਰ ਬੜੇ ਧਿਆਨ ਨਾਲ ਦਿੱਤੇ ਜਾਂਦੇ ਹਨ ਤਾਂ ਕਿ ਚੁੱਲ੍ਹੇ ਵਿੱਚ ਚਿੱਬ ਨਾ ਪੈ ਜਾਣ। ਚੁੱਲ੍ਹੇ ਦੇ ਪਿੱਛੇ ਅਤੇ ਅੱਗੇ ਖੜੋ ਕੇ ਇਹ ਵੇਖਿਆ ਜਾਂਦਾ ਹੈ ਕਿ ਕੋਈ ਪਾਸਾ ਵੱਡਾ-ਛੋਟਾ ਤਾਂ ਨਹੀਂ ਜਾਂ ਚੁੱਲ੍ਹਾ ਟੇਢਾ-ਮੇਢਾ ਤਾਂ ਨਹੀਂ। ਜੇ ਕਿਸੇ ਪਾਸੇ ਤੋਂ ਚੁੱਲ੍ਹਾ ਟੇਢਾ-ਮੇਢਾ ਹੋਵੇ ਤਾਂ ਉਸ ਨੂੰ ਠੀਕ ਕੀਤਾ ਜਾਂਦਾ ਹੈ। ਫਿਰ ਚੰਗੀ ਤਰ੍ਹਾਂ ਗੁੰਨੀ ਹੋਈ ਮਿੱਟੀ ਨਾਲ ਚੁੱਲ੍ਹੇ ਦੇ ਦੋਹਾਂ ਬੰਨਿਆਂ 'ਤੇ ਮੋਰਨੀਆਂ, ਘੁੱਗੀਆਂ, ਗਟਾਰਾਂ, ਫੁੱਲ-ਬੂਟੇ ਅਤੇ ਹੋਰ ਅਕ੍ਰਿਤੀਆਂ ਬਣਾਈਆਂ ਜਾਂਦੀਆਂ ਹਨ। ਫਿਰ ਇਸ ਨੂੰ ਸੁੱਕਣ ਲਈ ਧੁੱਪੇ ਰੱਖ ਦਿੱਤਾ ਜਾਂਦਾ ਹੈ। ਜਦੋਂ ਨਵਾਂ ਬਣਾਇਆ ਹੋਇਆ ਚੁੱਲ੍ਹਾ ਚੰਗੀ ਤਰ੍ਹਾਂ ਸੁੱਕ ਜਾਂਦਾ ਹੈ, ਫਿਰ ਇਸ ਉੱਪਰ ਪਾਂਡੂ ਮਿੱਟੀ ਦਾ ਪਰੋਲਾ ਫੇਰ ਦਿੱਤਾ ਜਾਂਦਾ ਹੈ ਤੇ ਫਿਰ ਇਸ ਨੂੰ ਚੌਂਕੇ ਵਿਚ ਲਿਜਾ ਕੇ ਜੜ੍ਹ ਲਿਆ ਜਾਂਦਾ ਹੈ।



ਚੁੱਲ੍ਹੇ ਬਣਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ, ਬਹੁਤ ਸਮਾਂ ਲਾ ਕੇ ਸੋਹਦੀ ਦਿੱਖ ਵਾਲਾ ਤੇ ਮਜਬੂਤ ਚੁੱਲ੍ਹਾ ਬਣਦਾ ਹੈ। ਚੁੱਲ੍ਹੇ ਬਣਾਉਣਾ ਵੀ ਇਕ ਕਲਾ ਹੈ। ਮਾਤਾ ਹਰਜੀਤ ਕੌਰ ਨੂੰ ਇਹ ਹਸਤ ਕਲਾ ਦਾ ਖਜ਼ਾਨਾ ਆਪਣੇ ਵਿਰਸੇ 'ਚੋਂ ਮਿਲਿਆ। ਵਧੀਆਂ ਲੋੜਾਂ ਅਤੇ ਬਜ਼ਾਰ ੂ ਸੱਭਿਆਚਾਰ ਦੀ ਤਰੱਕੀ 'ਚ ਅੱਜ ਸਭ ਹਸਤ ਕਲਾਵਾਂ ਮਸ਼ੀਨੀਕਰਨ ਦੀ ਭੇਂਟ ਚੜ੍ਹ ਰਹੀਆਂ ਹਨ। ਹਰ ਖੇਤਰ ਵਿਚ ਹੱਥ ਨਾਲ ਕੀਤਾ ਜਾਣ ਵਾਲਾ ਕੰਮ ਮਸ਼ੀਨਾਂ ਦੁਆਰਾ ਕੀਤਾ ਜਾ ਰਿਹਾ ਹੈ। ਅਜੌਕੀ ਪੀੜ੍ਹੀ ਵੀ ਹੱਥੀ ਕੰਮ ਸਿੱਖਣ ਨੂੰ ਤਰਜੀਹ ਨਹੀਂ ਦੇ ਰਹੀ। ਪਹਿਲਾਂ ਲੋਕਾਂ ਦੁਆਰਾ ਹੱਥੀਂ ਕੰਮ ਕਰਨ ਨੂੰ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਸੀ। ਜਿਵੇਂ ਹੋਰ ਬਹੁਤ ਸਾਰੀਆਂ ਹਸਤ ਕਲਾਵਾਂ ਜਿਵੇਂ ਕੰਧ ਚਿੱਤਰ ਬਣਾਉਣੇ, ਦਰੀਆਂ, ਖੇਸ, ਚਾਦਰਾਂ ਬੁਣਨਾ, ਲੱਕੜ 'ਤੇ ਮੀਨਾਕਾਰੀ ਕਰਨੀ, ਮੂਰਤੀਕਾਰੀ ਆਦਿ ਹਸਤ ਕਲਾਵਾਂ ਖਤਮ ਹੋ ਰਹੀਆਂ ਹਨ, ਉਸੇ ਤਰ੍ਹਾਂ ਚੁੱਲ੍ਹੇ ਬਣਾਉਣ ਵਾਲੀ ਇਹ ਹਸਤ ਕਲਾ ਵੀ ਸਮੇਂ ਦੀ ਧੂੜ 'ਚ ਲੁਪਤ ਹੁੰਦੀ ਜਾ ਰਹੀ ਹੈ।



**ਤਸਵਿੰਦਰ ਸਿੰਘ ਬੜੈਚ**
**91-98763-22677**

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets



Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





INDIA BAZAAR




INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

# ਸਿੱਖੀ ਨੂੰ ਲੱਗ ਰਹੀ ਢਾਹ ਪੁਰ ਚਿੰਤਾ, ਪਰ



ਜਸਵੰਤ ਸਿੰਘ 'ਅਜੀਤ'
91 9 827-19890

ਸਮੇਂ-ਸਮੇਂ ਸਿੱਖ ਆਗੂਆਂ ਵਲੋਂ ਸਿੱਖੀ ਨੂੰ ਲਗ ਰਹੀ ਢਾਹ ਪੁਰ ਚਿੰਤਾ ਪ੍ਰਗਟ ਕੀਤੀ ਜਾਂਦੀ ਰਹਿੰਦੀ ਹੈ। ਇਸਦੇ ਨਾਲ ਹੀ ਸਿੱਖੀ ਨੂੰ ਲਗ ਰਹੀ ਢਾਹ ਨੂੰ ਠਲ੍ਹ ਪਾਣ ਅਤੇ ਲਗ ਚੁਕੀ ਢਾਹ ਵਿਚੋਂ ਉਭਰਨ ਲਈ ਗੰਭੀਰ ਵਿਚਾਰ-ਵਟਾਂਦਰੇ ਵੀ ਕੀਤੇ ਜਾਂਦੇ ਰਹਿੰਦੇ ਹਨ। ਇਨ੍ਹਾਂ ਵਿਚਾਰ-ਵਟਾਂਦਰਿਆਂ ਦੌਰਾਨ ਰਾਹ ਵੀ ਤਲਾਸ਼ੇ ਜਾਂਦੇ ਹਨ ਤੇ ਸਾਧਨ ਵੀ। ਪ੍ਰੰਤੂ ਗਲ ਇਸ ਤੋਂ ਅਗੇ ਨਹੀਂ ਵੱਧ ਪਾਂਦੀ। ਇਸਦਾ ਕਾਰਣ ਇਹ ਹੈ ਕਿ ਜੋ ਰਾਹ ਤਲਾਸ਼ੇ ਗਏ ਹੁੰਦੇ ਹਨ ਤੇ ਸਾਧਨ ਵਰਤੇ ਜਾਣੇ ਹੁੰਦੇ ਹਨ, ਉਹ ਧਾਰਮਕ ਸੰਸਥਾਵਾਂ ਦੇ ਮੁੱਖੀਆਂ ਨੂੰ ਸਹਿਜ ਨਹੀਂ ਜਾਪਦੇ। ਇਨ੍ਹਾਂ ਦੇ ਮੁਕਾਬਲੇ ਕੀਰਤਨ ਦਰਬਾਰ ਅਤੇ ਗੁਰਮਤਿ ਸਮਾਗਮ ਕਰਵਾਉਣੇ ਉਨ੍ਹਾਂ ਲਈ ਬਹੁਤ ਹੀ ਸਹਿਜ ਹੁੰਦੇ ਹਨ।

ਇਸ ਗਲ ਬਾਰੇ ਕਦੀ ਵੀ ਸੋਚ-ਵਿਚਾਰ ਨਹੀਂ ਕੀਤੀ ਜਾਂਦੀ ਕਿ ਕੀਰਤਨ ਦਰਬਾਰਾਂ ਅਤੇ ਗੁਰਮਤਿ ਸਮਾਗਮਾਂ ਵਿਚ ਉਹ ਨੌਜਵਾਨ ਆਉਂਦੇ ਹੀ ਨਹੀਂ ਜੋ ਸਿੱਖੀ ਵਿਰਸੇ ਨਾਲੋਂ ਟੁੱਟ ਚੁਕੇ ਹੁੰਦੇ ਹਨ ਅਤੇ ਰੋਜ਼ ਦਿਨ ਪੈਦਾ ਕੀਤੇ ਜਾ ਰਹੇ ਨਵੇਂ ਤੋਂ ਨਵੇਂ ਵਿਵਾਦਾਂ ਤੋਂ ਉਪਰਾਮ ਹੋ ਵਿਰਸੇ ਨਾਲੋਂ ਟੁੱਟਣ ਦੀ ਤਿਆਰੀ ਕਰ ਰਹੇ ਹੁੰਦੇ ਹਨ। ਜੋ ਇਨ੍ਹਾਂ ਸਮਾਗਮਾਂ ਵਿਚ ਆਉਂਦੇ ਹਨ, ਉਨ੍ਹਾਂ ਨੂੰ ਇਨ੍ਹਾਂ ਸਮਾਗਮਾਂ ਵਿਚ ਵਿਦਵਾਨਾਂ ਤੇ ਬੁਧੀਜੀਵੀਆਂ ਦੇ 'ਉੱਚ-ਪਧਰੀ' ਭਾਸ਼ਣ ਸਮਝ ਹੀ ਨਹੀਂ ਆਉਂਦੇ ਅਤੇ ਰਾਜਸੀ ਭਾਸ਼ਣਾਂ ਉਨ੍ਹਾਂ ਲਈ ਪਹਿਲਾਂ ਤੋਂ ਹੀ ਦੁਬਿੱਧਾ ਦਾ ਕਾਰਣ ਬਣੇ ਚਲੇ ਆ ਰਹੇ ਹੁੰਦੇ ਹਨ।

ਆਮ ਤੋਰ ਤੇ ਅਜਿਹੇ ਸਮਾਗਮਾਂ ਵਿਚ ਜੇ ਕੋਈ ਧਰਮ ਦੀ ਗਲ ਕੀਤੀ ਵੀ ਜਾਂਦੀ ਹੈ, ਤਾਂ ਉਸ ਵਿਚ ਵੀ ਸਿੱਖ ਆਗੂਆਂ, ਧਾਰਮਕ ਮੁੱਖੀਆਂ ਅਤੇ ਪ੍ਰਚਾਰਕਾਂ ਵਲੋਂ ਇਸ ਗਲ ਤੇ ਹੀ ਜ਼ੋਰ ਦਿਤਾ ਜਾਂਦਾ ਹੈ ਕਿ ਹਰ ਸਿੱਖ ਲਈ ਦਸਮੇਸ਼ ਪਿਤਾ ਦੀ ਦਾਤ, ਅੰਮ੍ਰਿਤ ਛਕਣਾ ਬਹੁਤ ਜ਼ਰੂਰੀ ਹੈ। ਜੋ ਅੰਮ੍ਰਿਤ ਨਹੀਂ ਛਕਦਾ ਉਹ ਸਿੱਖ ਨਹੀਂ ਹੋ ਸਕਦਾ। ਇਸਦੇ ਨਾਲ ਹੀ ਇਹ ਵੀ ਕਿਹਾ ਜਾਂਦਾ ਹੈ, ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਣ ਦਾ ਆਦੇਸ਼ ਦਿਤਾ ਹੈ, ਇਸ ਕਰ ਕੇ ਇਸ ਪੁਰ ਕਿੰਤੂ ਨਹੀਂ ਕੀਤਾ ਜਾ ਸਕਦਾ।

ਇਸ ਸਮੇਂ ਸਿੱਖ ਪੰਥ ਦੇ ਸਾਹਮਣੇ ਸਭ ਤੋਂ ਵੱਡਾ ਸੁਆਲ ਇਹ ਹੈ ਕਿ ਸਿੱਖੀ ਨੂੰ ਕਿਵੇਂ ਬਚਾਇਆ ਜਾਏ ਤੇ ਲਗ ਰਹੀ ਢਾਹ ਤੋਂ ਇਸਨੂੰ ਕਿਵੇਂ ਉਭਾਰਿਆ ਜਾਏ? ਜੋ ਨੌਜਵਾਨ ਸਿੱਖੀ ਵਿਰਸੇ ਨਾਲੋਂ ਟੁੱਟਦੇ ਜਾ ਰਹੇ ਹਨ, ਉਨ੍ਹਾਂ ਨੂੰ ਕਿਵੇਂ ਰੋਕਿਆ ਜਾਏ ਤੇ ਜੋ ਟੁੱਟ ਗਏ ਹੋਏ ਹਨ ਉਨ੍ਹਾਂ ਨੂੰ ਕਿਵੇਂ ਵਾਪਸ ਲਿਆਂਦਾ ਜਾਏ?

ਇਹ ਗਲ ਸਮਝ ਲੈਣੀ ਚਾਹੀਦੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਨਹੀਂ ਸੀ ਕੀਤੀ, ਸਗੋਂ ਉਨ੍ਹਾਂ ਨੇ ਤਾਂ ਉਸ ਪੰਥ ਦੀ ਸਿਰਜਣਾ ਨੂੰ ਸੰਪੂਰਨਤਾ ਪ੍ਰਦਾਨ ਕੀਤੀ ਸੀ, ਜਿਸਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਖੀ ਸੀ ਤੇ ਜਿਸਦੀ ਉਸਾਰੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੀਆਂ ਅੱਠ ਜੋਤਾਂ ਨੇ ਯੋਗਦਾਨ ਪਾਇਆ ਸੀ। ਇਸਤਰ੍ਹਾਂ ਤਕਰੀਬਨ ਦੋ ਸੌ ਤੀਹ ਵਰ੍ਹਿਆਂ ਦੀ ਅਦੁਤੀ ਘਾਲਣਾ ਤੋਂ ਬਾਅਦ ਹੀ ਖਾਲਸਾ ਪੰਥ (ਸੰਤ-ਸਿਪਾਹੀ) ਦੀ ਸਿਰਜਣਾ ਸੰਪੂਰਣ ਹੋਈ ਸੀ। ਉਹ ਵੀ ਐਂਵੇ ਹੀ ਨਹੀਂ ਹੋ ਗਈ। ਇਸਨੂੰ ਸੰਪੂਰਨ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਰਾਂ ਦੀ ਭੇਟ ਲਈ ਸੀ। ਇਹ ਗਲ ਵੀ ਯਾਦ ਰਖਣ ਵਾਲੀ ਹੈ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦੀ ਨੀਂਹ ਰਖਦਿਆਂ ਹੀ ਸਪਸ਼ਟ ਕਰ ਦਿਤਾ ਸੀ ਕਿ ਇਹ ਮਾਰਗ ਬਹੁਤ ਕਠਨ ਹੈ: 'ਇਤੁ ਮਾਰਗ ਪੈਰ ਧਰੀਜੇ ਸਿਰ ਦੀਜੈ ਕਾਣ ਨਾ ਕਜੈ'। ਇਸ ਤਰ੍ਹਾਂ ਗੁਰੂ ਸਾਹਿਬ ਨੇ ਪਹਿਲਾਂ ਹੀ ਸਪਸ਼ਟ ਕਰ ਦਿਤਾ ਸੀ ਕਿ ਸਿੱਖੀ ਵਿਚ 'ਸਿਰ ਦੀ ਭੇਟ' ਪਹਿਲੀ ਸ਼ਰਤ ਹੈ। ਇਸੇ ਸ਼ਰਤ ਦੇ ਆਧਾਰ ਤੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰੀਖਿਆ ਲੈ, ਸਿੱਖੀ ਦੇ ਮਹਿਲ ਦੀ ਸਿਰਜਣਾ ਨੂੰ ਸੰਪੂਰਨਤਾ ਦਿਤੀ।

**ਆਜ਼ਾਦੀ ਤੋਂ ਬਾਅਦ ਕਈ ਵਾਰ ਅਕਾਲੀ ਸੱਤਾ ਵਿਚ ਆਏ। ਉਨ੍ਹਾਂ ਨੇ ਸਿੱਖਾਂ ਪਾਸੋਂ ਰਾਜ-ਭਾਗ ਦੀ ਮੰਗ ਕਰਦਿਆਂ ਉਨ੍ਹਾਂ ਵਿਚ ਇਹ ਭਰਮ ਪੈਦਾ ਕਰਨ ਵਿਚ ਵੀ ਕੋਈ ਕਸਰ ਨਹੀਂ ਛੱਡੀ ਕਿ 'ਰਾਜ ਬਿਨਾਂ ਨਹਿ ਧਰਮ ਚਲੈ ਹੈਂ', ਪਰ ਇਤਿਹਾਸ ਗੁਆਹ ਹੈ ਕਿ ਕਿਸੇ ਵੀ ਸਮੇਂ ਰਾਜ-ਸੱਤਾ ਧਰਮ ਦੀ ਰਖਿਆ ਨਹੀਂ ਕਰ ਸਕੀ। ਜੇ ਰਾਜ-ਸੱਤਾ ਧਰਮ ਦੀ ਰਖਿਆ ਕਰ ਸਕਦੀ ਤਾਂ ਅਜ ਪੰਜਾਬ ਦਾ ਅੱਸੀ ਪ੍ਰਤੀਸ਼ਤ ਨੌਜਵਾਨ ਸਿੱਖੀ ਵਿਰਸੇ ਨਾਲੋਂ ਟੁੱਟ ਨਾ ਗਿਆ ਹੁੰਦਾ। ਇਨ੍ਹਾਂ ਹਾਲਾਤ ਵਿਚ ਇਹ ਗਲ ਸਵੀਕਾਰ ਕਰਨੀ ਹੀ ਹੋਵੇਗੀ ਕਿ ਸਿੱਖ ਧਰਮ ਦੀਆਂ ਮਾਨਤਾਵਾਂ, ਪਰੰਪਰਾਵਾਂ ਅਤੇ ਮਰਿਆਦਾਵਾਂ ਦੀ ਰਖਿਆ ਤਾਂ ਹੀ ਸੰਭਵ ਹੈ, ਜੇ ਉਹ ਰਾਜ-ਸੱਤਾ ਦੇ ਪ੍ਰਭਾਵ ਤੋਂ ਮੁਕਤ ਹੋਣ।**

ਸਿੱਖੀ ਦਾ ਨਿਸ਼ਾਨਾ ਰਾਜਸੱਤਾ ਨਹੀਂ: ਇਤਿਹਾਸ ਗੁਆਹ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਨਾ ਤਾਂ ਗੁਰੂ ਸਾਹਿਬ ਕੋਲ ਅਤੇ ਨਾ ਹੀ ਉਨ੍ਹਾਂ ਦੇ ਸਿੱਖਾਂ ਪਾਸ ਕੋਈ ਰਾਜਸੱਤਾ ਸੀ। ਜਿਸ ਸਮੇਂ ਸਿੱਖ ਸੰਘਰਸ਼ ਦੇ ਦੌਰ ਵਿਚੋਂ ਗੁਜ਼ਰ ਰਹੇ ਸਨ, ਉਸ ਸਮੇਂ ਸਿੱਖੀ ਮਜ਼ਬੂਤ ਸੀ, ਜਿਸਦੇ ਸਹਾਰੇ ਸਿੱਖ ਜਬਰ-ਜ਼ੁਲਮ ਦਾ ਨਾਸ਼ ਕਰਨ ਪ੍ਰਤੀ ਦ੍ਰਿੜ੍ਹ ਸੰਕਲਪ ਹੋ ਜੁਟੇ ਹੋਏ ਸਨ। ਇਹ ਮੰਨਿਆ ਜਾਂਦਾ ਹੈ ਕਿ ਰਾਜਸੱਤਾ ਅਤੇ ਸਿੱਖਾਂ ਵਿਚਕਾਰ ਕਦੀ ਵੀ ਤਾਲਮੇਲ ਨਹੀਂ ਬੈਠ ਸਕਿਆ। ਇਸਦਾ ਕਾਰਣ ਇਹ ਹੈ ਕਿ ਜਿਥੇ ਰਾਜਸੱਤਾ ਜਬਰ ਤੇ ਜ਼ੁਲਮ ਦਾ ਸਹਾਰਾ ਲਏ ਬਿਨਾਂ ਨਾ ਤਾਂ ਕਾਇਮ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਇਸਤੋਂ ਬਿਨਾਂ ਉਸਨੂੰ ਕਾਇਮ ਹੀ ਰਖਿਆ ਜਾ ਸਕਦਾ ਹੈ, ਇਸਦੇ ਵਿਰੁਧ ਸਿੱਖ ਸੁਭਾਉ ਤੋਂ ਹੀ ਵਿਦਰੋਹੀ ਹੈ, ਉਹ ਸੌੜੀ-ਸੰਕੋਚਵੀਂ ਧਾਰਮਕ ਸੋਚ, ਕਰਮ-ਕਾਂਡਾਂ, ਪਖੰਡਾਂ ਅਤੇ ਜਬਰ-ਜ਼ੁਲਮ ਅਧਾਰਤ ਰਾਜ ਸੱਤਾ ਵਿਰੁਧ ਲਗਾਤਾਰ ਜੂਝਦਾ ਚਲਿਆ ਆ ਰਿਹਾ ਹੈ। ਸਿੱਖ ਮਾਨਤਾਵਾਂ ਅਨੁਸਾਰ ਰਾਜਸੱਤਾ ਨੇ ਸਦਾ ਹੀ ਸਿੱਖੀ ਨੂੰ ਨੁਕਸਾਨ ਹੀ ਪਹੁੰਚਾਇਆ ਹੈ।

ਕਈ ਸਿੱਖ ਵਿਦਵਾਨ ਇਹ ਦਾਅਵਾ ਕਰਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖਾਂ ਦੀ ਗਿਣਤੀ ਬਹੁਤ ਵਧ ਗਈ ਸੀ। ਪਰ ਉਹ ਇਸ ਗਲ ਨੂੰ ਨਜ਼ਰ-ਅੰਦਾਜ਼ ਕਰ ਜਾਂਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸਿਤਾਰਾ ਡੁਬਦਿਆਂ ਹੀ ਉਹ ਸਾਰੇ, ਜੋ ਰਾਜਸੱਤਾ ਦਾ ਸੁੱਖ ਮਾਨਣ ਲਈ ਸਿੱਖੀ ਸਰੂਪ ਦੇ ਧਾਰਣੀ ਬਣੇ ਸਨ, ਸਿੱਖੀ ਸਰੂਪ ਨੂੰ ਤਿਲਾਂਜਲੀ ਦੇ ਗਏ ਅਤੇ ਸਿੱਖਾਂ ਦੀ ਗਿਣਤੀ ਤਕਰੀਬਨ ਪੰਜ ਹਜ਼ਾਰ ਹੀ ਰਹਿ ਗਈ ਸੀ।

ਆਜ਼ਾਦੀ ਤੋਂ ਬਾਅਦ ਕਈ ਵਾਰ ਅਕਾਲੀ ਸੱਤਾ ਵਿਚ ਆਏ। ਉਨ੍ਹਾਂ ਨੇ ਸਿੱਖਾਂ ਪਾਸੋਂ ਰਾਜ-ਭਾਗ ਦੀ ਮੰਗ ਕਰਦਿਆਂ ਉਨ੍ਹਾਂ ਵਿਚ ਇਹ ਭਰਮ ਪੈਦਾ ਕਰਨ ਵਿਚ ਵੀ ਕੋਈ ਕਸਰ ਨਹੀਂ ਛੱਡੀ ਕਿ 'ਰਾਜ ਬਿਨਾਂ ਨਹਿ ਧਰਮ ਚਲੈ ਹੈਂ", ਪਰ ਇਤਿਹਾਸ ਗੁਆਹ ਹੈ ਕਿ ਕਿਸੇ ਵੀ ਸਮੇਂ ਰਾਜ-ਸੱਤਾ ਧਰਮ ਦੀ ਰਖਿਆ ਨਹੀਂ ਕਰ ਸਕੀ। ਜੇ ਰਾਜ-ਸੱਤਾ ਧਰਮ ਦੀ ਰਖਿਆ ਕਰ ਸਕਦੀ ਤਾਂ ਅਜ ਪੰਜਾਬ ਦਾ ਅੱਸੀ ਪ੍ਰਤੀਸ਼ਤ ਨੌਜਵਾਨ ਸਿੱਖੀ ਵਿਰਸੇ ਨਾਲੋਂ ਟੁੱਟ ਨਾ ਗਿਆ ਹੁੰਦਾ। ਇਨ੍ਹਾਂ ਹਾਲਾਤ ਵਿਚ ਇਹ ਗਲ ਸਵੀਕਾਰ ਕਰਨੀ ਹੀ ਹੋਵੇਗੀ ਕਿ ਸਿੱਖ ਧਰਮ ਦੀਆਂ ਮਾਨਤਾਵਾਂ, ਪਰੰਪਰਾਵਾਂ ਅਤੇ ਮਰਿਆਦਾਵਾਂ ਦੀ ਰਖਿਆ ਤਾਂ ਹੀ ਸੰਭਵ ਹੈ, ਜੇ ਉਹ ਰਾਜ-ਸੱਤਾ ਦੇ ਪ੍ਰਭਾਵ ਤੋਂ ਮੁਕਤ ਹੋਣ। ਇਸਦਾ ਕਾਰਣ ਇਹ ਹੈ ਕਿ ਰਾਜਨੀਤੀ ਵਿਚ ਤਾਂ ਗ਼ੈਰ-ਸਿਧਾਂਤਕ ਸਮਝੌਤੇ ਕੀਤੇ ਜਾ ਸਕਦੇ ਹਨ ਪਰ ਧਰਮ ਦੇ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੇ ਨਾ ਤਾਂ ਗ਼ੈਰ-ਸਿਧਾਂਤਕ ਸਮਝੌਤੇ ਹੋ ਸਕਦੇ ਹਨ ਤੇ ਨਾ ਹੀ ਕਿਸੇ ਤਰ੍ਹਾਂ ਦਾ ਗਠਜੋੜ।

ਪੰਥ ਵਿਚ ਢਹਿੰਦੀ-ਕਲਾ: ਇਕ ਦ੍ਰਿਸ਼ਟੀਕੋਣ ਇਹ ਵੀ : ਇਕ ਦਿਨ ਅਚਾਨਕ ਗ਼ੈਰ-ਰਾਜਨੀਤਕ ਸਿੱਖਾਂ ਦੀ ਇਕ ਅਜਿਹੀ ਬੈਠਕ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ, ਜਿਸ ਵਿਚ 'ਸਿੱਖੀ ਵਿਚ ਆ ਰਹੇ ਨਿਘਾਰ ਅਤੇ ਸਿੱਖਾਂ ਵਿਚ ਆ ਰਹੀ ਢਹਿੰਦੀ ਕਲਾ' ਵਿਸ਼ੇ ਪੁਰ ਵਿਚਾਰ-ਚਰਚਾ ਕੀਤੀ ਜਾ ਰਹੀ ਸੀ। ਬੈਠਕ ਵਿਚ ਜੋ ਵਿਚਾਰ ਪ੍ਰਗਟ ਕੀਤੇ ਜਾ ਰਹੇ ਸਨ, ਉਹ ਸੁਣ ਕੇ ਹੈਰਾਨੀ ਹੋ ਰਹੀ ਸੀ ਕਿ ਇਤਨੇ ਡੂੰਘੇ ਅਤੇ ਪ੍ਰਭਾਵਸ਼ਾਲੀ ਵਿਚਾਰ, ਉਨ੍ਹਾਂ ਸਜਣਾਂ ਵਲੋਂ ਪ੍ਰਗਟ ਕੀਤੇ ਜਾ ਰਹੇ ਸਨ, ਜਿਨ੍ਹਾਂ ਦਾ ਨਾਂਅ ਨਾ ਤਾਂ ਕਦੀ ਕਿਸੇ ਚਰਚਾ ਵਿਚ ਸੁਣਿਆ ਗਿਆ ਸੀ ਅਤੇ ਨਾ ਹੀ ਮੀਡੀਆ ਵਿਚ ਵੇਖਣ ਨੂੰ ਮਿਲਿਆ ਸੀ।

ਇਕ ਸਜਣ ਕਹਿ ਰਿਹਾ ਸੀ ਕਿ ਅਜ ਸਿੱਖੀ ਵਿਚ ਜੋ ਨਿਘਾਰ ਅਤੇ ਸਿੱਖਾਂ ਵਿੱਚ ਢਹਿੰਦੀ ਕਲਾ ਦੀ ਜੋ ਦਸ਼ਾ ਵੇਖਣ ਨੂੰ ਮਿਲ ਰਹੀ ਹੈ, ਉਹ ਕੁਝ ਦਿਨਾਂ, ਹਫਤਿਆਂ, ਮਹੀਨਿਆਂ ਜਾਂ ਵਰ੍ਹਿਆਂ ਵਿਚ ਹੀ ਨਹੀਂ ਆਈ, ਸਗੋਂ ਇਹ ਬਹੁਤ ਹੀ ਲੰਮਾਂ ਪੈਂਡਾ ਤਹਿ ਕਰ ਕੇ ਆਈ ਹੈ। ਉਨ੍ਹਾਂ ਕਿਹਾ ਕਿ ਜਦੋਂ ਤਕ ਸ਼ਕਤੀ ਨੂੰ ਭਗਤੀ, ਅਰਥਾਤ ਧਰਮ, ਦੇ ਅਧੀਨ ਰਖ ਕੇ ਵਰਤਿਆ ਜਾਂਦਾ ਚਲਿਆ ਆਉਂਦਾ ਰਿਹਾ, ਓਦੋਂ ਤਕ ਸਭ ਕੁਝ ਠੀਕ-ਠਾਕ ਚਲਦਾ ਰਿਹਾ। ਪ੍ਰੰਤੂ ਜਦੋਂ ਭਗਤੀ (ਧਰਮ) ਨੂੰ ਸ਼ਕਤੀ, ਜਿਸਨੂੰ ਰਾਜਨੀਤੀ ਮੰਨਿਆ ਜਾਣ ਲਗਾ ਹੈ, ਦੇ ਅਧੀਨ ਕਰਕੇ, ਉਸਦੀ ਵਰਤੋਂ ਸੱਤਾ ਹਾਸਲ ਕਰਨ ਲਈ ਕੀਤੀ ਜਾਣ ਲਗੀ, ਓਦੋਂ ਤੋਂ ਹੀ ਸਥਿਤੀ ਬਦਲਣੀ ਸ਼ੁਰੂ ਹੋ ਗਈ।

ਅਤੇ ਅੰਤ ਵਿੱਚ : ਇਨ੍ਹਾਂ ਵਿਚਾਰਾਂ ਦੀ ਰੋਸ਼ਨੀ ਵਿੱਚ ਵਿਚਾਰਿਆ ਜਾਏ ਤਾਂ ਇਹ ਸੁਆਲ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਆਖਿਰ ਅੱਜ ਹੋ ਕੀ ਰਿਹਾ ਹੈ? ਭਗਤੀ (ਧਰਮ) ਨੂੰ ਰਾਜਸੀ ਸੱਤਾ ਪ੍ਰਾਪਤ ਕਰਨ ਲਈ ਪੌੜੀ ਵਜੋਂ ਵਰਤਿਆ ਜਾਣ ਲਗਾ ਹੈ। ਭਗਤੀ (ਧਰਮ) ਦੀ ਗਲ ਕੇਵਲ ਸੱਤਾ ਹਾਸਲ ਕਰਨ ਲਈ ਹੀ ਕੀਤੀ ਜਾਂਦੀ ਹੈ। ਜਦੋਂ ਸੱਤਾ ਜਾਂ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ ਤਾਂ ਭਗਤੀ (ਧਰਮ) ਨੂੰ ਬਿਲਕੁਲ ਹੀ ਭੁਲਾ ਦਿਤਾ ਜਾਂਦਾ ਹੈ। ਜੇ ਗੰਭੀਰਤਾ ਨਾਲ ਸੋਚਿਆ-ਵਿਚ-ਾਰਿਆ ਜਾਏ ਤਾਂ ਇਉਂ ਜਾਪੇਗਾ ਜਿਵੇਂ ਇਹੀ ਕਾਰਣ ਹੈ ਜਿਸਦੇ ਫਲਸਰੂਪ ਪੰਥ ਵਿੱਚ ਲਗਾਤਾਰ ਢਹਿੰਦੀ ਕਲਾ ਆਉਂਦੀ ਜਾ ਰਹੀ ਹੈ।

## ਕਿਸਾਨਾਂ ਲਈ ਕੁਰਬਾਨੀ?

ਤਾਜ ਪੁੱਤ ਨੂੰ ਦੇ ਕੇ ਪ੍ਰਧਾਨਗੀ ਦਾ
ਦਿੱਤੇ ਰੋਲ਼ ਸਿਧਾਂਤ ਸਰਦਾਰੀਆਂ ਦੇ।

ਲੁੱਟ 'ਗੋਲ੍ਹਕਾਂ' ਧਨ ਸਰਕਾਰ ਵਾਲ਼ਾ
ਪਾਇਆ ਰਾਹ ਪੰਜਾਬ ਖੁਆਰੀਆਂ ਦੇ।

ਕਹਿਕੇ ਦਰਦ ਕਿਸਾਨ ਦਾ ਝੂਠ ਬੋਲੇ
ਨਾਟਕ ਬੰਦ ਨਾ ਕਰੇ ਮੱਕਾਰੀਆਂ ਦੇ।

ਪੈਰ ਉੱਖੜੇ ਮੁੜ ਜਮਾਉਣ ਖਾਤਿਰ
ਜਾਣੋ ਦਾਅ ਹੀ ਹਨ ਲਾਚਾਰੀਆਂ ਦੇ।

ਲੋਕੀ ਤਾਂਘ ਦੇ ਨਾਲ਼ ਉਡੀਕ ਰਹੇ ਨੇ
ਕਦੋਂ ਢਹਿਣਗੇ ਮਹਿਲ ਹੰਕਾਰੀਆਂ ਦੇ।

ਕੌਮ 'ਵੇਚ ਕੇ' ਲਏ ਸਨਮਾਨ ਮੋੜੇ
ਦਾਗ ਧੋ ਨਹੀਂ ਹੋਣੇ ਗੱਦਾਰੀਆਂ ਦੇ !

**-ਤਰਲੋਚਨ ਸਿੰਘ**
**'ਦੁਪਾਲ ਪੁਰ'**
**001 408 915 1268**



## ਵਹਿਮ

ਦਿੱਲੀ ਦੇ ਹਾਕਮਾ

ਇਹ ਵਹਿਮ ਹੈ ਤੈਨੂੰ

ਕਿ ਅਸੀਂ ਤੇਰੇ ਕੋਲੋਂ

ਕੁਝ ਮੰਗਣ ਲਈ

ਦਿੱਲੀ ਦੀਆਂ ਹੱਦਾਂ ਤੇ

ਬੱਚਿਆਂ, ਔਰਤਾਂ

ਤੇ ਬਜ਼ੁਰਗਾਂ ਨਾਲ

ਕੜਾਕੇ ਦੀ ਠੰਡ ਵਿੱਚ

ਲਾਈ ਬੈਠੇ ਹਾਂ ਧਰਨੇ।

ਤੈਨੂੰ ਸ਼ਾਇਦ ਇਹ ਪਤਾ ਨਹੀਂ

ਕਿ ਅਸੀਂ ਵੱਟ ਪਿੱਛੇ

ਕਰ ਦਿੰਦੇ ਹਾਂ ਕਤਲ

ਕਿਉਂ ਕਿ ਸਾਨੂੰ ਆਪਣੇ ਖੇਤ

ਆਪਣੀ ਮਾਂ ਤੋਂ ਵੀ ਵੱਧ

ਹੁੰਦੇ ਨੇ ਪਿਆਰੇ,

ਪਰ ਤੂੰ ਤਾਂ

ਤਿੰਨ ਖੇਤੀ ਕਨੂੰਨ ਬਣਾ ਕੇ

ਸਾਡੇ ਖੇਤਾਂ ਨੂੰ ਹੀ

ਨਿਗਲ ਲੈਣ ਦੀ

ਰਚੀ ਹੈ ਸਾਜ਼ਿਸ਼।

ਪਰ ਤੇਰੀ ਇਹ ਸਾਜ਼ਿਸ਼

ਅਸੀਂ ਕਿਸੇ ਵੀ ਹਾਲਤ ਵਿੱਚ

ਨਹੀਂ ਹੋਣ ਦੇਵਾਂਗੇ ਸਫਲ।

ਚਾਹੇ ਸਾਨੂੰ

ਆਪਣੇ ਖੇਤ ਬਚਾਉਣ ਲਈ

ਆਪਣੀਆਂ ਜਾਨਾਂ ਹੀ

ਕਿਉਂ ਨਾ ਵਾਰਨੀਆਂ ਪੈ ਜਾਣ।

**- ਮਹਿੰਦਰ ਸਿੰਘ**
**ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ**
**91-99158-03554**



## ਐਪਰ ਲੁੱਟਣ ਨਹੀ ਦਿੰਦੇ ਪੰਜਾਬ ਸਾਡਾ

ਅਸੀਂ ਅਣਖੀ ਪੰਜਾਬ ਦੇ ਸ਼ੇਰ ਦੂਲੇ
ਅਸੀਂ ਜੰਮੇ ਆਂ ਖੰਡੇ ਦੀ ਧਾਰ ਵਿੱਚੋਂ ।
ਕਲਗੀਧਰ ਦੇ ਅਸੀਂ ਹਾਂ ਪੁੱਤ ਬਾਂਕੇ
ਸਾਡੀ ਹਸਤੀ ਵਿਲੱਖਣ ਸੰਸਾਰ ਵਿੱਚੋਂ।
ਵੱਖਰੀ ਹੋਂਦ ਅਲੱਗ ਪਛਾਣ ਸਾਡੀ
ਰਹਿੰਦੀ ਹੀਰ ਨਾ ਗੁੱਝੀ ਹਜਾਰ ਵਿੱਚੋਂ।
ਸਾਨੂੰ ਗੁਰੂ ਦਾ ਸਦਾ ਵਰਦਾਨ ਰਹਿੰਦਾ
ਸ਼ਕਤੀ ਮਿਲਦੀ ਉਹਦੇ ਦਰਬਾਰ ਵਿੱਚੋਂ।
ਅਸੀਂ ਹਾਮੀ ਆਂ ਸਾਂਝੀਵਾਲਤਾ ਦੇ
ਮਾਨਵ ਏਕਤਾ ਸਦਾ ਖ਼ੁਆਬ ਸਾਡਾ।
ਲੁਟਾ ਦੇਈਏ ਮੁਹੱਬਤਾਂ ਲੱਖ ਵਾਰੀ
ਐਪਰ ਲੁੱਟਣ ਨਹੀਂ ਦਿੰਦੇ ਪੰਜਾਬ ਸਾਡਾ ।

ਬਾਦਸ਼ਾਹਤ ਇਕ ਨੰਬਰ ਤੇ ਰਹੀ ਸਾਡੀ
ਨੰਬਰ ਇਕ ਜਰਨੈਲ ਜਾਂਬਾਜ਼ ਵੀ ਹਾਂ ।
ਸਾਨੂੰ ਕੁੰਡਲੀਏ ਸੱਪ, ਨਿਹੰਗ, ਕਹਿੰਦੇ ,
ਬੱਬਰ ਸ਼ੇਰ ਵੀ ਹਾਂ, ਅਸੀਂ ਬਾਜ ਵੀ ਹਾਂ ।
ਇੱਜ਼ਤ ਨਾਲ ਜੋ ਪਿਆਰ ਦੇ ਬੋਲ ਬੋਲੇ
ਰੱਖਦੇ ਉਹਨਾਂ ਦੇ ਸਿਰਾਂ ਤੇ ਤਾਜ ਵੀ ਹਾਂ।
ਧੌਂਸ ਨਾਲ ਨਹੀਂ ਕਿਸੇ ਦਾ ਹੱਕ ਖੋਂਹਦੇ
ਆਪਣੇ ਹੱਕ ਲਈ ਉੱਚੀ ਆਵਾਜ਼ ਵੀ ਹਾਂ।
ਅਸੀਂ ਇੱਕੀਆਂ ਦੀ ਇਕੱਤੀ ਪਾ ਆਈਏ
ਭਾਜੀ ਮੋੜਨ ਦਾ ਵੱਖ ਅੰਦਾਜ਼ ਸਾਡਾ ।
ਅਬਦਾਲੀ, ਨਾਦਰ ਜੇ ਚੜ੍ਹ ਕੇ ਆ ਜਾਵੇ
ਲੁੱਟਣ ਦਿੰਦੇ ਨਹੀਂ ਉਹਨੂੰ ਪੰਜਾਬ ਸਾਡਾ ।

**- ਲਾਲ ਸਿੰਘ ਸੁਲਹਾਣੀ**
**91-98721-55120**



## ਅਣਖੀ ਪੰਜਾਬੀਆਂ ਦੀ

ਅੱਜ ਫਿਰ ਅਣਖ ਜਾਗੀ ਹੈ ਅਣਖੀ ਪੰਜਾਬੀਆਂ ਦੀ,
ਬੁਸੇ ਬੁਸੀ, ਬੱਚੇ ਬਚੀਆਂ ਤੇ ਨੌਜਵਾਨ ਜੋ ਨੇ,
ਗੀਤਕਾਰ ਕਲਾਕਾਰ ਕਵੀਆਂ ਰਬਾਬੀਆਂ ਦੀ,

ਅਣਖੀ ਸਪੁੱਤਰ ਜੋ ਪੰਜਾਬ ਦੇ ਜ਼ਿਮੀਂਦਾਰਾਂ ਦੇ ਨੇ,
ਆਪਾਂ ਸਾਰਿਆਂ ਨੇ ਜੋ ਪੜ੍ਹਿਆ ਅਤੇ ਸੁਣਿਆ ਸੀ,
ਵੇਖ ਲਏ ਕਾਰਨਾਮੇ ਪੰਜਾਬੀ ਜਵਾਨਾਂ ਦੇ ਨੇ।

ਪੈਂਤੀ ਦਿਨਾਂ ਤੱਕ ਧਰਨਿਆਂ ਤੇ ਬੈਠੇ ਰਹੇ ਉਹ,
ਪਰ ਭਾਰਤ ਸਰਕਾਰ ਦੀ ਜੂੰ ਵੀ ਨਾ ਸਰਕੀ ਉਦੋਂ,
ਭਾਵੇਂ ਪਲਾਜ਼ਿਆਂ ਤੇ ਧਰਨੇ ਮਾਰਦੇ ਰਹੇ ਉਹ।

ਉਦੋਂ ਇਕ ਮਹੀਨੇ ਪਿਛੋਂ ਦਿੱਲੀ ਜਾਣ ਦਾ ਦੱਸ ਦਿੱਤਾ,
ਉਸ ਪਿਛੋਂ ਦਿੱਲੀ ਵਿਚ ਦੋ ਬੈਠਕਾਂ ਹੋਈਆਂ,ਜ਼ਰੂਰ,
ਪਰ ਪੰਜੀ ਨਵੰਬਰ ਤੱਕ ਕੋਈ ਹੱਲ ਨਾ ਦਸਿਆ ਗਿਆ।

ਪੰਜੀ ਨਵੰਬਰ ਨੂੰ ਦਿੱਲੀ ਵੱਲ ਨੂੰ ਕੂਚ ਕਰ ਦਿੱਤਾ,
ਬੁਸੇ ਬੁਸੀਆਂ ਬੱਚੇ ਨੌਜਵਾਨ ਸਾਰੇ ਹੀ ਚੱਲ ਪਏ,
ਟਰੈਕਟਰ ਟਰਾਲੀਆਂ ਭਰ ਕਾਫਲਾ ਤੋਰ ਲਿੱਤਾ।

ਚੱਲ ਪਏ ਦਿੱਲੀ ਵੱਲ ਨੂੰ ਇਕੱਠੇ ਹੋ ਕੇ ਸਾਰੇ
ਕਰੇਨਾਂ ਨਾਲ ਰੱਖੇ ਪੱਥਰ ਜਵਾਨਾਂ ਨੇ ਪਰਾਂ ਸੁੱਟੇ,
ਰਾਹ ਵਿਚ ਹੀ ਰੋਕਣ ਦੇ, ਫੇਲ ਕੀਤੇ ਸਭ ਚਾਰੇ॥

ਦਿੱਲੀ ਸਾਰੇ ਪਹੁੰਚ ਗਏ ਸਾਰੇ ਬੈਰੀਅਰ ਤੋੜ,
ਦਿੱਲੀ ਦੇ ਬਾਰਡਰਾਂ ਤੇ ਉਨ੍ਹਾਂ ਜਾ ਲਾਏ ਡੇਰੇ,
ਬਰਾੜੀ ਮਦਾਨ ਨਹੀਂ ਗਏ ਇਹ ਥਾਵਾਂ ਛੋੜ।

ਦੂਜੇ ਦਿਨ ਹੀ ਆ ਗਿਆ ਫ਼ੂਨ ਹੋਮ ਮਨਿਸਟਰ ਦਾ,
ਮਿਲੋ ਮੈਨੂੰ ਆਣ ਕੇ ਮੈਂ ਗੱਲ ਕਰਨ ਲਈ ਤਿਆਰ,
ਸਲਾਹ ਕਰਨ ਪਿਛੋਂ ਦੱਸਾਂਗੇ ਅਸੀਂ ਸਮਾਂ ਮਿਲਣ ਦਾ।

'ਜਗਿਆਸੂ' ਦੁਨੀਆ ਮੰਨਦੀ ਜ਼ੋਰਾਂ ਨੂੰ,
ਨਹੀਂ ਮਨਦਾ ਕੋਈ ਕਮਜ਼ੋਰਾਂ ਨੂੰ।

**- ਹਰਬੰਸ ਸਿੰਘ ਜਗਿਆਸੂ** (530-933-2204)

# ਵਿਸ਼ਵ ਪ੍ਰਸਿੱਧ ਹੈ ਐਡਮਿੰਟਨ (ਕਨੇਡਾ) ਦੀ ਕਾਰਗੁਜ਼ਾਰੀ ਤੇ ਖ਼ੂਬਸੂਰਤੀ (ਭਾਗ-1)

ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਮੈਂ ਅਤੇ ਮੇਰੀ ਪਤਨੀ ਗਰਮੀਆਂ ਵਿਚ ਐਡਮਿੰਟਨ (ਕਨੇਡਾ) ਚਲੇ ਜਾਂਦੇ ਹਾਂ। ਐਡਮਿੰਟਨ ਵਿਖੇ ਸਾਡੇ ਸ਼ਾਦੀਸ਼ੁਦਾ ਦੋ ਲੜਕੇ ਰਹਿੰਦੇ ਹਨ ਜਿਨ੍ਹਾਂ ਕੋਲ ਉਥੋਂ ਦੀ ਸਿਟੀਜਨਸ਼ਿੱਪ ਹੈ। ਵੱਡੇ ਲੜਕੇ ਸਤਿੰਦਰਪਾਲ ਸਿੰਘ ਦੇ ਦੋ ਲੜਕੇ ਹਨ, ਕਰਨ ਪ੍ਰਤਾਪ ਸਿੰਘ ਤੇ ਸੁਕਰਾਤ ਸਿੰਘ ਅਤੇ ਛੋਟੇ ਲੜਕੇ ਡਾ. ਹਰਿੰਦਰਪਾਲ ਸਿੰਘ ਦੀ ਇਕ ਬੇਟੀ ਹੈ। ਦੋਵੇਂ ਲੜਕੇ ਅਤੇ ਨੂੰਹਾਂ ਸਰਵਿਸ ਕਰਦੇ ਹਨ। ਬੱਚੇ ਪ੍ਰਾਇਮਰੀ ਸਕੂਲ ਵਿਚ ਪੜ੍ਹਦੇ ਹਨ। ਗਰਮੀਆਂ ਵਿਚ ਬੱਚਿਆਂ ਨੂੰ ਲਗਭਗ ਦੋ ਮਹੀਨਿਆਂ ਦੀਆਂ ਛੁੱਟੀਆਂ ਹੁੰਦੀਆਂ ਹਨ। ਉਨ੍ਹਾਂ ਨਾਲ ਸਮਾਂ ਬਿਤਾਉਣ ਦਾ ਨਿੱਘਾ ਮੌਕਾ ਮਿਲ ਜਾਂਦਾ ਹੈ। ਐਡਮਿੰਟਨ ਇਕ ਖ਼ੂਬਸੂਰਤ ਮਾਨਵੀ ਕਦਰਾਂ ਕੀਮਤਾਂ ਵਾਲਾ ਆਧੁਨਿਕ ਸਹੂਲਤਾਂ ਨਾਲ ਮਾਲਾ-ਮਾਲ ਵਿਸ਼ਵ-ਪ੍ਰਸਿੱਧ ਸ਼ਹਿਰ ਹੈ, ਜਿੱਥੇ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ਬਹੁਤ ਪਿਆਰੀਆਂ, ਦੁਲਾਰੀਆਂ, ਸਤਿਕ-ਾਰੀਆਂ, ਨਿਘਾਰੀਆਂ, ਸਾਰੀਆਂ ਦੀਆਂ ਸਾਰੀਆਂ ਹੀ ਹਨ। ਕਨੇਡਾ ਦੇ ਕਾਨੂੰਨ ਇਨਸਾਨੀਅਤ ਦੀ ਖੁਸ਼ਬੂ ਵਿਚ ਭਿੱਜੇ ਹੋਏ ਹਨ। ਇੱਥੇ ਮਨੁੱਖ ਨੂੰ ਮਨੁੱਖ ਬਹੁਤ ਤੇ ਦਿਲੋਂ ਪਿਆਰ ਕਰਦੇ ਹਨ। ਹਰ ਚੀਜ਼ ਕਾਨੂੰਨ ਦੀ ਸੂਈ ਦੇ ਨੱਕੇ 'ਚ ਪਿਰੋ ਕੇ ਰੱਖੀ ਹੋਈ ਹੈ। ਅਨੇਕਾਂ ਦੇਸ਼ਾਂ ਦੇ ਲੋਕ ਇੱਥੇ ਰਹਿੰਦੇ ਹਨ।

ਮੈਂ ਸਭ ਤੋਂ ਪਹਿਲਾਂ ਗੱਲ ਕਰਾਂਗਾ ਐਡਮਿੰਟਨ ਸ਼ਹਿਰ ਦੀ: ਐਡਮਿੰਟਨ ਦਾ ਦਿੱਲੀ ਤੋਂ ਲਗਭਗ 16 ਘੰਟਿਆਂ ਦਾ ਸਫ਼ਰ ਹੈ ਬਾਈ ਏਅਰ। ਦਿੱਲੀ ਤੋਂ ਐਬਸਟਰਡਮ ਵਿਖੇ ਜਾਣ ਲਈ 8 ਘੰਟੇ ਲਗਾਤਾਰ ਜਹਾਜ਼ ਵਿਚ ਰਹਿਣਾ ਪੈਂਦਾ ਹੈ ਤੇ ਇੱਥੇ ਲਗਭਗ ਚਾਰ ਘੰਟਿਆਂ ਦਾ ਸਟੇਅ (ਠਹਿਰਾਓ) ਹੈ। ਫਿਰ ਐਬਸਟਰਡਮ ਤੋਂ ਫਲਾਈਟ ਬਦਲ ਕੇ ਐਡਮਿੰਟਨ ਲਈ 8 ਘੰਟੇ ਲਗਾਤਾਰ ਜਹਾਜ਼ ਵਿਚ ਸਫ਼ਰ ਕਰਨਾ ਪੈਂਦਾ ਹੈ। ਐਡਮਿੰਟਨ ਬਾਈ ਏਅਰ ਜਾਣ ਲਈ ਹੋਰ ਦੇਸ਼ਾਂ ਦੇ ਰਾਹੀਂ ਵੀ



ਜਾਇਆ ਜਾਂਦਾ ਹੈ।

ਬੱਚਿਆਂ ਨੂੰ ਏਅਰਪੋਰਟ 'ਤੇ ਮਿਲਣ ਦਾ ਦ੍ਰਿਸ਼ ਬੜਾ ਭਾਵੁਕ ਤੇ ਖ਼ੁਸ਼ੀ ਵਾਲਾ ਹੁੰਦਾ ਹੈ। ਇਸੇ ਤਰ੍ਹਾਂ ਬੱਚਿਆਂ ਤੋਂ ਜੁਦਾ ਹੋ ਕੇ ਵਾਪਿਸ ਆਉਣ ਸਮੇਂ ਦੇ ਦ੍ਰਿਸ਼ ਵਿਚ ਭਾਵੁਕਤਾ, ਰੁਆਂਸ ਅਤੇ ਉਦਾਸੀ ਰੂਹ ਤੱਕ ਛਾ ਜਾਂਦੀ ਹੈ। ਏਅਰਪੋਰਟ ਉਪੱਰ ਵਾਪਿਸ ਆਉਣ ਦੇ ਸਮੇਂ ਸਭ ਨੂੰ ਮਿਲਦੇ ਹੋਏ ਕਲੇਜੇ ਦੇ ਝਰਨੇ 'ਚੋਂ ਹੰਝੂ ਵਹਿੰਦੇ ਹੋਏ ਪਲਕਾਂ ਵਿਚ ਅਟਕ-ਅਟਕ ਕੇ ਰੁਮਾਲ ਵਿਚ ਇਕ ਹੂਕ ਦਾ ਇਤਿਹਾਸ ਸਮੋਈ ਜਾਂਦੇ ਹਨ। ਏਅਰਪੋਰਟ 'ਤੇ ਬੱਚਿਆਂ ਤੋਂ ਜੁਦਾ ਹੋਣ ਸਮੇਂ ਪਤਾ ਲੱਗਦਾ ਹੈ ਕਿ ਮੋਹ ਤੇ ਕਲੇਜਾ ਕੀ ਹੁੰਦਾ ਹੈ? ਮੋਹ-ਪਿਆਰ ਦੀ ਪਰਿਭਾਸ਼ਾ ਖ਼ਾਮੋਸ਼ ਸ਼ਬਦਾਂ 'ਚ ਇਕ-ਦੂਸਰੇ ਦੇ ਚਿਹਰੇ 'ਚੋਂ ਪੜ੍ਹੀ ਜਾ ਸਕਦੀ ਹੈ। ਕੁਝ ਦਿਨਾਂ ਤੱਕ ਇਕ ਉਦਾਸੀ ਆਪਣੀ ਲਪੇਟ 'ਚੋਂ ਨਹੀਂ ਨਿਕਲਣ ਦਿੰਦੀ। ਜਹਾਜ਼ ਵਿਚ ਸਿਰਫ਼ ਬੀਅਰ ਤੋਂ ਸਿਵਾ ਹੋਰ ਕੁਝ ਚੰਗਾ ਨਹੀਂ ਲੱਗਦਾ।

ਆਧੁਨਿਕਤਾ ਵਿਚ ਝਿਲਮਿਲਾਉਂਦਾ ਸੁੰਦਰ ਐਡਮਿੰਟਨ ਸ਼ਹਿਰ: ਐਲਬਰਟਾ ਦੀ ਰਾਜਧਾਨੀ ਹੈ ਐਡਮਿੰਟਨ। ਐਡਮਿੰਟਨ ਕਨੇਡਾ ਦਾ ਖ਼ੂਬਸੂਰਤ ਅਤੇ ਕੁਦਰਤੀ ਸਰੋਤਾਂ ਨਾਲ ਮਾਲਾ ਮਾਲ ਸ਼ਹਿਰ ਹੈ। ਮਨੁੱਖੀ ਅਤੇ ਕੁਦਰਤੀ ਸਹੂਲਤਾਂ ਦਾ ਜੰਨਤ। ਐਡਮੰਨਟ ਸਸਕੈਚਵਿਨ ਨਦੀ ਅਤੇ ਇਸਦੀ ਖ਼ੂਬਸੂਰਤ ਵੈਲੀ ਕਰਕੇ ਪ੍ਰਸਿੱਧ ਹੈ। ਇਹ ਤਿਉਹਾਰਾਂ ਅਤੇ ਰਲੇ ਮਿਲੇ ਸੱਭਿਆਚਾਰ ਦਾ ਕੇਂਦਰ ਹੈ। ਐਡਮਿੰਟਨ ਇੰਟਰਨੈਸ਼ਨਲ ਏਅਰ ਪੋਰਟ ਹੈ। ਇੱਥੋਂ ਦੁਨੀਆਂ ਭਰ ਦੀਆਂ ਉਡਾਨਾਂ ਹੁੰਦੀਆਂ ਹਨ। ਇੱਥੋਂ ਦੀ ਗ੍ਰੇ ਹਾਊਸ ਬੱਸ ਲਾਈਨ ਨਾਰਥ ਅਫ਼ਰੀਕਾ ਤੱਕ ਦੀਆਂ ਸੇਵਾਵਾਂ ਦਿੰਦੀ ਹੈ। ਸਾਰੇ ਸ਼ਹਿਰ ਵਿਚ ਰੇਲਵੇ ਸਹੂਲਤ ਹੈ। ਦੋ ਮੁੱਖ ਹਾਈਵੇਜ਼ ਹਨ ਜੋ ਐਡਮਿੰਟਨ ਨੂੰ ਜਾਂਦੇ ਹਨ। ਇਕ ਯੈਲੋ ਹੈਡੱ ਹਾਈਵੇ ਅਤੇ ਹਾਈਵੇ ਟੂ। ਇੱਥੋਂ ਦਾ ਮੌਸਮ ਗਰਮੀਆਂ ਵਿਚ ਕੁਝ-ਕੁਝ ਗੁਨਗੁਨਾ ਤੇ ਠੰਢਾ ਰਹਿੰਦਾ ਹੈ। ਤੇਜ਼ ਹਵਾ ਜਾਂ ਅਚਾਨਕ ਬਾਰਿਸ਼ ਕਰਕੇ ਗਰਮੀਆਂ ਵਿਚ ਸਰਦੀਆਂ ਵਰਗਾ ਮਾਹੌਲ ਬਣ ਜਾਂਦਾ ਹੈ। ਇੱਥੋਂ ਦਾ ਮੌਸਮ ਇਕਰਾਰ, ਇਨਕਾਰ ਆਪਣੇ ਮਿਜਾਜ਼ ਬਦਲਦਾ ਰਹਿੰਦਾ ਹੈ।

ਚਮਕਦੇ ਸੂਰਜ ਅਤੇ ਠੰਢ ਦੇ ਮੌਸਮ ਵਿਚ ਇੱਥੇ ਚਾਰ ਤਰ੍ਹਾਂ ਦੇ ਮੌਸਮ ਪਾਏ ਜਾਂਦੇ ਹਨ। ਸਰਦੀਆਂ ਵਿਚ ਬਹੁਤ ਠੰਢ ਹੁੰਦੀ ਹੈ ਅਤੇ ਜੰਮ ਕੇ ਬਰਫ਼ ਪੈਂਦੀ ਹੈ। ਐਡਮਿੰਟਨ, ਟੋਰਾਂਟੋ, ਮਾਨਟਰੀਲ, ਵੈਨਕੂਅਰ ਅਤੇ ਓਟਾਵਾ ਤੋਂ ਬਾਅਦ ਕਨੇਡਾ ਵਿੱਚ ਪੰਜਵਾਂ ਵੱਡਾ ਮਹਾਨਗਰਿਕ ਖੇਤਰ ਹੈ। ਐਡਮਿੰਟਨ ਸਮੁੰਦਰੀ ਸੱਤਾ ਤੋਂ ਲਗਭਗ 668 ਮੀਟਰ ਉਪੱਰ ਹੈ।

ਕਈ ਸੌ ਸਾਲ ਪਹਿਲਾਂ ਐਡਮਿੰਟਨ ਇਕ ਜੰਗਲੀ ਇਲਾਕਾ ਹੁੰਦਾ ਸੀ। 1793 ਵਿਚ ਕੁਝ ਕੰਪਨੀਆਂ ਨੇ 32 ਕਿਲੋਮੀਟਰ ਨੂੰ ਤਰੱਕੀ ਦਿੱਤੀ। ਸਸਕੈਚਵਿਨ ਨਦੀ ਨੂੰ 1821 ਵਿਚ ਦਰੁਸਤ ਕੀਤਾ ਗਿਆ। ਐਡਮਿੰਟਨ ਕੰਪਨੀਆਂ ਦੇ ਜ਼ਰੀਏ ਵਪਾਰਕ ਕੇਂਦਰ ਬਣ ਗਿਆ। ਲਗਭਗ ਅੱਧੀ ਸਦੀ ਪਹਿਲਾਂ ਇਥੇ ਘਰ ਬਣਨੇ ਸ਼ੁਰੂ ਹੋਏ ਤੇ ਕਾਰੋਬਾਰ ਸ਼ੁਰੂ ਹੋਇਆ।

ਐਡਮਿੰਟਨ ਦੇ ਨਾਰਥ ਏਰੀਏ ਵਿਚ 1890 ਦੇ ਕਰੀਬ ਕਲੋਨਡਿਕ ਵਿਖੇ ਕਈ ਸੌ ਸੋਨੇ ਦੀਆਂ ਖਾਨਾਂ ਪਾਈਆਂ ਗਈਆਂ। ਸੰਨ 1900 ਦੇ ਕਰੀਬ ਇਥੇ ਵਸੋਂ ਵਧਣ ਲੱਗੀ। ਲਗਭਗ 1871 ਵਿਚ ਘਰ ਬਣਨੇ ਸ਼ੁਰੂ ਹੋਏ। 1892 ਵਿਚ ਪ੍ਰਸ਼ਾਸਨਿਕ ਸ਼ਹਿਰ ਬਣਿਆ। ਟਾਊਂਨ ਹਾਲ, ਜੇਲ੍ਹ, ਪੋਲੀਸ ਸਟੇਸ਼ਨ। 1904 ਵਿਚ ਇਸਦੀ 8350 ਦੇ ਕਰੀਬ ਜੰਨਸੰਖਿਆ ਸੀ। ਇਹ ਇਕ ਘੋਸ਼ਿਤ ਕੀਤਾ ਸ਼ਹਿਰ ਸੀ। ਕਮਿਸ਼ਨਰ ਅਤੇ ਕੌਂਸਿਲ ਬਣੇ। 1905 ਵਿਚ ਅਲਬਰਟਾ ਦੀ ਕੈਪੀਟਲ ਸਿਟੀ ਬਣੀ। 1906 ਵਿਚ ਇਸਨੂੰ ਕਾਨੂੰਨੀ ਤੌਰ 'ਤੇ ਅਲਬਰਟਾ ਦੀ ਰਾਜਧਾਨੀ ਘੋਸ਼ਿਤ ਕੀਤਾ ਗਿਆ। ਮਿਊਂਸਿਪਲ ਕਮੇਟੀ ਦਾ ਸਿਟੀ ਹਾਲ 1957 ਵਿਚ ਬਣਿਆ। ਪਹਿਲੀ ਪੁਲਿਸ ਭਰਤੀ 1892 ਵਿਚ ਹੋਈ ਅਤੇ 1908 ਵਿਚ ਰੇਲਵੇ ਟਰੈਕ ਹੋਂਦ ਵਿਚ ਆਇਆ। ਦੂਸਰੀ ਜੰਗ ਦੌਰਾਨ ਰੋਇਕ ਕਨੇਡੀਅਨ ਏਅਰ ਫੋਰਸ (ਛਓਢ) 1944 ਵਿਚ ਬਣੀ, ਜਿਸ ਵਿਚ ਲਗਭਗ 418 ਵਿਅਕਤੀ ਭਰਤੀ ਕੀਤੇ ਗਏ।

ਐਡਮਿੰਟਨ ਆਰਟਸ ਕਲਾਵਾਂ ਵਿਚ ਬਹੁਤ ਅਮੀਰ ਹੈ। ਐਡਮਿੰਟਨ ਆਰਟ ਗੈਲਰੀ ਜੋ ਸਭ ਤੋਂ ਪੁਰਾਣੀ ਪਬਲਿਕ ਆਰਟ ਗੈਲਰੀ ਹੈ, 1924 ਵਿਚ ਖੋਲ੍ਹੀ ਗਈ। ਇੰਟਰਨੈਸ਼ਨਲ ਪੇਟਿੰਗ, ਫ਼ੋਟੋਗ੍ਰਾਫੀ ਆਦਿ ਵਿਚ ਇਸਦਾ ਨਾਂ ਹੈ। ਐਡਮਿੰਟਨ ਵਿਚ ਕਲਾਸੀਕਲ ਮਿਊਜ਼ਿਕ, ਉਪੇਰਾ, ਨਾਟਕ ਆਦਿ ਰੰਗਮੰਚ ਕਿਰਿਆਵਾਂ ਪ੍ਰਸਿੱਦ ਹਨ। ਇਥੋਂ ਦੇ ਲੋਕ ਪੜ੍ਹਨਾ-ਲਿਖਣਾ ਵੀ ਜ਼ਿਆਦਾ ਪਸੰਦ ਕਰਦੇ ਹਨ। ਕਲੋਡਿਨ ਡੇਅ ਹਰ ਸਾਲ ਜੁਲਾਈ ਮਹੀਨੇ ਮਨਾਇਆ ਜਾਂਦਾ ਤੇ ਲਗਭਗ 50 ਹੋਰ ਮਹੱਤਵਪੂਰਨ ਤਿਉਹਾਰ ਮਨਾਏ ਜਾਂਦੇ ਹਨ। ਇਸ ਸਮੇਂ ਲੋਕ ਘੋੜ ਸਵਾਰੀ ਅਤੇ ਵੱਖ-ਵੱਖ ਖੇਡਾਂ ਤੇ ਖੇਡ ਕਿਰਿਆਵਾਂ ਦਾ ਭਰਪੂਰ ਆਨੰਦ



ਲੈਂਦੇ ਹਨ। ਗਰਮੀਆਂ ਵਿਚ ਐਡਮਿੰਟਨ ਫੋਲਕ ਮਿਊਜ਼ਿਕ ਅਤੇ ਹੋਰ ਕਈ ਤਿਉਹਾਰ ਮਨਾਏ ਜਾਂਦੇ ਹਨ। ਜੁਲਾਈ ਮਹੀਨੇ ਵਿਚ ਐਡਮਿੰਟਨ ਇੰਟਰਨੈਸ਼ਨਲ ਪਰਫਾਰਮੈਂਸ ਫੈਸਟੀਵਲ ਮਨਾਏ ਜਾਂਦੇ ਹਨ। ਇਸ ਤੋਂ ਇਲਾਵਾ ਜੁਲਾਈ ਮਹੀਨੇ ਵਿਚ ਹੀ ਥੀਏਟਰ ਰੰਗਮੰਚ ਮੇਲੇ ਦੌਰਾਨ ਲਗਭਗ 1000 ਨਾਟਕ ਖੇਡਿਆ ਜਾਂਦਾ ਹੈ। ਹਰ ਸਾਲ ਅਗਸਤ ਮਹੀਨੇ ਕੈਰੀਬੀਨ ਆਰਟਸ ਫੈਸਟੀਵਲ ਤੇ ਹੋਰ ਕਈ ਮਹੱਤਵਪੂਰਨ ਤਿਉਹਾਰ ਮਨਾਏ ਜਾਂਦੇ ਹਨ। ਹੋਟਲਾਂ ਵਿਚ ਹਰ ਪ੍ਰਕਾਰ ਦਾ ਖਾਣਾ ਮਿਲਦਾ ਹੈ। ਦੇਸ਼-ਵਿਦੇਸ਼ ਦੇ ਸਾਰੇ ਵਿਅੰਜਨ, ਪਦਾਰਥ, ਮਿਸ਼ਠਾਨ, ਸ਼ਾਕਾਹਾਰੀ, ਮਾਸਾਹਾਰੀ ਆਦਿ ਮਿਲਦੇ ਹਨ।

ਚਰਚ ਤੇ ਹੋਰ ਕਈ ਕਲਾਵਾਂ ਹਨ। ਇਨ੍ਹਾਂ ਦੇ ਮੇਲੇ ਲਗਦੇ ਹਨ। ਅਮਰੀਕੀ ਕਾਰੀਗਰਾਂ ਨੇ ਅਲਾਸਕਾ ਹਾਈਵੇਅ ਤਿਆਰ ਕੀਤਾ, ਪਰ ਐਡਮਿੰਟਨ ਵਿਚ ਅਸਲੀ ਤੇਜ਼ੀ ਫ਼ਰਵਰੀ 1947 ਵਿਚ ਸ਼ੁਰੂ ਹੋਈ, ਜਦੋਂ ਸ਼ਹਿਰ ਤੋਂ ਲਗਭਗ 50 ਕਿਲੋਮੀਟਰ ਦੂਰ ਦੱਖਣ-ਪੱਛਮ ਵਾਲੇ ਪਾਸੇ ਸਥਿਤ ਲੈਡੱਵੇਕ ਵਿਖੇ ਤੇਲ ਦੇ ਭੰਡਾਰ ਲੱਭੇ ਗਏ। ਜਿਉਂ-ਜਿਉਂ ਤੇਲ ਨੂੰ ਲੱਭਣ ਲਈ ਡਰਿਲਿੰਗ ਆਪਰੇਸ਼ਨ ਚਲਾਏ ਗਏ, ਤਿਉਂ-ਤਿਉਂ ਤੇਲ ਦੇ ਨਵੇਂ ਭੰਡਾਰਾਂ ਦਾ ਪਤਾ ਲੱਗਦਾ ਗਿਆ, ਤੇ ਹਜ਼ਾਰਾਂ ਦੀ ਤਦਾਦ ਵਿਚ ਲੋਕ ਇਸ ਖੇਤਰ ਵੱਲ ਆਉਣੇ ਸ਼ੁਰੂ ਹੋ ਗਏ। ਅਜੇ ਤੇਲ ਦੇ ਹੋਰ ਵੀ ਕਈ ਭੰਡਾਰ ਖੋਜੇ ਜਾ ਰਹੇ ਹਨ। ਇਥੇ ਬਹੁਤ ਸਾਰੇ ਪੈਟਰੋਲੀਅਮ, ਫੂਡ ਪਰੋਸੈਸਿੰਗ ਅਤੇ ਪਲਾਸਟਿਕ ਅਤੇ ਤੇਲ ਉਦਯੋਗ ਸਥਾਪਿਤ ਹਨ। ਇੱਥੇ ਬਹੁਤ ਸਾਰੇ ਰਿਸਰਚ ਸੈਂਟਰ ਹਨ ਜਿਨ੍ਹਾਂ ਨੂੰ ਟੈਕਨਾਲੋਜੀ, ਦਵਾਈਆਂ ਅਤੇ ਤੇਲ ਦੇ ਖੇਤਰਾਂ ਵਿਚ ਮੁਹਾਰਤ ਹਾਸਲ ਹੈ। 1947 ਵਿਚ ਦੋ ਦਰਜਨ ਦੇ ਕਰੀਬ ਟਰਾਂਜਿੱਟ ਸੈਂਟਰ, 100 ਟਰਾਲੀ ਬੱਸਾਂ ਅਤੇ 127 ਕਿਲੋਮੀਟਰ ਟਰਾਲੀ ਬੱਸ ਮਾਰਗ ਸ਼ੁਰੂ ਹੋਏ।

ਐਡਮਿੰਟਨ ਖ਼ੂਬਸੂਰਤ ਸ਼ਹਿਰ ਵਿਚ ਵਧੀਆਂ ਵਿਦਿਅਕ ਅਦਾਰੇ ਤੇ ਮਹੱਤਵਪੂਰਨ ਖੋਜ ਕੇਂਦਰ ਹਨ। ਐਲ-ਬਰਟਾ ਯੂਨੀਵਰਸਿਟੀ ਵਿਚ ਲਗਭਗ 30,000 ਵਿਦਿਆਰਥੀ ਪੜ੍ਹਦੇ ਹਨ। ਇੱਥੇ ਹੋਰ ਵੀ ਕਈ ਮਹੱਤਵਪੂਰਨ ਕਾਲਜ ਹਨ। ਐਡਮਿੰਟਨ ਵਿਚ ਚਾਰ-ਚੁਫ਼ੇਰੇ ਹਰਿਆਲੀ ਹੀ ਹਰਿਆਲੀ ਨਜ਼ਰ ਆਉਂਦੀ ਹੈ। ਨਹਿਰ ਵੈਲੀ ਦੇ ਇਰਦ-ਗਿਰਦ ਹਰਿਆਲੀ ਹੀ ਹਰਿਆਲੀ ਨਜ਼ਰ ਆਉਂਦੀ ਹੈ। ਲਗਭਗ ਦੋ ਲੱਖ ਲੋਕ ਹਰ ਸਾਲ ਇਸਦੇ ਰਸਤਿਆਂ 'ਚੋਂ ਲੰਘਦੇ ਹਨ। ਐਡਮਿੰਟਨ ਵਿਚ ਦੋ ਨੈਸ਼ਨਲ ਪਾਰਕ ਤੇ ਇਕ ਪਬਲਿਕ ਗੋਲਫ ਕੋਰਸਿਸ ਵੀ ਹੈ। ਇਸਦੇ ਨਜ਼ਦੀਕ ਪੈਂਦ ਪ੍ਰਸਿੱਧ ਸਥਾਨ ਜਸਪਰ ਅਤੇ ਐਲਕ ਆਇਲੈਂਡ ਵਿਚ ਲਗਭਗ 9 ਖ਼ੂਬਸੂਰਤ ਪਾਰਕ ਹਨ। ਇਸ ਦੇ ਆਸ ਪਾਸ ਅਨੇਕਾਂ ਹੀ ਖ਼ੂਬਸੂਰਤ ਸਥਾਨ ਜਿਵੇਂ ਕਿ ਕੈਨਮੌਰ, ਗਲੈਕਸੀ ਲੈਂਡ, ਡਲੂਕ (ਤੇਲ ਫੈਕਟਰੀਆਂ), ਜਸਪਰ, ਸੁੰਦਰ ਝੀਲਾਂ ਲੇਕ ਲੂਈ, ਵੇਲ ਮਾਊਂਟ, ਰੈਡੱ ਡੀਅਰ, ਕੈਲਗਰੀ, ਬੈਂਫ, ਗਲੇਸ਼ੀਅਰ ਅਤੇ ਹੋਰ ਅਨੇਕਾਂ ਸਥਾਨ ਹਨ।

ਐਡਮਿੰਟਨ ਵਿਚ ਸੁੱਖ-ਸੁਵਿਧਾ ਲਈ ਅਨੇਕਾਂ ਦੈਹਿਕ, ਭੌਤਿਕ, ਸਮਾਜਿਕ ਅਤੇ ਵਿਚਾਰਕ ਆਜ਼ਾਦੀ ਦੀ ਕਾਨੂੰਨੀ ਪ੍ਰਕਿਰਿਆ ਦਾ ਪ੍ਰਚਲਨ ਹੈ। ਇੱਥੇ ਬੇਈਮਾਨੀ ਨਹੀਂ। ਕਾਨੂੰਨ ਖ਼ੁਸ਼ੀ ਦਾ ਜ਼ਰੀਆ ਹੈ। ਉਚੀਆਂ ਇਮਾਰਤਾਂ। ਕਾਲੀ ਮਿੱਟੀ ਗੋਰੇ ਲੋਕ। ਸੁੰਦਰ ਬਾਗ਼। ਔਰਤਾਂ ਨੂੰ ਬੇਹੱਦ ਆਜ਼ਾਦੀ। ਇੱਥੋਂ ਦੀਆਂ ਔਰਤਾਂ ਹੈਵੀ ਟਰੱਕ ਡਰਾਈਵਿੰਗ ਤੋਂ ਲੈ ਕੇ ਹਰ ਤਰ੍ਹਾਂ ਦਾ ਜਹਾਜ਼ ਚਲਾਉਣ ਵਿਚ ਨਿਪੁੰਨ ਹਨ। ਹਰ ਖੇਤਰ ਵਿਚ ਔਰਤਾਂ ਨੇ ਤਰੱਕੀ ਦੇ ਝੰਡੇ ਗੱਡੇ ਹਨ। ਹਰ ਅਹੁਦਾ ਲਾਇਸੈਂਸ ਦੀ ਪ੍ਰਕਿਰਿਆ 'ਚੋਂ ਗੁਜ਼ਰਦਾ ਹੈ। ਹਰ ਕਾਰਜ ਵਿਧੀ ਸਰਕਾਰ ਦੀ ਨਜ਼ਰ ਵਿਚ ਹੁੰਦੀ ਹੈ। ਇੰਟਰਨੈਟੱ ਸਿਸਟਮ ਮਜ਼ਬੂਤ ਹੈ। ਸਫ਼ਾਈ ਦੀ ਪਾਰ-ਦਰਸ਼ਤਾ ਵਾਤਾਵਰਣ ਨੂੰ ਜਿੱਥੇ ਸ਼ੁੱਧ ਬਣਾਉਂਦੀ ਹੈ, ਉਥੇ ਸਿਹਤਵਰਧਕ ਵੀ ਹੈ। ਸੜਕਾਂ ਉਪੱਰ ਪੁਲਿਸ ਘੱਟ ਨਜ਼ਰ ਆਉਂਦੀ ਹੈ ਕਿਉਂਕਿ ਇੰਟਰਨੈਟੱ ਨਾਲ ਜੁੜਿਆ ਸਿਸਟਮ ਹੈ। ਕੋਈ ਵੀ ਸਰਕਾਰੀ ਜਾ ਗ਼ੈਰ-ਸਰਕਾਰੀ ਕੰਮ ਹੋ ਰਿਹਾ ਹੈ, ਸਰਕਾਰ ਦੀ ਨਜ਼ਰ ਵਿਚ ਹੁੰਦਾ ਹੈ। ਹਰ ਇਕ ਬੰਦਾ ਖ਼ੁਸ਼ੀ ਖ਼ੁਸ਼ੀ ਟੈਕਸ ਦਿੰਦਾ ਹੈ। ਸੜਕਾਂ ਦੇ ਆਲੇ ਦੁਆਲੇ ਖ਼ਾਮੋਸ਼ੀ ਤੇ ਚੁੱਪ ਚਾਂ। ਆਵਾਜ਼ ਤੇ ਹਵਾ ਪ੍ਰਦੂਸ਼ਣ ਨਹੀਂ। ਕਣ ਕਣ ਵਿਚ ਪਿਆਰ ਅਤੇ ਸਤਿਕਾਰ। ਕੋਈ ਵੀ ਵਿਅਕਤੀ ਕੁਤਾਹੀ ਨਹੀਂ ਕਰ ਸਕਦਾ। ਦੋਸ਼ੀ ਚੁਟਕੀ ਨਾਲ ਫੜ ਲਏ ਜਾਂਦੇ ਹਨ। ਅਨੈਤਿਕ ਕੰਮ ਕਰਨ ਵਾਲੇ ਲੋਕ ਜਲਦੀ ਫੜੇ ਜਾਂਦੇ ਹਨ। ਅਨੈਤਿਕ ਕਾਰਜ ਕਰਨ ਵਾਲੇ ਸ਼ੈਤਾਨਾਂ ਨੂੰ ਜਲਦੀ ਲਗਾਮ ਪਾ ਲਈ ਜਾਂਦੀ ਹੈ। ਔਰਤ ਨੂੰ ਰੱਬ ਤੋਂ ਜ਼ਿਆਦਾ ਪਿਆਰ, ਸਹੂਲਤਾਂ ਤੇ ਆਜ਼ਾਦੀ ਦਿੱਤੀ ਗਈ ਹੈ। ਅਹੁਦਿਆਂ ਵਿਚ ਅਹੰਕਾਰ ਤੇ ਪਹਿਚਾਣ ਦੀ ਜ਼ਰੂਰਤ ਹੀ ਨਹੀਂ ਸਮਝੀ ਜਾਂਦੀ, ਕੇਵਲ ਆਚਾਰ ਤੇ ਵਿਚਾਰ ਸੰਪਦਾ 'ਤੇ ਇਨਸਾਨੀਅਤ ਦੀ ਮੋਹਰ ਲੱਗਦੀ ਹੈ। ਸਿੱਖਿਆ, ਮੈਡੀਕਲ ਅਤੇ ਬੱਚਿਆਂ ਬਜ਼ੁਰਗਾਂ ਦੀਆਂ ਸਹੂਲਤਾਂ ਅਤੇ ਖ਼ਰਚੇ



ਮੁਫ਼ਤ ਹਨ। ਹਰ ਮੁਹੱਲੇ ਵਿਚ ਵੱਡੀ ਲਾਇਬ੍ਰੇਰੀ, ਜਿੱਮ ਅਤੇ ਮਨੋਰੰਜਨ ਪਾਰਕ ਹਨ। ਇੱਥੋਂ ਦੇ ਲੋਕ ਮਨੋਰੰਜਨ ਅਤੇ ਕਿਤਾਬਾਂ ਪੜ੍ਹਨ ਦੇ ਬਹੁਤ ਸ਼ੌਕੀਨ ਹਨ। ਬੱਚਿਆਂ ਦੇ ਬੌਧਿਕ ਸਤਰ ਅਤੇ ਮਨੋਰੰਜਨ ਲਈ ਕਿਤਾਬਾਂ ਪੜ੍ਹਨ ਦੇ ਮੁਕਾਬਲੇ ਅਤੇ ਹੋਰ ਕਈ ਤਰ੍ਹਾਂ ਦੇ ਲਘੂ ਮੁਕਾਬਲਿਆਂ ਵਿਚ ਬੱਚਿਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਸਕੂਲਾਂ ਕਾਲਜਾਂ ਦੀਆਂ ਇਮਾਰਤਾਂ ਸਭ ਤੋਂ ਖ਼ੂਬ-ਸੂਰਤ ਤੇ ਸੁਵਿਧਾਪੂਰਕ ਹਨ।

ਅਣਗਿਣਤ ਮਨੁੱਖੀ ਸਹੂਲਤਾਂ ਉਪਲਬੱਧ ਹਨ। ਅਨੇਕਾਂ ਸਟੋਰ, ਰੈਸਟੋਰੈਂਟ, ਸਿਨੇਮਾ ਘਰ, ਫੈਨਟੈਂਸੀ ਲੈਂਡ ਹੋਟਲ, ਮੱਛਲੀ ਘਰ ਅਤੇ ਅੰਦਰੂਨੀ ਬਰਫ਼ ਦਾ ਮੈਦਾਨ ਵੀ ਬਣਿਆ ਹੋਇਆ ਹੈ। ਐਡਮਿੰਟਨ ਵਿਖੇ ਰਾਤ ਨੂੰ ਸਸਕੈਚਵਿਨ ਨਹਿਰ ਵਿਚ ਇਕ ਦੋ ਮੰਜ਼ਿਲਾ ਮਨੋਰੰਜਕ ਸ਼ਿੱਪ ਚੱਲਦਾ ਹੈ ਜਿਸ ਵਿਚ ਹੋਟਲ ਤੇ ਹੋਰ ਸਹੂਲਤਾਂ ਹਨ। ਇਹ ਸ਼ਿੱਪ ਕਈ ਘੰਟੇ ਨਹਿਰ ਦੇ ਆਲੇ ਦੁਆਲੇ ਰੌਸ਼ਨੀਆਂ ਵਿਚ ਜਗਮਗਾਉਂਦਾ ਸਾਰੇ ਐਡਮਿੰਟਨ ਸ਼ਹਿਰ ਦੇ ਰਮਣੀਕ ਦਰਸ਼ਨ ਕਰਵਾਉਂਦਾ ਹੈ।

### ਵਿਸ਼ਵ ਪ੍ਰਸਿੱਧ ਹੈ ਐਡਮਿੰਟਨ (ਕਨੇਡਾ) ਦੀ ਕਾਰਗੁਜ਼ਾਰੀ ਤੇ ਖ਼ੂਬਸੂਰਤੀ (ਭਾਗ-2)

ਗਲੈਕਸੀ ਲੈਂਡ: ਗਲੈਕਸੀ ਲੈਂਡ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਅੰਦਰੂਨੀ ਮਨਪ੍ਰਚਾਵਾ ਪਾਰਕ ਸਮਝਿਆ ਜਾਂਦਾ ਹੈ। ਇਹ ਇਕ ਵਿਸ਼ਾਲ ਲੰਬੀ-ਚੌੜੀ ਤੇ ਉਚੀ ਤੇਰਾਂ ਮੰਜ਼ਿਲਾ ਇਮਾਰਤ ਹੈ। ਇਸ ਵਿਚ ਇਕ ਡੂੰਘਾ ਸਮੁੰਦਰ, ਡਾਲਫਿਨ ਸ਼ੋਅ ਅਤੇ ਬਹੁਤ ਵੱਡਾ ਪਾਣੀ ਦਾ ਤਲਾਬ ਹੈ, ਜਿਸ ਵਿਚ ਪਾਣੀ ਦੇ ਝਲਕਾਰੇ ਨਾਲੇ ਕਈ ਤਰ੍ਹਾਂ ਪ੍ਰਤੀਬਿੰਬ ਬਣਦੇ ਹਨ। ਇਹ ਕਈ ਪੂਲ ਬਣੇ ਹੋਏ ਤੇ ਇਕ ਅੰਦਰੂਨੀ ਬੀਚ 'ਚ ਲੋਕ ਦਿਨ ਭਰ ਦੀ ਥਕਾਵਟ ਦੂਰ ਕਰਨ ਲਈ ਆਉਂਦੇ ਹਨ। ਵੈਸਟ ਐਡਮਿੰਟਨ ਮਾਲ ਕਨੇਡਾ ਦਾ ਇਕ ਵਿਸ਼ਵ ਪ੍ਰਸਿੱਧ ਮਸ਼ਹੂਰ ਇਨਡੋਰ ਬਾਜ਼ਾਰ ਹੈ। ਐਲਬਰਟਾ ਦਾ ਅਜਾਇਬ ਘਰ ਕਨੇਡਾ ਦਾ ਮਸ਼ਹੂਰ ਅਜਾਇਬ ਘਰ ਹੈ ਜੋ 1967 ਵਿਚ ਸ਼ੁਰੂ ਹੋਇਆ ਸੀ। ਇਸ ਵਿਚ 7 ਸਥਾਨ ਹਨ। ਇਸ ਸਥਾਨ ਵਿਚ ਮਹੱਤਵਪੂਰਨ ਪੌਦਾ ਵਿਗਿਆਨ, ਭੂਗੋਲਿਕ ਜਾਨਵਰ, ਸਮਾਜਿਕ ਇਤਿਹਾਸ ਤੇ ਤਰ੍ਹਾਂ-ਤਰ੍ਹਾਂ ਦੀਆ ਪ੍ਰਦਰਸ਼ਨੀਆਂ ਵੀ ਹਨ।

ਸਕੈਚਵਨ ਨਹਿਰ ਦੇ ਕਿਨਾਰੇ ਉਪੱਰ ਐਲਬਰਟਾ ਦੀ ਵਿਧਾਨਸਭਾ ਦੀ ਖ਼ੂਬਸੂਰਤ ਇਮਾਰਤ ਹੈ। ਇਸ ਇਮਾਰਤ ਨੂੰ ਐਲਾਨ ਮੈਰਿਕ ਜੈਫਰ ਨੇ ਬਣਾਇਆ ਸੀ। ਇਹ ਇਕ ਬੜੀ ਵਿਕਸਿਤ ਸ਼ੈਲੀ 'ਚ ਸੁਸ਼ੋਭਿਤ ਇਮਾਰਤ ਹੈ ਜਿਸਦਾ ਫਰਸ਼ ਟੀ ਦੀ ਸ਼ਕਲ 'ਚ ਤਿਆਰ ਕੀਤਾ ਗਿਆ ਤੇ ਪ੍ਰਵੇਸ਼ ਦੁਆਰ 'ਤੇ ਵੱਡੇ-ਵੱਡੇ ਥੰਮ ਉਸਾਰੇ ਗਏ ਹਨ ਤੇ ਇਮਾਰਤ ਉਪੱਰ ਇਕ ਵੱਡਾ ਗੁਬੰਦ ਬਣਿਆ ਹੋਇਆ ਹੈ। ਐਡਮਿੰਟਨ ਸ਼ਹਿਰ ਵਿਚ ਸਭ ਤੋਂ ਪਹਿਲਾਂ 3000 ਬੀ.ਸੀ. ਅਤੇ ਇਸ ਤੋਂ ਵੀ ਪਹਿਲਾਂ 12000 ਬੀ.ਸੀ. ਵਿਚ ਆ ਕੇ ਲੋਕ ਵੱਸੇ ਸਨ, ਜਦੋਂ ਇਕ ਬਰਫ਼ ਮੁਕਤ ਕੋਰੀਡੋਰ ਪਿਛਲੇ ਗਲੇਸ਼ੀਅਰ ਮਿਆਦ ਦੇ ਖ਼ਤਮ ਹੋਣ 'ਤੇ ਖੁਲ੍ਹਿਆ ਅਤੇ ਲੱਕੜ, ਪਾਣੀ ਅਤੇ ਜੰਗਲੀ ਜੀਵਨ ਇਥੇ ਉਪਲੱਬਧ ਹੋਇਆ।

1754 ਵਿਚ ਐਨਥਨੀ ਹੈਂਡੀ ਜੋਕਿ ਹੰਡਸਨਜ਼ ਬੇਅ ਕੰਪਨੀ ਦਾ ਇਕੋ ਇਕ ਖੋਜੀ ਸੀ ਨੇ ਇਸ ਸਥਾਨ 'ਤੇ ਸਭ ਤੋਂ ਪਹਿਲਾਂ ਪਰਵੇਸ਼ ਕੀਤਾ। ਉਸਦੇ ਸਫ਼ਰ ਦੀ ਮੁਹਿੰਮ ਸਿਰਫ਼ ਵਪਾਰ ਵਾਸਤੇ ਸੀ, ਜਿਸ ਦੌਰਾਨ ਉਹ ਆਦਿਵਾਸੀਆਂ ਨਾਲ ਸੰਪਰਕ ਕਰਨਾ ਚਾਹੁੰਦਾ ਸੀ ਕਿਉਂਕਿ ਹੰਡਸਨਜ਼ ਬੇ ਕੰਪਨੀ ਅਤੇ ਨਾਰਥ ਵੈਸਟ ਕੰਪਨੀ ਵਿਚ ਸਖ਼ਤ ਮੁਕਾਬਲਾ ਸੀ। 1795 ਤੱਕ ਫੋਰਟ ਐਡਮਿੰਟਨ ਹੰਡਸਨਜ਼ ਬੇ ਕੰਪਨੀ ਵਾਸਤੇ ਇਕ ਪ੍ਰਮੁੱਖ ਵਪਾਰ ਪੋਸਟ ਦੇ ਰੂਪ ਵਿਚ ਨਦੀ ਦੇ ਉਤੱਰੀ ਕਿਨਾਰੇ 'ਤੇ ਸਥਾਪਤ ਕਰ ਦਿੱਤਾ ਗਿਆ। ਫੋਰਟ ਦਾ ਨਵਾਂ ਨਾਂ ਜਾਨ ਪੀਟਰ ਪਰੂਡਨ ਨੇ ਸੁਝਾਅ ਦੇ ਤੌਰ 'ਤੇ ਦਿੱਤਾ। ਜਿੱਥੇ ਹੰਡਸਨਜ਼ ਬੇ ਕੰਪਨੀ ਦੇ ਡਿਪਟੀ ਗਵਰਨਰ ਸ੍ਰੀਮਾਨ ਜੇਮਜ਼ ਵਿੰਟਰ ਲੇਕ ਅਤੇ ਪਰੂਡਨ ਦੋਵਾਂ ਦਾ ਘਰ ਸੀ।

1876 ਵਿਚ ਸੰਧੀ-6 ਹੋਈ ਜਿਸ ਵਿਚ ਇਹ ਸ਼ਾਮਿਲ ਹੈ ਜੋ ਹੁਣ ਐਡਮਿੰਟਨ ਹੈ, ਕਨਾਡਾ ਦੇ ਆਦਿਵਾਸੀ ਲੋਕਾਂ ਅਤੇ ਰਾਣੀ ਵਿਕਟੋਰੀਆ ਕਨਾਡਾ ਦੀ ਗੱਦੀ ਦੇ ਵਿਚ ਦਸਤਖ਼ਤ ਕੀਤੇ ਗਏ ਸੀ। ਇਸ ਸਮਝੌਤੇ ਵਿਚ ਮੈਦਾਨ, ਜੰਗਲ, ਦਰੱਖ਼ਤ, ਐਸੀਨੀਬੋਨੀ ਅਤੇ ਫੋਰਟ ਕਾਰਲਟਨ, ਫੋਰਟ ਪਿੱਟ ਅਤੇ ਬੈਟਲ ਰਿਵਰ ਸ਼ਾਮਿਲ ਹੈ। 1880 ਵਿਚ ਕੈਨੇਡੀਅਨ ਪੈਸਿਫਿਕ ਰੇਲਵੇ ਦੇ ਦੱਖਣੀ ਐਲਬਰਟਾ ਵਿਚ ਆਉਣ ਕਰਕੇ ਐਡਮਿੰਟਨ ਦੀ ਆਰਥਿਕਤਾ ਨੂੰ ਮਦਦ ਮਿਲੀ ਅਤੇ 1891 ਵਿਚ ਕੈਲਗਰੀ ਅਤੇ ਐਡਮਿੰਟਨ ਰੇਲਵੇ ਹੋਂਦ ਵਿਚ ਆਈ।

ਇਮਾਰਤ ਨਾਲ ਇਕ ਰੇਲ ਟਾਊਨ ਐਡਮਿੰਟਨ ਦੇ ਦੱਖਣੀ ਨਦੀ ਦੇ ਪਾਸੇ ਬਣ ਗਿਆ। ਸੀ.ਪੀ.ਆਰ. ਅਤੇ ਸੀ. ਐਂਡ ਐਫ਼. ਰੇਲਵੇ ਆਉਣ ਨਾਲ ਕਨਾਡਾ, ਯੂਰਪ, ਅਮਰੀਕਾ ਅਤੇ ਸੰਸਾਰ ਦੇ ਹੋਰ ਹਿੱਸੇ ਵਿਚੋਂ ਉਦਯੋਗਪਤੀਆਂ ਨੂੰ ਕਾਫ਼ੀ ਮਦਦ ਮਿਲੀ। ਐਡਮਿੰਟਨ ਖੇਤਰ ਦੀ ਉਪਜਾਊ ਮਿੱਟੀ ਅਤੇ



ਸਸਤੀ ਜ਼ਮੀਨ ਨੇ ਲੋਕਾਂ ਨੂੰ ਆਕਰਸ਼ਿਤ ਕੀਤਾ, ਜਿਸ ਨਾਲ ਐਡਮਿੰਟਨ ਪ੍ਰਮੁੱਖ ਖੇਤਰੀ ਵਪਾਰਕ ਅਤੇ ਖੇਤਬਾੜੀ ਵਜੋਂ ਅੱਗੇ ਵਧਣ ਲੱਗਾ। ਕੁਝ ਲੋਕ ਜਿਨ੍ਹਾਂ ਨੇ ਰਲਾਨਡਾਈਕ ਗੋਲਡ ਰੱਸ਼ ਵਿਚ ਹਿੱਸਾ ਲਿਆ ਸੀ ਉਹ 1897 ਵਿਚ ਦੱਖਣੀ ਐਡਮਿੰਟਨ ਸਟਰੈਥਕਾਨਾ ਦੁਆਰਾ ਲੰਘੇ। ਸਟਰੈਥਕਾਨਾ ਉਤੱਰੀ ਅਮਰੀਕਾ ਵਿਚ ਉਤੱਰੀ ਰੇਲਵੇ ਖੇਤਰ ਸੀ ਪਰ ਕਲਾਨਡਾਈਕ ਦੀ ਯਾਤਰਾ ਕਲਾਨਡਾਈਕਿਸ ਲਈ ਅਜੇ ਵੀ ਬਹੁਤ ਮੁਸ਼ਕਿਲ ਸੀ ਅਤੇ ਜ਼ਿਆਦਾ ਲੋਕ ਉਤੱਰ ਵੈਨਕੂਵਰ ਤੇ ਸਟੀਮਸ਼ਿੱਪ ਲੈ ਕੇ ਜਾਂਦੇ ਸਨ।

ਸੱਤ ਸੌ ਦੀ ਆਬਾਦੀ ਨਾਲ 1892 ਵਿਚ ਇਕ ਸ਼ਹਿਰ ਦੇ ਤੌਰ 'ਤੇ ਫਿਰ 1904 ਵਿਚ 8350 ਦੀ ਆਬਾਦੀ ਦੇ ਨਾਲ ਐਡਮਿੰਟਨ ਸਤੰਬਰ 1905 ਵਿਚ ਐਲਬਰਟਾ ਦੀ ਰਾਜਧਾਨੀ ਬਣ ਗਿਆ। 1 ਨਵੰਬਰ 1905 ਵਿਚ ਕੈਨੇਡੀਅਨ ਉਤੱਰੀ ਰੇਲਵੇ ਦੇ ਐਡਮਿੰਟਨ ਵਿਚ ਆਉਣ ਨਾਲ ਇਸਦੇ ਵਿਕਾਸ ਵਿਚ ਤੇਜ਼ੀ ਨਾਲ ਵਾਧਾ ਹੋਇਆ। 1990 ਦੇ ਸ਼ੁਰੂ ਵਿਚ ਐਡਮਿੰਟਨ ਦੇ ਤੇਜ਼ ਵਿਕਾਸ ਦੇ ਅਸਲ ਜਾਇਦਾਦ ਵਿਚ ਕਿਆਸ ਲਗਾਏ। 1912 ਵਿਚ ਐਡਮਿੰਟਨ ਸ਼ਹਿਰ ਸਟਰੈਥਕਾਨਾ ਦੇ ਨਾਲ ਮਿਲਿਆ, ਜਿਸਦੇ ਨਾਲ ਇਹ ਸ਼ਹਿਰ ਪਹਿਲੀ ਵਾਰ ਸਸਕਚੈਵਨ ਨਦੀ ਦੇ ਦੱਖਣ ਵੱਲ ਵਧਿਆ।

ਪਹਿਲੇ ਵਿਸ਼ਵ ਯੁੱਧ ਦੇ ਥੋੜ੍ਹੀ ਦੇਰ ਪਹਿਲਾਂ ਸ਼ਹਿਰ ਦੇ ਵਿਕਾਸ ਵਿਚ ਰੁਕਾਵਟ ਆਈ ਅਤੇ ਸ਼ਹਿਰ ਦੀ ਆਬਾਦੀ 1914 ਵਿਚ 72000 ਤੋਂ ਜ਼ਿਆਦਾ ਅਤੇ ਉਸ ਤੋਂ ਦੋ ਸਾਲ ਬਾਅਦ 54000 ਤੋਂ ਵੀ ਘਟ ਗਈ। ਕਈ ਗ਼ਰੀਬ ਪਰਿਵਾਰ ਸ਼ਹਿਰ ਦੇ ਬਾਹਰ ਫਾਰਮ ਵਿਚ ਚਲੇ ਗਏ ਅਤੇ ਕੁਝ ਲੋਕ ਹਰਿਆਵਲੀ ਵਾਲੇ ਇਲਾਕਿਆਂ ਵਿਚ ਚਲੇ ਗਏ। ਜੰਗ ਦੇ ਦੌਰਾਨ ਕਨਾਡਾ ਦੀ ਫ਼ੌਜ ਦੇ ਲਈ ਭਰਤੀ ਹੋਣ ਕਰਕੇ ਆਬਾਦੀ ਵਿਚ ਗਿਰਾਵਟ ਹੋਈ। 1920 ਤੋਂ 1930 ਵਿਚ ਸ਼ਹਿਰ ਦੀ ਆਬਾਦੀ ਵਿਚ ਹੋਲੀ-ਹੋਲੀ ਸੁਧਾਰ ਆਇਆ ਅਤੇ ਵਿਸ਼ਵ ਯੁੱਧ ਦੂਸਰੇ ਦੇ ਦੌਰਾਨ ਅਤੇ ਬਾਅਦ ਵਿਚ ਫਿਰ ਆਬਾਦੀ ਅਤੇ ਅਰਥਵਿਵਸਥਾ ਵਿਚ ਘਾਟਾ ਪਿਆ। ਐਡਮਿੰਟਨ ਕੇਂਦਰੀ ਏਅਰਪੋਰਟ 1929 ਵਿਚ ਖੁੱਲ੍ਹਿਆ ਅਤੇ ਇਹ ਕਨਾਡਾ ਦਾ ਪਹਿਲਾ ਲਾਇਸੈਂਸਸ਼ੁਦਾ ਏਅਰਫੀਲਡ ਸੀ ਜੋਕਿ ਸਾਬਕਾ ਮੇਅਰ ਕੇਨੀ ਬਲੈਚਫੋਰਡ ਦੇ ਸਨਮਾਨ ਵਿਚ ਰੱਖਿਆ ਗਿਆ ਸੀ।

ਪਹਿਲੇ ਐਵੇਟੋਰ ਜਿਵੇਂ ਕਿ ਵਿਲਫਰਿੱਡ ਰ. ਵੋਪ, ਮੇਅ ਅਤੇ ਮੈਕਸ ਵਰਡ ਨੇ ਬਲੈਚਫੋਰਡ ਫੀਲਡ ਨੂੰ ਉਤੱਰੀ ਕਨਾਡਾ ਵਿਚ ਭੋਜਨ ਅਤੇ ਦਵਾਈ ਵੰਡਣ ਲਈ ਵਰਤਿਆ। ਦੂਸਰੇ ਵਿਸ਼ਵ ਯੁੱਧ ਦੌਰਾਨ ਐਡਮਿੰਟਨ ਅਲਾਸਕਾ ਹਾਈਵੇ ਅਤੇ ਨਾਰਥ ਵੈਸਟ ਰੂਟ ਬਣਾਉਣ ਲਈ ਵਰਤਿਆ ਗਿਆ। ਵੇਖਿਆ ਗਿਆ ਹੈ ਕਿ ਕਨੇਡਾ ਸਾਰੇ ਦਾ ਸਾਰਾ ਹੀ ਖ਼ੂਬਸੂਰਤ ਅਤੇ ਆਚਾਰ-ਵਿਹਾਰ, ਕਾਨੂੰਨੀ ਪ੍ਰਕਿਰਿਆ ਵਿਚ ਵਿਗਿਆਨਕ, ਭੂਗੋਲਿਕ ਤੇ ਖ਼ੂਬਸੂਰਤ ਸਮਾਜਿਕ ਕਿਰਿਆਵਾਂ ਦਾ ਸੁੰਦਰ ਸੁਮੇਲ ਹੈ ਅਤੇ ਹੋਰ ਸਭ ਤਰ੍ਹਾਂ ਦੀ ਤਰੱਕੀ ਵਿਚ ਖ਼ੂਬ ਮੰਜ਼ਿਲਾਂ ਮਾਰ ਰਿਹਾ ਹੈ।

# ਖਿਡਾਰੀਆਂ ਅਤੇ ਸਿਆਸੀ ਲੀਡਰਾਂ ਦੇ ਐਵਾਰਡਾਂ ਦੀ ਵਾਪਸੀ

## ਮਹਿਜ਼ ਇੱਕ ਡਰਾਮਾ ਜਾਂ ਫੇਰ ਕਿਸਾਨਾਂ ਨਾਲ ਸੱਚਾ ਯਰਾਨਾ

ਖੇਡ ਮੈਦਾਨ ਬੋਲਦਾ ਹੈ



ਜਗਰੂਪ ਸਿੰਘ ਜਰਖੜ
98143-00722

ਖਿਡਾਰੀ ਦੇਸ਼ ਕੌਮ ਦਾ ਸਰਮਾਇਆ ਹੁੰਦੇ ਹਨ ਪਰ ਅੰਨ ਦਾਤਾ ਕਿਸਾਨ ਦੇਸ਼ ਕੌਮ ਦੀ ਹੋਂਦ ਬਚਾਉਣ ਵਿੱਚ ਸਹਾਈ ਹੁੰਦੇ ਹਨ ਜੋ ਲੱਖਾਂ ਕਰੋੜਾ ਲੋਕਾਂ ਦਾ ਪੇਟ ਪਾਲਦੇ ਹਨ ਪਰ ਅੱਜ ਸਮੇਂ ਦੀ ਹਕੂਮਤ ਕਿਸਾਨਾਂ ਦੀ ਹੋਂਦ ਨੂੰ ਮਿਟਾਉਣ ਵਿੱਚ ਲੱਗੀ ਹੋਈ ਹੈ ਇਸ ਮੌਕੇ ਕਿਸਾਨਾਂ ਦੇ ਇਨਸਾਫ ਦੀ ਮੰਗ ਕਰਨ ਵਾਲੀ ਲੜਾਈ ਵਿੱਚ ਉਨ੍ਹਾਂ ਦਾ ਸਾਥ ਦੇਣਾ ਅਤੇ ਉਨ੍ਹਾਂ ਦੇ ਨਾਲ ਖੜ੍ਹਨਾ ਹਰ ਇਨਸਾਨ ਦਾ ਅਪਣਾ ਮੁਢਲਾ ਫ਼ਰਜ਼ ਹੈ । ਪੰਜਾਬ ਦੇ ਨਾਮੀ ਅੰਤਰਰਾਸ਼ਟਰੀ ਅਤੇ ਓਲੰਪਿਕ ਪੱਧਰ ਦੇ ਖਿਡਾਰੀਆਂ ਨੇ ਜੋ ਖੇਡ ਐਵਾਰਡ ਭਾਰਤ ਸਰਕਾਰ ਨੂੰ ਵਾਪਸ ਦੇਣ ਦਾ ਫ਼ੈਸਲਾ ਕੀਤਾ ਉਹ ਬੇਹੱਦ ਸ਼ਲਾਘਾਯੋਗ ਹੈ ਸਾਡੇ ਦੇਸ਼ ਕੌਮ ਦਾ ਉਹ ਸਰਮਾਇਆ ਸਾਡੇ ਮੁਲਕ ਦੇ ਉਹ ਨਾਮੀ ਖਿਡਾਰੀ ਜਿਨ੍ਹਾਂ ਨੇ ਸਮੇਂ ਸਮੇਂ ਤੇ ਭਾਰਤ ਦਾ ਨਾਮ ਖੇਡਾਂ ਦੀ ਦੁਨੀਆਂ ਵਿੱਚ ਰੋਸ਼ਨ ਕੀਤਾ ਅੱਜ ਉਨ੍ਹਾਂ ਨੇ ਕਿਸਾਨਾਂ ਦਾ ਸਾਥ ਦੇ ਕੇ ਜ਼ਿੰਦਗੀ ਦੀ ਇਕ ਹੋਰ ਵੱਡੀ ਚੈਂਪੀਅਨ ਜਿੱਤ ਹਾਸਲ ਕਰ ਲਈ ਹੈ ਖਿਡਾਰੀਆਂ ਦੀ ਦੇਖੋ ਦੇਖੀ ਪੰਜਾਬ ਦੇ ਵੱਡੇ ਸਿਆਸਤਦਾਨਾਂ ਨੇ ਵੀ ਆਪਣੇ ਮਿਲੇ ਐਵਾਰਡ ਕੇਂਦਰ ਸਰਕਾਰ ਨੂੰ ਵਾਪਸ ਕਰਨ ਦਾ ਫ਼ੈਸਲਾ ਕੀਤਾ ਹੈ ਜੋ ਕਿ ਮਹਿਜ਼ ਇਕ ਡਰਾਮਾ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਇਹ ਐਵਾਰਡ ਇਨ੍ਹਾਂ ਨੂੰ ਕਿਸ ਸੇਵਾ ਦੇ ਬਦਲੇ ਮਿਲੇ ਗੱਲ ਸਮਝ ਵਿੱਚ ਨਹੀਂ ਆਉਂਦੀ ਕਿਉਂਕਿ ਇਨ੍ਹਾਂ ਲੀਡਰਾਂ ਨੇ ਪੰਜਾਬ ਦੀ ਉਹੀ ਸੇਵਾ ਕੀਤੀ ਹੈ ਜੋ ਕਿਸੇ ਵਕਤ ਅਬਦਾਲੀ, ਮੱਸਾ ਰੰਘੜ , ਔਰੰਗਜ਼ੇਬ ਆਦਿ ਵਰਗੇ ਸਿਆਸੀ ਰਹਿਨੁਮਾ ਨੇ ਕੀਤੀ ਸੀ ਉਨ੍ਹਾਂ ਨੇ ਪੰਜਾਬ ਲੁੱਟਿਆ ਸੀ ਧਰਮਾਂ ਨੂੰ ਉਜਾੜਿਆ ਸੀ ਆਪਣੇ ਪੁੱਤ ਪੋਤਿਆਂ ਨੂੰ ਰਾਜ ਭਾਗ ਦੇ ਮਾਲਕ ਬਣਾਇਆ ਸੀ ਅੱਜ ਵੀ ਜੇਕਰ ਇਸ ਤੋਂ ਕੁਝ ਵੱਖਰਾ ਹੋ ਰਿਹਾ ਹੈ ਤਾਂ ਇਹ ਲੀਡਰ ਆਪਣਾ ਪੱਖ ਲੋਕਾਂ ਦੀ ਕਚਹਿਰੀ ਵਿਚ ਰੱਖ ਸਕਦੇ ਹਨ ।

ਬਾਦਲ ਕੈਪਟਨ ਅਤੇ ਹੋਰ ਵੱਡੇ ਸਿਆਸੀ ਮਗਰਮੱਛਾਂ ਨੂੰ ਜੇਕਰ ਪੰਜਾਬ ਦੀ ਕਿਸਾਨੀ ਦੇ ਨਾਲ ਪਿਆਰ ਹੈ ਉਹ ਆਪਣੇ ਆਪ ਨੂੰ ਐਵਾਰਡਾਂ ਦੀ ਵਾਪਸੀ ਦੇ ਨਾਲ ਨਾਲ ਜੋ ਉਨ੍ਹਾਂ ਦੇ ਪਰਿਵਾਰਾਂ ਨੂੰ ਅਤੇ ਉਨ੍ਹਾਂ ਨੂੰ 15-15, 20-20 ਸਰਕਾਰੀ ਪੈਨਸ਼ਨਾਂ ਅਤੇ ਭੱਤੇ ਮਿਲ ਰਹੇ ਹਨ ਜਿਨ੍ਹਾਂ ਦੀ ਐਂਟਰੀ ਲੱਖਾਂ ਕਰੋੜਾਂ ਵਿੱਚ ਹੈ ਉਸ ਨੂੰ ਕਿਸਾਨੀ ਸੰਘਰਸ਼ ਨੂੰ ਦੇਣ ਫਿਰ ਮੰਨਾਂਗੇ ਕੇ ਇਨ੍ਹਾਂ ਨੇ ਸੱਚੇ ਦਿਲੋਂ ਐਵਾਰਡ ਵਾਪਸ ਕੀਤੇ ਹਨ ਅਤੇ ਇਨ੍ਹਾਂ ਨੂੰ ਪੰਜਾਬ ਦੀ ਕਿਸਾਨੀ ਦਾ ਥੋੜ੍ਹਾ ਬਹੁਤਾ ਦਰਦ ਹੈ ।

ਕੇਂਦਰ ਸਰਕਾਰ ਨੂੰ ਇਕ ਚਿੱਠੀ ਭੇਜਣੀ ਜਾਂ ਸ਼ੀਲਡ ਵਾਪਸ ਕਰਨੀ ਇਹ ਕਿਸਾਨੀ ਦਰਦ ਨਹੀਂ ਕਿਸਾਨੀ ਦਰਦ ਹੈ ਕਿਸਾਨਾਂ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨਾ ਪਰ ਸਾਇਦ ਅਬਦਾਲੀਆ ਦੀ ਇਹ ਰੂਹ ਇਸ ਗੱਲ ਨੂੰ ਕਦੇ ਵੀ ਨਹੀਂ ਮੰਨੇਗੀ । ਇਹੋ ਜਿਹੇ ਡਰਾਮੇ ਕਰਨਾ ਇਨ੍ਹਾਂ ਲੋਕਾਂ ਦਾ ਰਾਜਨੀਤਕ ਧਰਮ ਹੈ ।

ਰਹੀ ਗੱਲ ਪੰਜਾਬ ਦੇ ਗਾਉਣ ਵਾਲਿਆਂ ਅਤੇ ਮਾਡਰਨ ਨਚਾਰਾਂ ਦੇ ਜਿਹੜੇ ਕਹਿੰਦੇ ਅਸੀ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਸੱਭਿਆਚਾਰ ਰਾਹੀ ਸੇਵਾ ਕਰ ਰਹੇ ਹਾਂ ਇਨ੍ਹਾਂ ਵਿੱਚੋਂ ਬਹੁਤਿਆਂ ਨੇ ਸਾਰਥਕ ਘੱਟ ਗਾਇਆ ਅਤੇ ਲੋਕਾਂ ਨੂੰ ਸੱਭਿਆਚਾਰ ਦੇ ਨਾਂ ਤੇ ਗੰਦ ਵੱਧ ਪਰੋਸਿਆ ਹੈ ਚਲੋ ਇਸ ਮਾਮਲੇ ਤੇ ਫੇਰ ਗੱਲ ਕਰਾਂਗੇ ਪਰ ਅੱਜ ਦੀ ਘੜੀ ਸਭ ਤੋਂ ਪਹਿਲਾਂ ਗਾਇਕ ਸ: ਦਿਲਜੀਤ ਸਿੰਘ ਦੁਸਾਂਝ ਵਧਾਈ ਦਾ ਪਾਤਰ ਹੋ ਨਿਕਲਿਆ ਜਿਸ ਨੇ ਕਿਸਾਨਾਂ ਦੇ ਹੱਕ ਵਿੱਚ ਆਰਥਿਕ ਪੱਖੋਂ ਹਾਂ ਦਾ ਵੱਡਾ ਨਾਅਰਾ ਮਾਰਿਆ ਹੈ ਪਰ ਦੂਜੇ ਪਾਸੇ ਜਿਹੜੇ ਗਾਇਕ ਜੱਟਾਂ ਦੇ ਵਿਆਹਾਂ ਤੇ ਹੀ ਅਖਾੜੇ ਲਾ ਕੇ ਲੱਖਾਂ ਕਰੋੜਾਂ ਲੁੱਟ ਕੇ ਲੈ ਕੇ ਜਾਂਦੇ ਹਨ ਜੇਕਰ ਉਹ ਕੁਝ ਕੁ ਕਰੋੜਾਂ ਦਾ ਯੋਗਦਾਨ ਕਿਸਾਨੀ ਸੰਘਰਸ ਵਿੱਚ ਪਾ ਦਿੰਦੇ ਉਨ੍ਹਾਂ ਦੀ ਸੱਭਿਆਚਾਰ ਦੀ ਸੇਵਾ ਘੱਟ ਨ੍ਹੀਂ ਹੋਣ ਲੱਗੀ ਸੀ ਸਗੋਂ ਉਹ ਵਧਾਈ ਦੇ ਪਾਤਰ ਹੀ ਬਣਦੇ ਉਨਾਂ ਵਾਲੇ ਜੱਟ ਦੇ ਫਾਇਰ ਘੱਟ ਨਹੀਂ ਹੋਣ ਲੱਗੇ ਸੀ ਜਾਂ ਉਨ੍ਹਾਂ ਦੀ ਹਿੰਦੀ ਵਾਲੀ ਮਾਸੀ ਰੁੱਸਣ ਨਹੀਂ ਲੱਗੀ ਸੀ ਗੱਲ ਕੀ ? ਕੁੱਝ ਕਰਨ ਲਈ ਵੀ ਵੱਡਾ ਜਿਗਰਾ ਹੋਣਾ ਚਾਹੀਦਾ ।

ਅੱਜ ਕਿਸਾਨੀ ਸੰਘਰਸ਼ ਆਪਣੀ ਮੰਜ਼ਿਲ ਵੱਲ ਬੜੇ ਸੁਹਿਰਦ ਤਰੀਕੇ ਨਾਲ ਵੱਧ ਰਿਹਾ ਉਸ ਨੂੰ ਲੋੜ ਹੈ ਪੂਰੇ ਮੁਲਕ ਦੇ ਲੋਕਾਂ ਦੇ ਤਨ ਮਨ ਧੰਨ ਦੇ ਸਹਿਯੋਗ ਦੀ ਨਾਂ ਕਿ ਡਰਾਮੇਬਾਜੀਆਂ ਅਤੇ ਹੋਰ ਝੂਠੀਆਂ ਸੋਹਰਤਾ ਖੱਟਣ ਦੀ , ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬੀਆਂ ਨੇ ਆਪਣਾ ਤਨ ਮਨ ਧਨ ਸੰਘਰਸ਼ ਦੇ ਲੇਖੇ ਲਾ ਦਿੱਤਾ ਬਾਕੀ ਵੀ ਲੋਕ ਸੱਚੇ ਦਿਲੋਂ ਸੁਹਿਰਦ ਹੋ ਕੇ ਕਿਸਾਨੀ ਸੰਘਰਸ਼ ਨਾਲ ਜੁੜਣ ਸਫਲਤਾ ਯਕੀਨਣ ਮਿਲੇਗੀ,ਕਿਸਾਨਾਂ ਦਾ ਰੱਬ ਰਾਖਾ!

---

### ਕਿਸਾਨ

ਬੀਜ ਫੁੱਲਾਂ ਦੇ ਲੈਣ ਗਿਆ ਜੋ ਆਖਿਰ ਲੱਭ ਲਿਆਵੋ ਕੋਈ
ਕਵੀ ਸਰੋਮਣੀ ਕਿਰਸਾਨਾਂ ਦੀ ਖਾਤਰ ਲੱਭ ਲਿਆਵੇ ਕੋਈ

ਧਰਤੀ ਮਾਂ ਦੀ ਖਾਤਰ ਜੋ ਕੁਰਬਾਨੀ ਦੇ ਗਏ ਸਾਹਾਂ ਦੀ
ਤਨ ਢਕਣ ਲਈ ਕਿਤੋਂ ਸਾਂਝੀ ਚਾਦਰ ਲੱਭ ਲਿਆਵੋ ਕੋਈ

ਅੱਜ ਵੀ ਜੋ ਸਰਕਾਰੀ ਕੁਰਸੀ ਸਿਰ ਤੇ ਚੁੱਕੀ ਫਿਰਦੇ ਨੇ
ਡੁੱਬਣ ਲਈ ਉਨ੍ਹਾਂ ਦੇ ਕਿਤਿਉਂ ਸਾਗਰ ਲੱਭ ਲਿਆਵੋ ਕੋਈ

ਜਾਤਾਂ ਪਾਤਾਂ ਧਰਮਾਂ ਤੋਂ ਜੋ ਉਪਰ ਉਠ ਕੇ ਪਿਆਸ ਬੁਝਾਵੇ
ਪ੍ਰੇਮ ਪਿਆਰ ਤੇ ਅੰਮ੍ਰਿਤ ਭਰੀ ਗਾਗਰ ਲੱਭ ਲਿਆਵੋ ਕੋਈ

ਪੋਹ ਮਹੀਨੇ ਠੰਢ ਵਿਚ ਠਰ ਕੇ ਸਾਡੀ ਭੁੱਖ ਮਿਟਾਉਂਦੇ ਜੋ
ਧਰਤੀ ਮਾਂ ਦੇ ਸਭ ਪੁੱਤਾਂ ਲਈ ਆਦਰ ਲੱਭ ਲਿਆਵੋ ਕੋਈ

ਮਾਂ ਬੋਲੀ, ਮਾਂ ਧਰਤੀ ਤੇ ਮਾਂ ਜੋ ਮਰਦੀ ਪਏ. ਹੈ 'ਨਿੱਜਰਾ'
ਦਰਦ ਕਹਾਣੀ ਲਹੂ ਨਾ ਲਿਖਣੀ ਨਸ਼ਤਰ ਲੱਭ ਲਿਆਵੋ ਕੋਈ।



-ਦਲਵੀਰ ਸਿੰਘ 'ਦਿਲ ਨਿੱਜਰ'
916-628-2210

---

# ਜਾਪਾਨ 'ਚ ਪਤੀ-ਪਤਨੀ ਰੱਖ ਸਕਣਗੇ ਵੱਖੋ-ਵੱਖਰੇ ਸਰਨੇਮ

ਟੋਕੀਓ - ਜਾਪਾਨ ਵਿਚ ਇਕ ਕਾਨੂੰਨ ਦੇ ਤਹਿਤ ਪਤੀ ਅਤੇ ਪਤਨੀ ਨੂੰ ਇਕ ਹੀ ਉਪਨਾਮ ਰੱਖਣਾ ਜ਼ਰੂਰੀ ਹੁੰਦਾ ਹੈ। ਜੇਕਰ ਵਿਆਹ ਤੋਂ ਪਹਿਲਾਂ ਦੋਹਾਂ ਦੇ ਉਪਨਾਮ ਵੱਖਰੇ ਹਨ ਤਾਂ ਵਿਆਹ ਦੇ ਬਾਅਦ ਕਿਸੇ ਇਕ ਨੂੰ ਸਮਝੌਤਾ ਕਰ ਕੇ ਦੂਜੇ ਦਾ ਉਪਨਾਮ ਆਪਣੇ ਨਾਮ ਨਾਲ ਲਗਾਉਣਾ ਪੈਂਦਾ ਹੈ ਪਰ ਹੁਣ ਇੱਥੇ ਰਹਿਣ ਵਾਲੇ ਪਤੀ-ਪਤਨੀ ਨੂੰ ਇਸ ਕਾਨੂੰਨ ਤੋਂ ਛੁਟਕਾਰਾ ਮਿਲ ਸਕਦਾ ਹੈ। ਜਾਪਾਨ ਦੇ ਪ੍ਰਧਾਨ ਮੰਤਰੀ ਯੋਸ਼ਿਹਿਦੇ ਸੁਗਾ ਨੇ ਜਾਪਾਨ ਦੀ ਜਨਤਾ ਨੂੰ ਭਰੋਸਾ ਦਿੱਤਾ ਹੈ ਕਿ ਉਹ ਇਸ ਕਾਨੂੰਨ ਵਿਚ ਤਬਦੀਲੀ ਕਰਨਗੇ ਅਤੇ ਇਸ ਤਬਦੀਲੀ ਦੇ ਪ੍ਰਤੀ ਉਹ ਸਮਰਪਿਤ ਵੀ ਹਨ।

ਆਮਤੌਰ 'ਤੇ ਦੇਖਿਆ ਗਿਆ ਹੈ ਕਿ ਇਕ ਉਪਨਾਮ ਰੱਖਣ ਦੇ ਕਾਰਨ ਪਤਨੀ ਨੂੰ ਜ਼ਿਆਦਾਤਰ ਮਾਮਲਿਆਂ ਵਿਚ ਸਮਝੌਤਾ ਕਰਨਾ ਪੈਂਦਾ ਹੈ ਅਤੇ ਉਹ ਪਤੀ ਦੇ ਉਪਨਾਮ ਦੀ ਵਰਤੋਂ ਕਰਦੀ ਹੈ। ਲਿਹਾਜਾ ਇਸ ਕਾਨੂੰਨ ਨੂੰ ਬੀਬੀ ਵਿਰੋਧੀ ਕਾਨੂੰਨ ਮੰਨਿਆ ਜਾਂਦਾ ਹੈ। ਇਸ ਦੇ ਇਲਾਵਾ ਬੀਬੀਆਂ ਖਿਲਾਫ ਹਿੰਸਾ ਦੇ ਖਾਤਮੇ ਲਈ ਬਣੀ ਸੰਯੁਕਤ ਰਾਸ਼ਟਰ ਦੀ ਕਮੇਟੀ ਨੇ ਵੀ ਜਾਪਾਨ ਦੇ ਇਸ ਕਾਨੂੰਨ ਵਿਚ ਤਬਦੀਲੀ ਦੀ ਸਿਫਾਰਿਸ਼ ਕੀਤੀ ਸੀ। ਇਸ ਦੇ ਇਲਾਵਾ ਜਾਪਾਨ ਦਾ ਸਮਾਜ ਵੀ ਹੁਣ ਨਿਯਮਾਂ ਵਿਚ ਤਬਦੀਲੀ ਦੇ ਪੱਖ ਵਿਚ ਹੈ। ਹਾਲ ਹੀ ਵਿਚ ਜਾਪਾਨ ਵਿਚ ਇਕ ਸਰਵੇ ਕੀਤਾ ਗਿਆ ਸੀ, ਜਿਸ ਵਿਚ ਇਸ ਗੱਲ ਦਾ ਖੁਲਾਸਾ ਹੋਇਆ ਹੈ ਕਿ ਜਾਪਾਨ ਵਿਚ ਜ਼ਿਆਦਾਤਰ ਲੋਕ ਵਿਆਹ ਦੇ ਬਾਅਦ ਵੀ ਆਪਣਾ ਉਪਨਾਮ ਬਰਕਰਾਰ ਰੱਖਣ ਦੇ ਪੱਖ ਵਿਚ ਹਨ।




# ਖੰਡਰਾਂ ਵਿਚ ਤਬਦੀਲ ਹੋ ਰਹੀ ਦੀਵਾਨ ਟੋਡਰ ਮੱਲ ਦੀ ਇਤਿਹਾਸਕ 'ਜਹਾਜ਼ੀ ਹਵੇਲੀ'



ਤਸਵਿੰਦਰ ਸਿੰਘ ਬੜੈਚ
91-98763-22677

ਭਾਈ ਟੋਡਰ ਮੱਲ, ਜਿਨ੍ਹਾਂ ਨੂੰ ਸ਼ਾਹਜਹਾਨੀ ਵੀ ਕਿਹਾ ਜਾਂਦਾ ਸੀ। ਉਹ ਸਰਹਿੰਦ ਦਾ ਧਨਾਢ ਮਹਾਜਨ ਸੀ। ਪਟਿਆਲਾ ਸਟੇਟ ਗਜ਼ਟੀਅਰ ਮੁਤਾਬਕ ਉਨ੍ਹਾਂ ਦਾ ਜੱਦੀ ਪਿੰਡ ਕਾਕੜਾ ਸੀ ਜੋ ਹੁਣ ਥਾਣਾ ਸਦਰ ਸਮਾਣਾ ਅਧੀਨ ਆਉਂਦਾ ਹੈ। ਉਨ੍ਹਾਂ ਦੇ ਜਨਮ ਤੋਂ ਪਹਿਲਾਂ ਹੀ ਉਨ੍ਹਾਂ ਦੇ ਪੁਰਖੇ ਕਾਰੋਬਾਰ ਕਰਨ ਪਿੰਡ ਛੱਡ ਕੇ ਸਰਹਿੰਦ ਵੱਸ ਗਏ ਸਨ। ਬਾਦਸ਼ਾਹ ਨੇ ਇਸ ਨੂੰ 'ਰਾਏ' ਦਾ ਖਿਤਾਬ ਦਿੱਤਾ ਹੋਇਆ ਸੀ। ਇਸ ਕੋਲ ਪਹਿਲਾਂ 100 ਘੋੜਸਵਾਰ ਅਤੇ 200 ਪਿਆਦਾ ਫ਼ੌਜ ਰੱਖਣ ਦਾ ਹੱਕ ਸੀ, ਜੋ 1648 ਵਿੱਚ 2000 ਘੋੜਸਵਾਰ ਅਤੇ 4000 ਪਿਆਦਾ ਸਿਪਾਹੀਆਂ ਦਾ ਹੋ ਗਿਆ ਸੀ। 1650 ਵਿਚ ਇਸ ਦੇ ਨਿਜ਼ਾਮ ਹੇਠ ਸਰਹੱਦ ਹੀ ਨਹੀਂ ਬਲਕਿ ਜਲੰਧਰ, ਸੁਲਤਾਨਪੁਰ ਤੇ ਦੀਪਾਲਪੁਰ ਦੇ ਸੂਬੇ ਵੀ ਸਨ। ਇਨ੍ਹਾਂ ਦੀ ਆਮਦਨ ਵਿਚੋਂ 50 ਲੱਖ ਟਕੇ ਸਾਲਾਨਾ ਉਸਨੂੰ ਮਿਲਦੇ ਸਨ। ਟੋਡਰ ਮੱਲ ਜਿਸ ਮਹਿਲ ਵਿਚ ਰਹਿੰਦਾ ਸੀ ਉਸ ਦਾ ਨਾਂਅ ਜਹਾਜ਼ੀ ਹਵੇਲੀ ਸੀ। ਕਿਉਂਕਿ ਉਸ ਦੀ ਸ਼ਕਲ ਸਮੁੰਦਰੀ ਜਹਾਜ਼ ਵਰਗੀ ਸੀ। ਉਨ੍ਹਾਂ ਦੀ ਇਹ ਜਹਾਜ਼ੀ ਹਵੇਲੀ ਸਰਹਿੰਦ ਦੇ ਸੂਬੇਦਾਰ ਵਜੀਰ ਖ਼ਾਨ ਦੇ ਮਹਿਲ ਦੇ ਨਜ਼ਦੀਕ ਸੀ। ਦੀਵਾਨ ਟੋਡਰ ਮੱਲ ਆਗਰਾ ਤੋਂ ਲਾਹੌਰ ਤੱਕ ਜਾਣ ਵਾਲੇ ਯਾਤਰੀਆਂ ਦੀ ਪਿਆਸ ਬੁਝਾਉਣ ਲਈ ਰਾਜਤਾਲ ਵਿਚ ਬਣੇ ਤਨਾਬ ਦੇ ਪਾਣੀ ਦਾ ਪ੍ਰਬੰਧ ਕਰਨਾ ਬਹੁਤ ਵੱਡਾ ਪੁੰਨ ਸਮਝਦਾ ਸੀ। ਤਲਾਬ ਬਣਾਉਣ ਦੇ ਉਪਰਾਲੇ ਨਾਲ ਮਿਲੀ ਪ੍ਰਸਿੱਧੀ ਦੇ ਸਿੱਟੇ ਵਜੋਂ ਟੋਡਰ ਮੱਲ ਨੂੰ 1582 ਵਿਚ 'ਦੀਵਾਨ' ਦੀ ਉਪਾਧੀ ਪ੍ਰਾਪਤ ਹੋਈ। ਉਸ ਨੂੰ 'ਰਾਜਾ' ਦਾ ਖਿਤਾਬ ਵੀ ਮਿਲਿਆ ਸੀ ਜੋ ਸਾਰੀ ਮੁਗਲੀਆ ਤਵਾਰੀਖ ਵਿੱਚ ਸਿਰਫ ਕੁਝ ਕੁ ਗੈਰ ਮੁਸਲਮਾਨਾਂ ਨੂੰ ਹੀ ਮਿਲਿਆ ਸੀ ਤੇ ਪੰਜਾਬ ਵਿਚ ਸਿਰਫ਼ ਟੋਡਰ ਮੱਲ ਨੂੰ ਹੀ ਮਿਲਿਆ ਸੀ। ਟੋਡਰ ਮੱਲ ਇਕ ਬਹਾਦਰ ਜਰਨੈਲ ਵੀ ਸੀ, ਉਸ ਨੇ ਬੰਗਾਲ ਦੀ ਮੁਹਿੰਮ ਵਿਚ ਵੱਡੀ ਵੀਰਤਾ ਦਿਖਾਈ ਸੀ। ਦੀਵਾਨ ਟੋਡਰ ਮੱਲ ਹਿੰਦੀ ਦਾ ਉੱਤਮ ਕਵੀ ਸੀ। ਦੀਵਾਨ ਟੋਡਰ ਮੱਲ ਦੀ ਗਿਣਤੀ ਅਕਬਰ ਦੇ ਨੌਂ ਰਤਨਾਂ ਵਿਚ ਹੁੰਦੀ ਸੀ। ਦੀਵਾਨ ਟੋਡਰ ਮੱਲ ਦਾ ਜਨਮ ਸੰਨ 1523 ਵਿਚ ਪਿਤਾ ਭਗਵਤੀ ਦਾਸ ਦੇ ਘਰ ਪਿੰਡ ਚੂਹਣੀਆਂ ਜਿਲ੍ਹਾ ਲਾਹੌਰ ਵਿਖੇ ਹੋਇਆ। ਦੀਵਾਨ ਟੋਡਰ ਮੱਲ ਸਿੱਖ ਇਤਿਹਾਸ ਦਾ ਉਹ ਮਹਾਨ ਪਾਤਰ ਹੈ, ਜਿਸ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੇ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜ੍ਹੇ ਹੋ ਕੇ ਆਪਣੇ ਵਫ਼ਾਦਾਰ ਸਿੱਖ ਹੋਣ ਦਾ ਸਬੂਤ ਦਿੱਤਾ। ਛੋਟੇ ਸਾਹਿਬਜ਼ਾਦਿਆਂ, ਜਿਨ੍ਹਾਂ ਆਪਣੀ ਉਮਰ ਦਾ ਪਹਿਲਾਂ ਪੜਾਅ ਵੀ ਪਾਰ ਨਹੀਂ ਸੀ ਕੀਤਾ, ਨੂੰ ਮਾਤਾ ਜੀ ਤੋਂ ਅਲੱਗ ਕਰਕੇ ਸੂਬਾ ਸਰਹਿੰਦ ਦੀ ਕਚਹਿਰੀ ਵਿਚ ਪੇਸ਼ ਹੋਣ ਦਾ ਹੁਕਮ ਸੁਣਾਇਆ ਗਿਆ ਤਾਂ ਸੂਬਾ ਸਰਹਿੰਦ ਵੱਲੋਂ ਇਸਲਾਮ ਧਰਮ ਕਬੂਲ ਕਰਵਾਉਣ ਲਈ ਛੋਟੇ ਸਾਹਿਬਜ਼ਾਦਿਆਂ 'ਤੇ ਅਨੇਕਾਂ ਜ਼ੁਲਮ ਕੀਤੇ ਗਏ ਪਰ ਛੋਟੇ ਸਾਹਿਬਜ਼ਾਦਿਆਂ ਦੇ ਈਨ ਨਾ ਮੰਨਣ ਦੇ ਅਡੋਲ ਫੈਸਲੇ 'ਤੇ ਸਾਕਾ ਸਰਹਿੰਦ ਦੇ ਮੁੱਖ ਦੋਸ਼ੀ ਨਵਾਬ ਵਜ਼ੀਰ ਖਾਂ ਵੱਲੋਂ ਸਾਹਿਬਜ਼ਾਦਿਆਂ ਨੂੰ ਜਿਉਂਦੇ ਨੀਹਾਂ ਵਿਚ ਚਿਣਨ ਦਾ ਹੁਕਮ ਸੁਣਾ ਦਿੱਤਾ ਗਿਆ। 13 ਦਸੰਬਰ





1704 ਨੂੰ ਵਜੀਰ ਖਾਨ ਦੇ ਹੁਕਮ ਨਾਲ ਸਾਹਿਬਜ਼ਾਦਾ ਜੋਰਾਵਰ ਸਿੰਘ, ਸਾਹਿਬਜ਼ਾਦਾ ਫ਼ਤਹਿ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਕਿਸੇ ਦੀ ਹਿੰਮਤ ਨਾ ਪਈ ਕਿ ਉਨ੍ਹਾਂ ਦਾ ਵਿਧੀ ਪੂਰਵਕ ਅੰਤਿਮ ਸੰਸਕਾਰ ਕਰ ਸਕਣ। ਭਾਈ ਟੋਡਰ ਮੱਲ ਨੇ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਵਜੀਰ ਖਾਨ ਤੋਂ ਆਗਿਆ ਮੰਗੀ ਪਰ ਵਜ਼ੀਰ ਖਾਨ ਨੇ ਸ਼ਰਤ ਰੱਖੀ ਕਿ ਜਿੰਨੀ ਤੈਨੂੰ ਸਸਕਾਰ ਵਾਸਤੇ ਜ਼ਮੀਨ ਚਾਹੀਦੀ ਹੈ, ਸੋਨੇ ਦੀਆਂ ਮੋਹਰਾਂ ਵਿਛਾਅ ਕੇ ਮੁੱਲ ਖਰੀਦ ਲੈ। ਟੋਡਰ ਮੱਲ ਨੇ ਸੂਬੇ ਦੀ ਇਹ ਸ਼ਰਤ ਵੀ ਪੂਰੀ ਕਰ ਦਿੱਤੀ। ਟੋਡਰ ਮੱਲ ਨੇ ਖੜ੍ਹੀਆਂ ਮੋਹਰਾਂ ਦੇ ਕੇ ਵਜ਼ੀਰ ਖਾਂ ਤੋਂ ਸਸਕਾਰ ਵਾਸਤੇ ਜ਼ਮਾਨ ਖਰੀਦੀ। ਦੀਵਾਨ ਟੋਡਰ ਮੱਲ ਨੇ ਸਸਕਾਰ ਲਈ ਜ਼ਮੀਨ ਦਾ ਇਕ ਟੁਕੜਾ ਬੜੀ ਭਾਰੀ ਕੀਮਤ ਅਦਾ ਕਰ ਕੇ ਖਰੀਦਿਆ। ਉਸ ਵੇਲੇ ਸੋਨੇ ਦੀ ਮੋਹਰ ਦਾ ਸਾਈਜ਼ ਕਰੀਬ ਸਵਾ ਇੰਚ ਅਤੇ ਭਾਰ ਕਰੀਬ ਇਕ ਤੋਲਾ ਹੁੰਦਾ ਸੀ। ਸਾਹਿਬਜ਼ਾਦਿਆਂ ਦੇ ਅੰਤਿਮ ਸੰਸਕਾਰ ਲਈ 2-2 ਮੀਟਰ ਅਤੇ ਮਾਤਾ ਜੀ ਦੇ ਲਈ 2-1.5 ਮੀਟਰ ਦੇ ਕਰੀਬ ਜਗ੍ਹਾ ਖਰੀਦੀ ਹੋਵੇਗੀ। ਇਸ ਲਈ ਕਰੀਬ 7800 ਮੋਹਰਾਂ (78 ਕਿਲੋ ਸੋਨਾ) ਵਿਛਾਈਆਂ ਗਈਆਂ।

ਸੋਨੇ ਦੀ ਕੀਮਤ ਦੇ ਮੁਤਾਬਿਕ ਇਸ 4 ਸਕੇਅਰ ਮੀਟਰ ਦੀ ਧਰਤੀ ਦੀ ਕੀਮਤ 3 ਅਰਬ 75 ਕਰੋੜ ਰੁਪਏ ਬਣਦੀ ਹੈ। ਦੁਨੀਆਂ ਦੀ ਸਭ ਤੋਂ ਕੀਮਤੀ ਥਾਂ ਇਹੀ ਹੈ। ਇਸ ਕਾਰਨ ਕਾਰਨ ਦੀਵਾਨ ਦੀ ਸਾਰੀ ਪੂੰਜੀ ਜ਼ਮੀਨ ਖਰੀਦਣ ਵਿਚ ਲੱਗ ਗਈ ਤੇ ਘਰ ਬਾਰ ਗਹਿਣੇ ਪੈ ਗਿਆ, ਪਰ ਉਨ੍ਹਾਂ ਨੇ ਆਪਣੇ ਨੁਕਸਾਨ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਗੁਰੂ ਜੀ ਅਤੇ ਸਿੱਖੀ ਦੀ ਮਹਾਨ ਸੇਵਾ ਕੀਤੀ। ਬੜੇ ਹੀ ਮਾਣ ਅਤੇ ਸਤਿਕਾਰ ਨਾਲ ਦੀਦੀ ਜੀ ਅਤੇ ਪੋਤਿਆਂ ਦਾ ਸੰਸਕਾਰ ਕੀਤਾ। ਹੁਣ ਉਸ ਥਾਂ ਗੁਰਦੁਆਰਾ ਜੋਤੀ ਸਰੂਪ ਸਾਹਿਬ ਮੌਜੂਦ ਹੈ। ਇਸ ਤਰ੍ਹਾਂ ਦੀਵਾਨ ਟੋਡਰ ਮੱਲ ਜੀ ਸਾਕਾ ਸਰਹਿੰਦ ਦੇ ਨਾਇਕ ਬਣੇ।

ਸਿੱਖ ਕੌਮ ਸਿਰ ਸਦੀਵੀਂ ਕਾਰਜ਼ ਚਾੜਨ ਵਾਲੀ ਬਹਾਦਰ ਤੇ ਨੇਕ-ਦਿਲ ਇਸ ਸ਼ਖਸੀਅਤ ਨੂੰ ਹਮੇਸ਼ਾਂ ਯਾਦ ਕਰਨਾ ਬਣਦਾ ਹੈ। ਉਨ੍ਹਾਂ ਦੀ ਜਹਾਜ਼ ਹਵੇਲੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਤੋਂ ਬਾਅਦ ਸਿੱਖ ਮਿਸਲਾਂ ਨੇ ਸਰਹਿੰਦ ਦੇ ਹਮਲਿਆਂ ਦੌਰਾਨ ਪੂਰੀ ਇੱਜ਼ਤ ਬਖ਼ਸ਼ੀ ਗਈ। ਪਰ ਜ਼ਾਲਮ ਮੁਗਲਾਂ ਵੱਲੋਂ ਭਾਈ ਟੋਡਰ ਮੱਲ ਦੀ ਗੁਰੂ ਪਰਿਵਾਰ ਨਾਲ ਵਫਾਦਾਰੀ ਨੂੰ ਦੇਖਦੇ ਹੋਏ ਕਾਫੀ ਨੁਕਸਾਨ ਪਹੁੰਚਾਇਆ ਗਿਆ ਸੀ। ਉਨ੍ਹਾਂ ਦੀ ਯਾਦ ਵਿਚ ਉਨ੍ਹਾਂ ਦੀ ਹਵੇਲੀ ਅੱਜ ਵੀ ਮੌਜੂਦ ਹੈ ਪਰ ਪੁਖਤਾ ਪ੍ਰਬੰਧ ਨਾ ਹੋਣ ਕਰਕੇ ਹਵੇਲੀ ਦੀ ਹਾਲਤ ਤਰਸਯੋਗ ਹੋ ਚੁੱਕੀ ਹੈ। ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸਥਿਤ ਸਿੱਖ ਜਗਤ ਦੀ ਮਹਾਨ ਧਰੋਹਰ ਦੀਵਾਨ ਟੋਡਰ ਮੱਲ ਦੀ ਹਵੇਲੀ ਖੰਡਰ ਬਣਦੀ ਜਾ ਰਹੀ ਹੈ। ਇਸ ਦੀ ਇਤਿਹਾਸਕ ਦਿੱਖ ਦਿਨੋਂ ਦਿਨ ਖੁਰ ਰਹੀ ਹੈ। ਕੰਧਾਂ ਖਹਿ ਢੇਰੀ ਹੋ ਗਈਆਂ ਹਨ। ਸਰਕਾਰ ਅਤੇ ਪ੍ਰਬੰਧਕ ਕਮੇਟੀ ਜਾਂ ਕਾਰ ਸੇਵਾ ਵਾਲਿਆਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੀ ਹਵੇਲੀ ਦੀ ਸਾਂਭ-ਸੰਭਾਲ ਕਰਨ ਤਾਂ ਜੋ ਲੰਮੇ ਸਮੇਂ ਤੱਕ ਟਿਕ ਸਕੇ। ਕੁੱਝ ਸਮਾਂ ਪਹਿਲਾਂ ਉਨ੍ਹਾਂ ਦੀ ਹਵੇਲੀ ਵਿਚ ਥੋੜ੍ਹਾ ਬਹੁਤਾ ਕੰਮ ਹੋਇਆ ਸੀ ਪਰ ਇਹ ਕੰਮ ਹਵੇਲੀ ਦੇ ਲੰਮੇ ਸਮੇਂ ਟਿਕੇ ਰਹਿਣ ਲਈ ਕਾਫੀ ਨਹੀਂ ਹੈ। ਦੀਵਾਨ ਟੋਡਰ ਮੱਲ ਦੀ ਹਵੇਲੀ ਦੀ ਹੋ ਰਹੀ ਦੁਰਦਸ਼ਾ ਕਾਰਨ ਸਿੱਖ ਸੰਗਤ 'ਚ ਰੋਸ ਪਾਇਆ ਜਾ ਰਿਹਾ ਹੈ। ਹਜ਼ਾਰਾਂ ਦੀ ਤਾਦਾਦ ਵਿਚ ਸੰਗਤਾਂ ਵੀ ਇਥੇ ਦਰਸ਼ਨ ਮੇਲੇ ਕਰਨ ਆਉਂਦੀਆਂ ਹਨ। ਉਨ੍ਹਾਂ ਦੀ ਇਹੀ ਮੰਗ ਹੈ ਕਿ ਜਲਦ ਤੋਂ ਜਲਦ ਹਵੇਲੀ ਦੀ ਰੱਖ-ਰਖਾਅ ਅਤੇ ਸਾਂਭ-ਸੰਭਾਲ ਤੇ ਜੋਰ ਦਿੱਤਾ ਜਾਵੇ ਤਾਂ ਜੋ ਇਹ ਹਵੇਲੀ ਲੰਮਾ ਸਮਾਂ ਲੋਕਾਂ ਦੇ ਦਰਸ਼ਨਾਂ ਵਾਸਤੇ ਟਿਕ ਸਕੇ। ਮੇਰੀ ਪੰਜਾਸ ਸਰਕਾਰ ਨੂੰ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਜੀ ਨੂੰ ਬੇਨਤੀ ਹੈ ਕਿ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਦੁਨੀਆਂ ਦੀ ਸਭ ਤੋਂ ਮਹਿੰਗੀ ਧਰਤੀ ਖਰੀਦਣ ਵਾਲੇ ਜਾਂਬਾਜ਼ ਅਤੇ ਨੇਕ ਦਿਲ ਇਨਸਾਨ ਦੀਵਾਨ ਟੋਡਰ ਮੱਲ ਜੀ ਦੀ ਹਵੇਲੀ ਦੀ ਇਤਿਹਾਸਕ ਮਹੱਤਤਾ ਨੂੰ ਵੇਖਦੇ ਹੋਏ ਇਸ ਨੂੰ ਕੌਮੀ ਸਮਾਰਕ ਘੋਸ਼ਿਤ ਕਰਕੇ ਭਾਰਤ ਸਰਕਾਰ ਦੇ ਪੁਰਾਤਿਤਵ ਵਿਭਾਗ ਨੂੰ ਦੇ ਦਿੱਤਾ ਜਾਵੇ ਤਾਂ ਜੋ ਹੋਰਨਾਂ ਕੌਮੀ ਸਮਾਰਕਾਂ ਵਾਂਗ ਇਸ ਦੀ ਵੀ ਸਾਂਭ ਸੰਭਾਲ ਹੋ ਸਕੇ। ਵਿਰਾਸਤੀ ਸੂਚੀ ਵਿਚ ਆਉਣ ਨਾਲ ਇਸ ਸਮਾਰਕ ਨੂੰ ਦੇਖਣ ਲਈ ਵਿਦੇਸਾਂ ਤੋਂ ਯਾਤਰੂ ਆਉਣਗੇ ਉਹ ਮਾਤਾ ਗੁਜਰ ਕੌਰ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਲਾਮਿਸਾਲ ਸ਼ਹਾਦਤ ਤੇ ਦੀਵਾਨ ਟੋਡਰ ਮੱਲ ਜੀ ਵੱਲੋਂ ਸਸਕਾਰ ਲਈ ਪਾਏ ਵੱਡਮੁੱਲੇ ਯੋਗਦਾਨ ਤੋਂ ਜਾਣੂ ਹੋਣਗੇ।

# ਕਲਿਜੁਗ ਕੀ ਅਤੇ ਕਦੋਂ ਆਉਂਦਾ ਹੈ?



ਅਵਤਾਰ ਸਿੰਘ ਮਿਸ਼ਨਰੀ
510-432-5827

ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਬਾਲਮੀਕ ਰਮਾਇਣ ਅਤੇ ਪੁਰਾਣਾ ਵਿੱਚ ੪੩,੨0000 ਵਰ੍ਹੇ ਦਾ ਸਮਾਂ ਸਤਯੁਗ, ਤ੍ਰੇਤਾ, ਦਵਾਪਰ ਅਤੇ ਕਲਿਜੁਗ ਕਹਾਉਂਦਾ ਹੈ। ਵੇਦ ਮੱਤੀਆਂ ਦਾ ਇਹ ਨਿਸ਼ਚਾ ਹੈ ਕਿ ਚਾਰ ਜੁੱਗਾਂ ਦਾ ਚੱਕ੍ਰ ਕੁਦਰਤੀ ਤੌਰ ਤੇ ਸਦਾ ਰਹਿੰਦਾ ਅਰ ਲੋਕਾਂ ਦੀ ਉਮਰ, ਕੱਦ ਅਤੇ ਸੁਭਾਉ ਯੁੱਗਾਂ ਦੇ ਪ੍ਰਭਾਵ ਨਾਲ ਬਦਲਦੇ ਰਹਿੰਦੇ ਨੇ ਪਰ ਗੁਰਮਤਿ 'ਚ ਇਹ ਵਿਸ਼ਵਾਸ਼ ਨਹੀ ਕਿਉਂਕਿ ਲੋਕਾਂ ਦੇ ਸੁਕਰਮੀ ਅਤੇ ਕੁਕਰਮੀ ਹੋਣ ਕਰਕੇ, ਇਸ ਸਮੇ 'ਚ ਹੀ ਸਤਿਜੁਗ ਤੇ ਕਲਿਯੁਗ ਵਰਤ ਜਾਂਦਾ ਹੈ।

ਡਾ.ਦਿਲਗੀਰ ਜੀ ਲਿਖਦੇ ਹਨ ਕਿ ਵੇਦ-ਲੇਖਕ, ਸਮੇਂ ਨੂੰ ਚਾਰ ਜੁੱਗਾਂ ਸਤਿਜੁਗ, ਤਰੇਤਾ, ਦੁਵਾਪਰ ਤੇ ਕਲਿਜੁਗ 'ਚ ਵੰਡਦੇ ਹਨ। ਇਨਾਂ ਚੋਂ ਕਲਿਜੁਗ ਨੂੰ ਅਹਿਮ ਅਤੇ ਦੁਨੀਆਂ ਬਣਨ ਤੋਂ ਮਗਰੋਂ ਸਭ ਤੋਂ ਪਹਿਲਾ ਸਮਾਂ ਸਮਝਿਆ ਜਾਂਦਾ ਹੈ। ਇਸ ਵੰਡ ਮੁਤਾਬਿਕ ਕਲਿਜੁਗ ਅਜੋਕਾ ਤੇ ਮਾੜਾ ਸਮਾਂ ਹੈ। ਸਿੱਖ ਧਰਮ ਇਸ 'ਚ ਯਕੀਨ ਨਹੀਂ ਰੱਖਦਾ ਕੇਵਲ ਪ੍ਰਚਲਿਤ ਹਵਾਲਾ ਦਿੰਦੈ। ਯਾਨਿ ਸਿੱਖ ਫਲਸਫੇ 'ਚ ਇਹ ਮਿਥਿਹਾਸਕ ਕਾਲ-ਵੰਡ ਕਬੂਲ ਨਹੀਂ ਸਗੋਂ ਇਨਸਾਨ ਦੇ ਮਨ ਅੰਦਰ ਹਨੇਰੇ ਦਾ ਕਾਲ ਅਤੇ ਸਤਿਜੁਗ ਗਿਆਨ ਦਾ ਵੇਲਾ ਹੁੰਦਾ ਹੈ।

ਸ਼ਬਦ ਗੁਰੂ ਗ੍ਰੰਥ ਅਨੁਸਾਰ ਕਲਿਜੁਗ ਦੀਆਂ ਨਿਸ਼ਾਨੀਆਂ-ਜਦ ਜਥਾਰਥ ਦੇ ਉਲਟ ਨਿਰਾਰਥ ਤੇ ਸੱਚ ਦੇ ਉਲਟ ਝੂਠ ਦਾ ਪ੍ਰਚਾਰ ਅਤੇ ਮੰਨਣ ਹੋਵੇ ਉਹ ਸਮਾਂ ਕਲਜੁਗ ਹੁੰਦਾ ਹੈ-ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ॥ ਅੰਧੇ ਕਾ ਨਾਉ ਪਾਰਖੂ॥ ਕਲੀ ਕਾਲ ਵਿਡਾਣੈ॥੩॥ ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ॥ ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ॥੪॥ ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ॥ ਪਰ ਕੀ ਕਉ ਅਪੁਨੀ ਕਹੈ ਅਪਨੋ ਨਹੀ ਭਾਇਆ॥੫॥ ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ॥ ਰਾਤੇ ਕੀ ਨਿੰਦਾ ਕਰਹਿ, ਐਸਾ ਕਲਿ ਮਹਿ ਡੀਠਾ॥੬॥ ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ॥ ਪੋਖਰੁ ਨੀਰ ਵਿਰੋਲੀਐ ਮਾਖਨੁ ਨਹੀ ਰੀਸੈ॥੭॥(੨੨੯)

ਜਦ ਅੰਧੇਰੇ ਦੀ ਛੁਰੀ ਲੈ ਰਾਜੇ ਕਾਸਾਈ ਹੋ ਜਾਣ, ਧਰਮ ਖੰਭ ਲਾ ਉੱਡ ਜਾਵੇ, ਸੱਚ ਰੂਪ ਚੰਦ੍ਰਮਾ ਦੁਆਲੇ ਝੂਠ ਫਰੇਬ ਦੀ ਮੱਸਿਆ ਦਾ ਅੰਧੇਰਾ ਛਾ ਜਾਵੇ, ਐਸੇ ਅੰਧੇਰੇ ਰਾਹ 'ਚ ਭਾਲਦਿਆਂ ਵੀ ਸੱਚ ਨਾਂ ਲੱਭੇ, ਜਨਤਾ ਉਲਟਾ ਹੰਕਾਰ ਦੇ ਦੁੱਖ 'ਚ ਰੋਈ ਜਾਵੇ ਉਹ ਸਮਾ ਹੀ ਕਲਜੁਗ ਹੈ-ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ ਹਉ ਭਾਲਿ ਵਿਕੁੰਨੀ ਹੋਈ॥ ਅਧੇਰੈ ਰਾਹੁ ਨ ਕੋਈ॥ ਵਿਚਿ ਹਉਮੈ ਕਰਿ ਸੁਖੁ ਰੋਈ॥ ਕਹੁ ਨਾਨਕ ਕਿਨ ਬਿਧਿ ਗਤਿ ਹੋਈ॥੧॥(੧੪੫)





ਉਹ ਸਮਾ ਜਦ ਕਰਮ-ਧਰਮ ਅਤੇ ਬੁਰੇ-ਭਲੇ ਦੀ ਸੋਝੀ ਖਤਮ ਹੋ ਜਾਣ-ਇਸੁ ਕਲਿਜੁਗ ਮਹਿ ਕਰਮ ਧਰਮ ਨ ਕੋਈ॥(੧੬੧) ਪ੍ਰਭੂ ਦਾ ਘੜੀ ਦਾ ਵਿਛੋੜਾ ਹੀ ਕਲਿਜੁਗ ਹੈ- ਇਕ ਘੜੀ ਨ ਮਿਲਤੇ ਤਾ ਕਲਿਜੁਗ ਹੋਤਾ॥(੯੬)

ਇਤਿਹਾਸਕ ਹਵਾਲਾ-ਜਦ ਗੁਰੂ ਨਾਨਕ ਸਾਹਿਬ ਜਗਤ ਜਲੰਦੇ ਦਾ ਉਧਾਰ ਕਰਦੇ ਹੋਏ, ਭਾਈ ਮਰਦਾਨਾ ਸਮੇਤ ਮਥਰਾ ਹਿੰਦੂਆਂ ਦੀ ਧਰਮ ਨਗਰੀ ਪਹੁੰਚੇ ਤਾਂ ਕੀ ਦੇਖਦੇ ਨੇ ਕਿ ਓਥੇ ਪਾਂਡੇ ਜਵਾਨ ਲੜਕੀਆਂ ਨਾਲ ਰੰਗ ਰਲੀਆਂ ਮਨਾ ਰਹੇ ਹਨ, ਮਰਦਾਨੇ ਪੁਛਿਆ ਬਾਬਾ ਇਹ ਕੈਸਾ ਧਰਮ ਹੈ ਜਿੱਥੇ ਇਹ ਕੁਕਰਮ ਹੋ ਰਿਹਾ ਹੈ ਤਾਂ ਬਾਬੇ ਆਖਿਆ ਭਾਈ ਮਰਦਾਨਿਆਂ ਗੁੱਸੇ 'ਚ ਨਾ ਆ, ਆਪਾਂ ਇਨ੍ਹਾਂ ਨਾਲ ਵਿਚਾਰ ਕਰਦੇ ਹਾਂ। ਜਦ ਬਾਬੇ ਪਾਂਡਿਆਂ ਨੂੰ ਪੁਛਿਆ ਕਿ ਤੁਸੀਂ ਇੱਥੇ ਇਹ ਕੁਕਰਮ ਕਿਉਂ ਕਰ ਰਹੇ ਹੋ?, ਤਾਂ ਚਲਾਕ ਪਾਂਡਿਆਂ ਆਖਿਆ ਬਾਬਾ "ਹਮ ਕੁਝ ਨਹੀਂ ਕਰ ਸਕਤੇ ਸਭ ਕਲਜੁਗ ਕਰਵਾ ਰਹਾ ਹੈ" ਤਾਂ ਬਾਬੇ ਨਾਨਕ ਨੇ ਓਥੇ ਇਹ ਸ਼ਬਦ-ਸੋਈ ਚੰਦ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥ ਸਾ ਧਰਤੀ ਸੋ ਪੁਣ ਝੁਲਾਰੇ ਜੁਗ ਜੀਅ ਖੇਲੇ ਥਵ ਕੈਸੇ॥੧॥ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ॥ ਦਾਤਾ ਦਾਨ ਕਰੈ ਤਹ ਨਾਹੀ ਮਹਿਲ ਉਸਾਰ ਨ ਬੈਠਾ॥੨॥ ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥ ਜੇ ਕਉ ਨਾਉ ਲਏ ਬਦਨਾਵੀ ਕਲਿ ਕੇ ਲੱਖਣ ਏਈ॥੩॥....ਕਰਹਿ ਧਿੰਘਾਣਾ ਹੋਇ ਪਰਵਾਣਾ ਕਲਿ ਲਖ੍ਣ ਵਿਚਾਰ॥(੯੦੨) ਉਚਾਰਦੇ ਸਮਝਾਇਆ ਕਿ ਹੰਕਾਰ ਚ ਕੁਕਰਮ ਕਰ ਰਹੇ ਪਾਂਡਿਓ! ਜਦ ਦਾ ਸੰਸਾਰ ਹੋਂਦ 'ਚ ਆਇਆ ਹੈ, ਉਹੋ ਹੀ ਚੰਦ, ਸੂਰਜ, ਧਰਤੀ, ਅਕਾਸ਼ ਚਲੇ ਆ ਰਹੇ ਤੇ ਪਵਣ ਝੁੱਲ ਰਹੀ ਹੈ। ਕਲਿਜੁਗ ਕਿਸੇ ਦੇਸ਼, ਤੀਰਥ ਤੇ ਨਹੀਂ ਬੈਠਾ, ਨਾਂ ਉਹ ਦਾਤਾ ਹੋ ਦਾਨ ਕਰਦਾ ਤੇ ਮਹਿਲ ਉਸਾਰਦਾ ਹੈ ਫਿਰ ਉਹ ਕਿੱਥੋਂ ਆ ਗਿਆ? ਜਦ ਤੁਹਾਡੇ ਵਰਗੇ ਧਰਮੀ, ਗਰੀਬਾਂ ਤੇ ਅਬਲਾਵਾਂ ਨਾਲ ਧੱਕਾ ਕਰਦੇ ਤੇ ਲੋਕ ਧੱਕੇਸ਼ਾਹੀ ਪ੍ਰਵਾਨ ਕਰ ਲੈਂਦੇ ਨੇ, ਉਹ ਧੱਕਾ ਕਰਨਾ ਹੀ ਕਲਿਜੁਗ ਹੈ। ਤੁਸੀਂ ਕਥਿਤ ਕਲਿਜੁਗ ਦੇ ਨਾਮ ਹੇਠ ਧਰਮ ਅਸਥਾਨ 'ਤੇ ਕੁਕਰਮ ਕਰਦੇ, ਕੁਝ ਸ਼ਰਮ ਕਰੋ ਤਾਂ ਬਾਬੇ ਦੀਆਂ ਮੂੰਹ ਤੇ ਖਰੀਆਂ ਸੁਣ ਕੇ, ਪਾਂਡੇ ਨਿਰੁਤਰ ਹੋ ਗੁਰੂ ਕੋਲੋਂ ਖਿਮਾ ਜਾਚਨਾ ਕਰ, ਸੁਧਾਰ ਦੇ ਰਾਹੇ ਪਏ।

ਸੋ ਪਾਠਕ ਜਨੋ ਕਲਿਜੁਗ ਦਾ ਕੋਈ ਪੱਕਾ ਸਮਾ ਨਹੀਂ, ਇਹ ਬਿਰਤੀ ਨਾਲ ਸਬੰਧ ਰੱਖਦਾ ਹੈ। ਜਦ ਜੀਵਾਂ ਦਾ ਜੀਵਨ ਉੱਚਾ-ਸੁੱਚਾ ਹੁੰਦਾ ਤੇ ਸੱਚ ਬੋਲਦੇ ਤਾਂ ਸਤਿਜੁਗ ਤੇ ਜਦ ਜੀਵਨ ਬੁਰਾ ਹੁੰਦਾ ਝੂਠ ਬੋਲੇਦੇ ਤੇ ਧੱਕੇਸ਼ਾਹੀਆਂ ਕਰਦੇ, ਉਹ ਸਮਾਂ ਹੀ ਕਲਿਜੁਗ ਹੁੰਦਾ ਹੈ। ਅੱਜ ਵੀ ਹੋਰ ਕਈ ਮੱਤਾਂ ਦੇ ਧਰਮ ਅਸਥਾਨਾਂ ਅਤੇ ਰਾਜਾਂ ਵਿੱਚ, ਧੱਕੇਸ਼ਾਹੀਆਂ ਅਤੇ ਕੁਕਰਮ ਹੋ ਰਹੇ ਹਨ।

ਸਾਡੇ ਸਿੱਖਾਂ ਦੇ ਗੁਰਦੁਆਰਿਆਂ 'ਚ ਵੀ ਧੱਕੜ ਪ੍ਰਬੰਧਕ ਤੇ ਕੱਟੜਪੰਥੀ ਆਏ ਦਿਨ ਧੱਕੇਸ਼ਾਹੀਆਂ ਕਰ ਰਹੇ ਹਨ। ਜੇ ਕਿਸੇ ਭਾਈ ਦੇ ਵਿਚਾਰ ਇਨ੍ਹਾਂ ਨਾਲ ਨਹੀਂ ਮਿਲਦੇ ਤਾਂ ਇਹ ਲੋਕ ਉਨ੍ਹਾਂ ਦੀਆਂ ਪੱਗਾ ਲਾਹੁਣ, ਹੱਥੋਪਾਈ, ਗਾਲੀ ਗਲੋਚ, ਕੁੱਟਮਾਰ ਕਰਨ 'ਤੇ ਇੱਥੋਂ ਤੱਕ ਕਿ ਕਤਲ ਕਰਨ ਤੱਕ ਵੀ ਜਾਂਦੇ ਹਨ। ਡੈਮੋਕਰੇਸੀ ਦੇ ਰਾਜ 'ਚ ਸਭ ਨੂੰ ਆਪੋ ਆਪਣੇ ਵਿਚਾਰ ਰੱਖਣ ਦਾ ਪੂਰਾ ਹੱਕ ਹੈ ਪਰ ਜਦੋਂ ਕੱਟੜਵਾਦੀ ਧੱਕੇ ਧੌਂਸ ਨਾਲ ਇਹ ਹੱਕ ਖੋਂਹਦੇ ਜਰਾ ਜਿਨੀ ਸ਼ਰਮ ਨਹੀਂ ਕਰਦੇ ਤਾਂ ਉਸ ਸਮੇ ਦਾ ਨਾਂ ਹੀ ਕਲਿਜੁਗ ਹੁੰਦਾ ਹੈ।

ਵੈਸੇ ਤਾਂ ਕਲਿ ਦਾ ਅਰਥ ਕਲਾ ਭਾਵ ਹੁਨਰ ਹੈ। ਹੁਨਰ ਸਿੱਖ ਕੇ, ਸਾਨੂੰ ਅਗਾਂਹ ਵਧੂ ਬਿਰਤੀ ਦੇ ਪਾਂਧੀ ਬਣਨਾ ਚਾਹੀਦਾ ਹੈ। ਮੁਆਫ ਕਰਨਾ ਅਸੀਂ ਤਾਂ ਬਹੁਤੇ ਪਿਛਾਹ ਖਿੱਚੂ ਬਿਰਤੀ ਦੇ ਧਾਰਨੀ ਹੋ, ਧਰਮ ਅਸਥਾਨਾਂ 'ਚ ਹੀ ਕਲਾ-ਕਲੇਸ਼ ਕਰਕੇ ਕਲਿਜੁਗ ਵਰਤਾ ਦਿੰਦੇ ਹਾਂ।

# ਕਿਸਾਨਾਂ ਦੇ ਸੰਘਰਸ਼ ਨੂੰ ਅੰਤਰਰਾਸ਼ਟਰੀ ਪੱਧਰ ਤੇ ਭਰਵਾਂ ਸਹਿਯੋਗ

## ਕਿਸਾਨ ਆਗੂ ਆਪਣੀ ਅੜੀ ਤੇ ਕਾਇਮ, ਹੁਣ ਮੀਟਿੰਗ 9 ਦਸੰਬਰ ਨੂੰ!

ਫਰਾਂਸੀਸੀ ਇਕ ਅਖ਼ਬਾਰ ਨੇ ਭਾਰਤ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਨੂੰ ਇਸ ਉਪ ਗ੍ਰਹਿ ਦਾ ਸਭ ਤੋਂ ਵੱਡਾ ਸੰਘਰਸ਼ ਦੱਸਿਆ ਹੈ। ਜਿਸ ਬਾਰੇ ਬਹੁਤ ਸਾਰੇ ਬਜ਼ੁਰਗ ਲੋਕਾਂ ਦਾ ਵੀ ਇਹ ਹੀ ਵਿਚਾਰ ਹੈ, ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਦੀਆਂ ਉਮਰਾਂ ਇਸ ਸਮੇਂ 75-90 ਸਾਲ ਦੇ ਵਿਚਕਾਰ ਹੋ ਚੁੱਕੀਆਂ ਹਨ ਪਰ ਜਿਹੋ ਜਿਹੀ ਸ਼ਾਨਦਾਰ ਜੱਦੋ-ਜਹਿਦ ਦੇਸ਼ ਦੇ ਜੁਝਾਰੂ ਕਿਸਾਨਾਂ ਨੇ ਇਸ ਵਾਰ ਕਰ ਵਿਖਾਈ ਹੈ, ਉਹ ਉਹਨਾਂ ਨੇ ਆਪਣੀ ਜਿੰਦਗੀ ਵਿੱਚ ਪਹਿਲੀ ਵਾਰ ਵੇਖੀ ਹੈ। ਪਿਛਲੇ ਕਈ ਦਿਨਾਂ ਤੋਂ ਦੇਸ਼ ਦੇ ਕਰੋੜਾਂ ਕਿਸਾਨਾਂ ਨੇ ਲੱਖਾਂ ਹੀ ਟਰੈਕਟਰਾਂ ਨਾਲ ਦਿੱਲੀ ਦੇ ਪੰਜੇ ਦੇ ਪੰਜੇ ਬਾਰਡਰਾਂ ਨੂੰ ਪੂਰੀ ਤਰਾਂ ਸੀਲ ਕਰ ਰਖਿਆ ਹੈ। ਰੋਜ਼ਾਨਾ ਹੀ ਭਾਰਤ ਦੇ ਵੱਖ ਵੱਖ ਸੂਬਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਟਰੈਕਟਰਾਂ, ਟਰਾਲੀਆਂ ਸਮੇਤ ਇਸ ਹੱਕ ਤੇ ਸੱਚ ਦੀ ਲੜਾਈ ਵਿੱਚ ਹੋਰ ਸ਼ਾਮਲ ਹੋ ਰਹੇ ਹਨ।ਦੇਸ਼ ਦੇ ਕਿਸਾਨ ਭਾਰਤ ਦੀ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਉਸ ਵਲੋਂ ਪਾਸ ਕੀਤੇ ਤਿੰਨ ਕਿਸਾਨ ਵਿਰੋਧੀ ਕਾਲੇ ਕਾਨੂੰਨ, ਬਿਜਲੀ ਸੋਧ ਬਿੱਲ 2020 , ਪਰਾਲੀ ਸਾੜਨ ਦੇ ਦੋਸ਼ੀ ਕਿਸਾਨਾਂ ਨੂੰ ਇਕ ਕਰੋੜ ਰੁਪਏ ਜੁਰਮਾਨਾ ਤੇ ਪੰਜ ਸਾਲ ਦੀ ਕੈਦ ਕਰਨ, ਕਿਸਾਨਾਂ ਵਿਰੁੱਧ ਦਰਜ ਕੀਤੇ ਝੂਠੇ ਮੁਕੱਦਮੇ ਰੱਦ ਕਰਕੇ ਉਹਨਾਂ ਨੂੰ ਬਿਨਾ ਸ਼ਰਤ ਰਿਹਾ ਕੀਤਾ ਜਾਵੇ। ਉਹਨਾਂ ਨੇ ਇਹ ਵੀ ਐਲਾਨ ਕਰ ਰਖਿਆ ਹੈ ਕਿ ਜਿੰਨਾ ਚਿਰ ਉਹਨਾਂ ਦੀਆਂ ਮੰਗਾਂ ਪ੍ਰਵਾਨ ਨਹੀਂ ਕੀਤੀਆਂ ਜਾਂਦੀਆਂ, ਉਹ ਆਪਣੇ ਘਰੀਂ ਨਹੀਂ ਪਰਤਣਗੇ। ਸੰਸਾਰ ਦੇ ਬਹੁਤ ਵਿਕਸਤ ਕਹੇ ਜਾਂਦੇ ਦੇਸ਼ ਅਮਰੀਕਾ ਦੇ ਰਾਸ਼ਟਰਪਤੀ ਜੋ- ਬਾਇਡਨ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ, ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਆਦਿ ਕਈ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ, ਮੰਤਰੀਆਂ, ਪਾਰਲੀਮੈਂਟ ਮੈਂਬਰਾਂ ਤਕ ਨੇ ਵੀ ਕਿਸਾਨਾਂ ਦੀਆਂ ਮੰਗਾਂ ਨੂੰ ਜਾਇਜ਼ ਕਰਾਰ ਦੇਂਦਿਆਂ ਭਾਰਤ ਦੀ ਸਰਕਾਰ ਨੂੰ ਜੋਰ ਦੇ ਕੇ ਕਿਹਾ ਜਾ ਚੁੱਕਾ ਹੈ ਕਿ ਉਸ ਨੂੰ ਕਿਸਾਨਾਂ ਦੀਆਂ ਮੰਗਾਂ ਨੂੰ ਬਿਨਾ ਦੇਰੀ ਪ੍ਰਵਾਨ ਕਰਕੇ ਕਿਸਾਨਾਂ ਦੇ ਅੰਦੋਲਨ ਨੂੰ ਖਤਮ ਕਰਾਉਣਾ ਚਾਹੀਦਾ ਹੈ। ਭਾਰਤ ਵਿੱਚ ਵੀ ਐਨ ਡੀ ਏ ਸਰਕਾਰ ਦੀ ਬੜੀ ਪੁਰਾਣੀ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਕਿਸਾਨਾਂ ਦੀਆਂ ਮੰਗਾਂ ਦੇ ਹੱਕ ਵਿੱਚ ਕੇਂਦਰ ਦੀ ਐਨ ਡੀ ਏ ਸਰਕਾਰ ਤੋਂ ਵੱਖ ਹੋਣਾ ਪਿਆ ਹੈ, ਇਥੋਂ ਤਕ ਕਿ ਐਨ ਡੀ ਏ ਵਿੱਚ ਭਾਈਵਾਲ ਰਾਜਸਥਾਨ ਦੀ ਰਾਸ਼ਟਰੀ ਲੋਕ ਤੰਤਰ ਪਾਰਟੀ ਨੇ ਵੀ ਕਿਸਾਨ ਮੰਗਾਂ ਦੇ ਹੱਕ ਵਿੱਚ ਭਾਜਪਾ ਸਰਕਾਰ ਤੋਂ ਕਿਨਾਰਾ ਕਰ ਲਿਆ ਹੈ।ਉਸ ਨੇ ਤਾਂ ਇਹ ਵੀ ਮੰਗ ਕਰ ਦਿੱਤੀ ਹੈ ਕਿ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਨੂੰ ਵੀ ਕਿਸਾਨਾਂ ਤੇ ਲਾਗੂ ਕੀਤਾ ਜਾਵੇ। ਹਰਿਆਣੇ ਵਿੱਚ ਵੀ ਜੇਅੰਤ ਚੁਟਾਲੇ ਤੇ ਖੇਪ ਪੰਚਾਇਤਾਂ ਨੇ ਕਿਸਾਨਾਂ ਦੀ ਹਮਾਇਤ ਕਰ ਦਿੱਤੀ ਹੈ ਹੁਣ ਹਰਿਆਣੇ ਵਿੱਚ ਵੀ ਖੱਟੜ ਸਰਕਾਰ ਅੱਗੇ ਕਈ ਪ੍ਰਕਾਰ ਦੀਆਂ ਗੰਭੀਰ ਮੁਸ਼ਕਲਾਂ ਖੜ੍ਹੀਆਂ ਹੋ ਰਹੀਆਂ ਹਨ।ਭਾਰਤੀ ਜਨਤਾ ਪਾਰਟੀ ਦੇ ਆਪਣੇ ਹੀ ਕਿਸਾਨ ਵਿੰਗ ਨੇ ਸਰਕਾਰ ਵਲੋਂ ਪਾਸ ਕੀਤੇ ਕਾਨੂੰਨਾਂ ਨੂੰ ਕਿਸਾਨ ਵਿਰੋਧੀ ਦੱਸ ਕੇ ਜੱਦੋ-ਜਹਿਦ ਕਰ ਰਹੇ ਕਿਸਾਨਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰ ਦਿੱਤੀ ਹੈ। ਭਾਰਤੀ ਜਨਤਾ ਪਾਰਟੀ ਦੇ ਸਿਰਕੱਢ ਆਗੂ ਜੋ ਕਿਸੇ ਸਮੇਂ ਪੰਜਾਬ ਵਿੱਚ ਅਕਾਲੀ ਭਾਜਪਾ ਸਰਕਾਰ ਵੇਲੇ ਕੈਬਨਿਟ ਮੰਤਰੀ ਹੁੰਦੇ ਸਨ, ਡਾ ਲਕਸ਼ਮੀ ਕਾਂਤ ਚਾਵਲਾ ਤੇ ਮਾਸਟਰ ਮੋਹਨ ਲਾਲ ਨੇ ਵੀ ਕਿਸਾਨ ਮੰਗਾਂ ਨੂੰ ਜਾਇਜ਼ ਕਰਾਰ ਦੇ ਕੇ ਉਹਨਾਂ ਦੀ ਪੁਰਜ਼ੋਰ ਹਮਾਇਤ ਕਰ ਦਿੱਤੀ ਹੈ। ਉਹਨਾਂ ਨੇ ਭਾਜਪਾ ਦੀ ਸਰਕਾਰ ਨੂੰ ਕਿਸਾਨਾਂ ਦੇ ਮਸਲੇ ਨੂੰ ਜਲਦੀ ਨਜਿੱਠਣ ਦੀ ਮੰਗ ਕੀਤੀ ਹੈ ਦੇਸ਼ ਵਿੱਚ ਹੁਕਮਰਾਨ ਪਾਰਟੀ ਦੇ ਕਈ ਅਹੁਦੇਦਾਰ ਭਾਰਤੀ ਜਨਤਾ ਪਾਰਟੀ ਤੋਂ ਅਸਤੀਫ਼ਾ ਦੇ ਕੇ ਉਸ ਤੋਂ ਕਿਨਾਰਾ ਕਰ ਚੁੱਕੇ ਹਨ ਤੇ ਅੱਗੋਂ ਹੋਰ ਵੀ ਕਰਦੇ ਆ ਰਹੇ ਹਨ। ਇਹ ਵੀ ਚਰਚਾ ਹੈ ਕਿ ਭਾਜਪਾ ਦੀ ਵੱਡੀ ਲੀਡਰਸ਼ਿਪ ਵਿੱਚ ਵੀ ਹੁਣ ਬਗਾਵਤੀ ਸੁਰਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ।ਜਿਸ ਤਰਾਂ ਦੇ ਅਸਾਰ ਬਣ ਰਹੇ ਹਨ ਕਿ ਕਿਧਰੇ ਇਹ ਨਾ ਹੋਵੇ ਕਿ ਕਿਸਾਨਾਂ ਦਾ ਚਲ ਰਿਹਾ ਅੰਦੋਲਨ 'ਭਾਜਪਾ ਸਰਕਾਰ' ਦੀ ਬੱਲੀ ਨਾ ਲੈ ਲਵੇ। ਸੰਸਾਰ ਵਿੱਚ ਹਰ ਔਖ ਦੀ ਘੜ੍ਹੀ ਵਿੱਚ ਲੋਕਾਂ ਦੀ ਸਾਰ ਲੈਣ ਵਾਲੇ ਖਾਲਸਾ ਏਡ ਦੇ ਮੁੱਖੀ ਸ੍ਰ ਰਵੀ ਸਿੰਘ ਨੇ ਵੀ ਆਪਣੀ ਪੰਜਾਬ ਇਕਾਈ ਦੇ ਆਗੂਆਂ ਨੂੰ ਕਿਸਾਨ ਸੰਘਰਸ਼ ਵਾਲੀ ਥਾਂ ਦਿੱਲੀ ਵਿਖੇ ਭੇਜ ਕੇ ਉਹਨਾਂ ਦੀ ਹਰ ਤਰਾਂ ਮੱਦਦ ਕਰਨ ਲਈ ਕਿਹਾ ਹੋਇਆ ਹੈ।ਜੋ ਪਿਛਲੇ ਕਈ ਦਿਨਾਂ ਤੋ ਕਿਸਾਨਾਂ ਦੀ ਸੇਵਾ ਵੀ ਕਰ ਰਹੇ ਹਨ। ਵਰਲਡ ਕੈਂਸਰ ਕੇਅਰ ਸੈਂਟਰ ਦੇ ਸ੍ਰ ਕੁਲਵੰਤ ਸਿੰਘ ਧਾਲੀਵਾਲ ਜਿਹੜੇ ਹਰ ਸਾਲ ਕੈਂਸਰ ਦੇ ਮਰੀਜਾਂ ਦਾ ਇਲਾਜ ਕਰਨ ਲਈ ਭਾਰਤ ਆਉਂਦੇ ਹਨ। ਉਹਨਾਂ ਨੇ ਵੀ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਮੈਡੀਕਲ ਸਹੂਲਤ ਦੇਣ ਲਈ ਇਕ ਕਰੋੜ ਰੁਪਏ ਦੀ ਰਾਸ਼ੀ ਭੇਜ ਦਿੱਤੀ ਹੈ। ਇਹ ਵੀ ਪਤਾ ਲਗਾ ਹੈ ਕਿ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਵਿਚ ਕਨੇਡਾ ਤੋਂ ਇਕ ਵਿਸ਼ੇਸ਼ ਚਾਰਟਰ ਜਹਾਜ ਜਿਸ ਵਿੱਚ ਬਹੁਤ ਸਾਰੇ ਵੀਰ, ਭੈਣਾਂ ਸ਼ਾਮਲ ਹਨ।ਉਹ ਵੀ ਕਿਸਾਨਾਂ ਦੀ ਮਦੱਦ ਕਰਨ ਲਈ ਚੱਲ ਚੁਕੇ ਹੋਣ ਦੀਆਂ ਵੀ ਖਬਰਾਂ ਹਨ। ਸਰਬਤ ਭੱਲਾ ਟਰੱਸਟ ਦੇ ਡਾ ਐਸ ਪੀ ਸਿੰਘ ਉਬਰਾਏ ਨੇ ਵੀ ਬੜੀ ਵੱਡੀ ਮਦਦ ਕਿਸਾਨਾਂ ਦੀ ਕਰਦਿਆ ਕਿਹਾ ਕਿ ਜਿਹੜੀ ਵੀ ਹੋਰ ਚੀਜ ਦੀ ਜਰੂਰਤ ਹੈ ਉਹ ਪੂਰੀ ਕਰ ਕੇ ਦੇਣਗੇ। ਬੁੱਢਾ ਦੱਲ ਦੇ ਨਿਹੰਗ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਵੀ ਐਲਾਨ ਕਰਕੇ ਕਿਹਾ ਹੈ ਕਿ ਸਾਰੇ ਨਿਹੰਗ ਸਿੰਘ ਦੱਲਾਂ ਦੇ 25 ਹਜਾਰ ਘੋੜ੍ਹ ਸਵਾਰ ਨਿਹੰਗ ਸਿੰਘ ਫੌਜਾਂ ਨੇ ਵੀ ਪੂਰੇ ਲਾਮ ਲਸ਼ਕਰ ਨਾਲ ਦਿੱਲੀ ਕਿਸਾਨਾਂ ਦੇ ਹੱਕ ਵਿੱਚ ਪੁੱਜ ਗਏ ਹਨ। ਇਸੇ ਤਰਾਂ ਰਾਗੀ, ਢਾਡੀ, ਪ੍ਰਚਾਰਕਾਂ ਨੇ ਵੀ ਉਹਨਾਂ ਦੇ ਹੱਕ ਵਿੱਚ ਸ਼ਮੂਲੀਅਤ ਕਰਨ ਦਾ ਐਲਾਨ ਕਰ ਦਿੱਤਾ ਹੈ। ਮਸ਼ਹੂਰ ਢਾਡੀ ਸ੍ਰ ਤਰਸੇਮ ਸਿੰਘ ਮੋਰਾਂਵਾਲੀ ਤੇ ਹੋਰ ਕਈ ਢਾਡੀ ਜੱਥੇ ਕਿਸਾਨ ਇੱਕਠਾਂ ਵਿੱਚ ਵਾਰਾਂ ਗਾ ਕੇ ਕਿਸਾਨਾਂ ਨੂੰ ਇਤਿਹਾਸ ਤੋਂ ਜਾਣੂ ਕਰਵਾਉਂਦੇ ਆ ਰਹੇ ਹਨ।ਸੰਤ ਬਾਬਿਆਂ ਨੇ ਵੀ ਕਿਸਾਨਾਂ ਦੀ ਮਦੱਦ ਕਰਨ ਲਈ ਦਿੱਲੀ ਚਾਲੇ ਪਾਣ ਦਾ ਐਲਾਨ ਕਰ ਦਿੱਤਾ ਹੈ। ਇਹ ਵੀ ਸੂਚਨਾ ਹੈ ਕਿ ਕਰਨਾਟਕਾਂ ਤੇ ਪੰਛਮੀ ਬੰਗਾਲ ਆਦਿ ਕਈ ਹੋਰ ਪ੍ਰਾਂਤਾਂ ਦੇ ਕਿਸਾਨ ਵੀ ਦਿੱਲੀ ਲਈ ਚੱਲ ਪਏ ਹਨ। ਹੁਣ ਸਿਰਫ ਦੇਸ਼ ਦੇ ਇਕ ਦੋ ਸਟੇਟਾਂ ਦੇ ਕਿਸਾਨ ਦਿੱਲੀ ਪਹੁੰਚਣੇ ਬਾਕੀ ਰਹਿ ਗਏ ਹਨ। ਸੰਸਾਰ ਪ੍ਰਸਿੱਧ ਖਿਡਾਰੀਆਂ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਜੇ ਕਰ ਉਸ ਨੇ ਕਿਸਾਨਾਂ ਦੀਆ ਮੰਗਾਂ ਪਰਵਾਨ ਨਾ ਕੀਤੀਆਂ ਤਾਂ ਉਹ ਵੀ ਸਾਰੇ ਅਵਾਰਡ ਵਾਪਿਸ ਕਰਨ ਲਈ ਤਿਆਰ ਬਰ ਤਿਆਰ ਬੈਠੇ ਹਨ। ਜਿਨਾਂ ਵਿਚ 'ਪਦਮ ਸ਼੍ਰੀ' ਅਵਾਰਡ ਨਾਲ ਸਨਮਾਨਿਤ ਪਹਿਲਵਾਨ ਕਰਤਾਰ ਸਿੰਘ, ਅਰਜਨ ਅਵਾਰਡੀ ਤੇ ਹਾਕੀ ਖਿਡਾਰਨ ਰਾਜਵੀਰ ਕੌਰ, ਅਰਜਨ ਅਵਾਰਡੀ ਸ੍ਰ ਸੱਜਣ ਸਿੰਘ ਚੀਮਾ ,ਸ੍ਰੀ ਧਿਆਨ ਚੰਦ ਪੁਰਸਕਾਰ ਨਾਲ ਸਨਮਾਨਿਤ ਸ੍ਰ ਗਰਮੇਲ ਸਿੰਘ ਤੋਂ ਇਲਾਵਾ ਕੌਮਾਂਤਰੀ ਪਧੱਰ ਦੇ ਹਾਕੀ ਖਿਡਾਰੀ ਓਲੰਪੀਅਨ ਪਰਗਟ ਸਿੰਘ, 27 ਹੋਰ ਪ੍ਰਸਿੱਧ ਖਿਡਾਰੀਆਂ ਨਾਲ ਆਪਣੇ ਅਵਾਰਡ ਵਾਪਿਸ ਕਰਨ ਦਾ ਐਲਾਨ ਕਰ ਚੁੱਕੇ ਹਨ।ਪੰਜਾਬੀ ਦੇ ਉੱਘੇ ਸਾਹਿੱਤਕਾਰ ਸੁਰਜੀਤ ਪਾਤਰ, ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸਵਰਾਜਬੀਰ, ਡਾ ਮੋਹਨ ਜੀਤ, ਸੰਤ ਸੇਵਾ ਸਿੰਘ ਖਡੂਰ ਸਾਹਿਬ ਆਦਿ ਕਈ ਹੋਰ ਸਾਹਿਤਕਾਰਾਂ, ਕਲਾਕਾਰਾਂ ਤੋਂ ਬਿਨਾ ਅਕਾਲੀ ਦੱਲ ਬਾਦਲ ਦੇ ਆਗੂ ਸ੍ਰ ਪਰਕਾਸ਼ ਸਿੰਘ ਬਾਦਲ ਨੇ "ਪਦਮ ਵਿਭੂਸ਼ਨ" ਤੇ ਅਕਾਲੀ ਦੱਲ ਡੈਮੋਕਰੇਟਿਕ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ "ਪਦਮ ਭੂਸ਼ਨ" ਅਵਾਰਡ ਸਰਕਾਰ ਨੂੰ ਵਾਪਿਸ ਕਰ ਦੇਣ ਦਾ ਐਲਾਨ ਕਰ ਦਿੱਤਾ ਹੈ ਪੰਜਾਬੀ ਕਲਾਕਾਰੀ ਦੇ ਬੋਹੜ੍ਹ ਜਾਣੇ ਜਾਂਦੇ ਕਲਾਕਾਰ 'ਗੁਰਦਾਸ ਮਾਨ' ਜਿਹੜੇ ਕੁਝ ਸਮੇਂ ਤੋਂ ਕਿਸਾਨਾਂ ਨਾਲ ਹਮਦਰਦੀ ਜਿਤਾਉਣ ਤੋਂ ਚੁੱਪ ਵੱਟੀ ਬੈਠੇ ਸਨ ਉਹ ਵੀ ਕਿਸਾਨਾਂ ਦੇ ਹੱਕ ਵਿੱਚ ਨਿੱਤਰ ਆਏ ਹਨ। ਪਰ ਅਫਸੋਸ ਦੀ ਗੱਲ ਹੈ ਕਿ ਦੇਸ਼ ਦੀ ਹੁਕਮਰਾਨ ਪਾਰਟੀ ਦਾ ਆਗੂ ਜਿਹੜਾ ਕਦੇ ਆਪਣੇ ਆਪ ਨੂੰ ਲੋਕਾਂ ਦਾ ਚੌਂਕੀਦਾਰ ਦਸਦਾ ਨਹੀਂ ਸੀ ਥੱਕਦਾ 'ਸ੍ਰੀ ਨਰਿੰਦਰ ਮੋਦੀ' ਉਸ ਨੇ ਇਕੋ ਇਕ ਰੱਟ ਲਗਾਈ ਹੋਈ ਹੈ ਕਿ ਉਹ ਕਿਸਾਨ ਬਿੱਲਾਂ ਨੂੰ ਕਦੇ ਵੀ ਵਾਪਿਸ ਨਹੀਂ ਲੈਣਗੇ। ਸਰਕਾਰ ਹੁਣ ਤਕ ਪੰਜ ਗੇੜ੍ਹਾਂ ਵਿੱਚ ਕਿਸਾਨਾਂ ਨਾਲ ਮੀਟਿੰਗਾਂ ਕਰ ਚੁੱਕੀ ਹੈ। ਜਿਸ ਤਰਾਂ ਕਿਸਾਨ ਆਗੂਆਂ ਨੇ ਮੀਟਿੰਗਾਂ ਵਿੱਚ ਸਰਕਾਰ ਦੇ ਮੰਤਰੀਆਂ ਸਮੇਤ ਵੱਡੇ ਵੱਡੇ ਅਫਸਰਾਂ ਨੂੰ ਇਨਾਂ ਬਿੱਲਾਂ ਉਤੇ ਲਾ ਜਵਾਬ ਕਰ ਦਿੱਤਾ ਹੈ, ਉਹ ਵੀ ਹੁਣ ਬਿੱਲਾਂ ਵਿੱਚ ਤਰਮੀਮਾਂ ਕਰਨ ਲਈ ਆਖਣ ਲਗ ਪਏ ਹਨ।ਪਰ ਕਿਸਾਨਾਂ ਨੇ ਸਰਕਾਰ ਨੂੰ ਸਪਸ਼ਟ ਕਹਿ ਦਿੱਤਾ ਹੈ ਕਿ ਉਹ ਕਿਸਾਨ ਵਿਰੋਧੀ ਬਿੱਲਾਂ ਨੂੰ ਵਾਪਿਸ ਕਰਾਏ ਬਿਨਾਂ ਆਪਣਾ ਅੰਦੋਲਨ ਸਮਾਪਤ ਨਹੀਂ ਕਰਨਗੇ। ਕਿਸਾਨ ਜਥੇਬੰਦੀਆਂ ਸਰਕਾਰ ਵਲੋਂ ਸੰਘਰਸ਼ ਨੂੰ ਲਮਕਾਉਣ ਵਾਲੀ ਚਾਲ ਨੂੰ ਸਮਝ ਰਹੀਆਂ ਹਨ। ਇਸੇ ਕਰਕੇ ਉਹਨਾਂ ਨੇ ਮੀਟਿੰਗਾਂ ਦੌਰਾਨ ਸਰਕਾਰ ਵਲੋਂ ਪਰੋਸੀ ਗਈ ਚਾਹ, ਪਾਣੀ ਤੇ ਰੋਟੀ ਖਾਣ ਤੋਂ ਕੋਰੀ ਨਾਂਹ ਕਰਦਿਆਂ ਵਿਗਿਆਨ ਭਵਨ ਵਿੱਚ ਭੁੰਜੇ ਬੈਠ ਕੇ ਆਪਣੇ ਨਾਲ ਲਿਆਂਦਾ ਲੰਗਰ ਖਾ ਕੇ ਆਪਣੇ ਸਖਤ ਰੁੱਖ ਦਾ ਪ੍ਰਗਟਾਵਾ ਵੀ ਕੀਤਾ ਹੋਇਆ ਹੈ। ਕਿਸਾਨਾਂ ਜਥੇਬੰਦੀਆਂ ਨੇ ਆਪਣੀ ਮੀਟਿੰਗ ਕਰ ਕੇ ਕੁਝ ਵੱਡੇ ਫੈਸਲੇ ਕੀਤੇ ਸਨ। ਜਿਸ ਮੁਤਾਬਿਕ 5 ਦਸੰਬਰ ਨੂੰ ਸਾਰੇ ਦੇਸ਼ ਵਿੱਚ ਅਡਾਨੀਆਂ, ਅੰਬਾਨੀਆਂ ਅਤੇ ਮੋਦੀ ਸਰਕਾਰ ਦੇ 'ਪੁੱਤਲੇ' ਫੂਕੇ ਗਏ, 7 ਦਸੰਬਰ ਨੂੰ ਜਿਨਾਂ ਨੂੰ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਕਾਰਨ ਦੇਸ ਦੀ ਸਰਕਾਰ ਵਲੋਂ ਜਿਹੜੇ ਪੁਰਸਕਾਰ ਦਿੱਤੇ ਗਏ ਸਨ ਉਹ ਸਰਕਾਰ ਨੂੰ ਵਾਪਿਸ ਕਰਨਗੇ, 8 ਦਸੰਬਰ ਨੂੰ ਉਭਾਰਤ ਬੰਦ" ਰੱਖਣ ਦਾ ਐਲਾਨ ਵੀ ਕਰ ਦਿੱਤਾ ਹੈ।ਇਸੇ ਦਿਨ ਹੀ ਸਾਰੇ ਦੇਸ਼ ਦੇ ਟੌਲ ਪਲਾਜੇ ਇਕ ਦਿਨ ਲਈ ਫਰੀ ਕੀਤੇ ਜਾਣਗੇ। ਪੰਜਵੇਂ ਗੇੜ੍ਹ ਦੀ ਮੀਟਿੰਗ ਜਿਹੜੀ ਸਰਕਾਰ ਤੇ ਕਿਸਾਨਾਂ ਵਿੱਚਕਾਰ ਹੋਈ ਸੀ ਉਸ ਵਿਚ ਵੀ ਉਹਨਾਂ ਨੇ ਦੋ ਟੁੱਕ ਗੱਲ ਹੀ ਕੀਤੀ ਹੈ ਕਿ ਸਰਕਾਰ ਦਸੇ ਕਿ ਉਸ ਨੇ ਕਿਸਾਨ ਵਿਰੋਧੀ ਬਿੱਲ ਵਾਪਿਸ ਲੈਣੇ ਹਨ ਕਿ ਨਹੀਂ? ਉਹਨਾਂ ਹੋਰ ਗਲ ਬਾਤ ਕਰਨ ਤੋਂ ਨਾਂਹ ਕਰਦਿਆਂ ਮੋਨ ਧਾਰ ਲਿਆ ਤੇ ਆਪਣੇ ਨਾਲ ਲਿਆਂਦੀਆਂ ਤਖਤੀਆਂ ਜਿਸ ਤੇ ਹਾਂ ਜਾਂ ਨਾਂਹ ਲਿਖਿਆ ਹੋਇਆ ਸੀ ਸਰਕਾਰ ਨੂੰ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਕਿਸਾਨਾਂ ਨੇ ਬੜੇ ਸਪਸਟ ਕਿਹਾ ਉਹ ਜਾਂ ਤਾਂ ਬਿੱਲ ਵਾਪਿਸ ਕਰਾ ਕੇ ਨਗਾਰੇ ਤੇ ਚੋਟ ਲਗਾਉਂਦੇ ਫਤਹਿ ਦੇ ਜੈਕਾਰੇ ਗਜਾਉਂਦੇ ਘਰ ਪਰੱਤਣਗੇ ਜਾਂ ਫਿਰ ਆਪਣੇ ਸੀਨਿਆਂ ਵਿੱਚ ਗੋਲੀਆਂ ਖਾਣਗੇ।ਕਸੂਤੀ ਬਣੀ ਇਸ ਹਾਲਤ ਵਿੱਚ ਸਰਕਾਰ ਨੇ ਕਿਸਾਨਾਂ ਕੋਲੋਂ ਇਕ ਦਿਨ ਦਾ ਹੋਰ ਸਮਾਂ ਸਰਕਾਰ ਨਾਲ ਅੱਗੋਂ ਸਲਾਹ ਕਰਨ ਲਈ ਮੰਗਿਆ ਸੀ ਜੋ ਕਿਸਾਨਾਂ ਨੇ ਸਰਕਾਰ ਨੂੰ ਸਪਸ਼ਟ ਕਰਦਿਆ ਇਹ ਆਖ ਦਿੱਤਾ ਹੈ ਕਿ ਉਹ ਭਾਰਤ ਬੰਦ ਦੇ ਸਮੇਂ ਤਕ ਰੁੱਝੇ ਹੋਏ ਹਨ। ਹੁਣ ਸਰਕਾਰ ਕਿਸਾਨਾਂ ਦੇ ਕਹਿਣ ਅਨੁਸਾਰ ਉਹਨਾਂ ਨਾਲ 9 ਦਸੰਬਰ ਨੂੰ ਫਿਰ ਮੀਟਿੰਗ ਕਰੇਗੀ। ਕਿਸਾਨ ਸਮਝ ਰਹੇ ਹਨ ਕਿ ਸਰਕਾਰ ਦੀ ਨੀਤ ਵਿੱਚ ਖੋਟ ਹੈ ਇਹ ਵੀ ਪਰਤੀਤ ਹੋ ਰਿਹਾ ਹੈ ਕਿ ਜਿਹੜੀਆਂ ਉਚ ਅਦਾਲਤਾਂ ਵਿੱਚ ਪਟੀਸ਼ਨਾਂ ਪਾਈਆਂ ਗਈਆਂ ਹਨ ਜਿਸ ਵਿਚ ਦਿੱਲੀ ਦੀਆਂ ਠੱਪ ਕੀਤੀਆਂ ਸੜਕਾਂ ਆਦਿ ਨੂੰ ਖੁੱਲਵਾਉਣ ਦੀ ਮੰਗ ਕੀਤੀ ਹੋਈ ਹੈ। ਉਹ ਵੀ ਸਰਕਾਰ ਦੀ ਮਿਲੀ ਭੁਗਤ ਨਾਲ ਹੀ ਕਰਵਾਇਆ ਗਿਆ ਪ੍ਰਤੀਤ ਹੋ ਰਿਹਾ ਹੈ। ਸਰਕਾਰ ਨਿਆਂ-ਪਾਲਕਾ ਕੋਲੋਂ ਹੁਕਮ ਲੈ ਕੇ ਕਿਸਾਨਾਂ ਤੇ ਕੋਈ ਸਖਤ ਕਾਰਵਾਈ ਵੀ ਕਰ ਸਕਦੀ ਹੈ। ਇਸ ਤੇ ਵੀ ਕਿਸਾਨ ਘੋਖਵੀਂ ਨਜਰ ਰੱਖ ਰਹੇ ਹਨ। ਇੰਝ ਲਗ ਰਿਹਾ ਹੈ ਕਿ ਸਰਕਾਰ ਟਾਲਮਟੋਲ ਦੀ ਨੀਤੀ ਅਪਣਾ ਕੇ ਕਿਸਾਨਾਂ ਦੇ ਸਬਰ ਨੂੰ ਪਰਖ ਰਹੀ ਹੈ ਕਿ ਜਾਂ ਤਾਂ ਕਿਸਾਨ ਤੰਗ ਹੋ ਕੇ ਕੋਈ ਸਖਤ ਕਾਰਵਾਈ ਕਰਨਗੇ ਜਾਂ ਫਿਰ ਨਿਰਾਸ਼ ਹੋ ਕੇ ਘਰ ਮੁੜ੍ਹ ਜਾਣਗੇ ਹੈ।ਜਦੋਂ ਕਿ ਕਿਸਾਨਾਂ ਦਾ ਇਹ ਸੰਘਰਸ਼ ਹੁਣ ਪੰਜਾਬ ਦਾ ਨਾ ਹੋ ਕੇ ਸਾਰੇ ਦੇਸ਼ ਦੇ ਕਿਸਾਨਾਂ ਦੇ ਨਾਲ ਹਰ ਵਰਗ ਵਲੋਂ ਸਹਿਯੋਗ ਮਿਲਣ ਕਰਕੇ "ਲੋਕ ਅੰਦੋਲਨ" ਬਣ ਚੁੱਕਾ ਹੈ। ਕਿਸਾਨ ਆਗੂਆਂ ਨੂੰ ਇਹ ਵੀ ਸੂਚਨਾ ਮਿਲ ਰਹੀ ਹੈ ਕਿ ਸਰਕਾਰ ਦੀਆਂ ਕੁਝ ਏਜੰਸੀਆਂ ਇਸ ਅੰਦੋਲਨ ਨੂੰ ਤਾਰਪੀਡੋ ਕਰਨ ਲਈ ਕਈ ਤਰਾਂ ਦੀਆਂ ਸਕੀਮਾਂ ਘੜ੍ਹ ਰਹੀ ਹੈ। ਇਸ ਸਥਿੱਤੀ ਨਾਲ ਨਿਪਟਣ ਲਈ ਕਿਸਾਨਾਂ ਨੇ ਵੀ "ਯੂਥ ਬਰੀਗੇਡ" ਬਣਾ ਲਿਆ ਹੈ।ਕਿਸਾਨ ਅੰਦੋਲਨ ਦੌਰਾਨ ਭਾਜਪਾ ਦੇ ਕਈ ਲੀਡਰ ਕਿਸਾਨ ਮੰਗਾਂ ਦੇ ਹੱਕ ਵਿੱਚ ਅਸਤੀਫੇ ਦੇ ਕੇ ਮੈਦਾਨ ਵਿੱਚ ਨਿੱਤਰਣੇ ਸ਼ੁਰੂ ਹੋ ਗਏ ਹਨ।ਚਾਹੀਦਾ ਤਾਂ ਇਹ ਸੀ ਕਿ ਕਿਸਾਨਾਂ ਦੇ ਮੱਸਲੇ ਪਹਿਲੇ ਗੇੜ੍ਹ ਦੀ ਮੀਟਿੰਗ ਵਿੱਚ ਹੀ ਹੱਲ ਕਰਕੇ ਸਰਕਾਰ ਕੋਈ ਭੱਲ ਖੱਟਦੀ।ਪਰ ਮੋਦੀ ਸਾਹਿਬ ਨੇ ਇਕ "ਮੈ ਨਾ ਮਾਨੂੰ" ਦੀ ਜਿੱਦ ਫੜ ਕੇ ਸਾਰੇ ਦੇਸ਼ ਦਾ ਵਾਤਾਵਰਣ ਖਰਾਬ ਕੀਤਾ ਹੋਇਆ ਹੈ। ਉਹਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਰੇ ਦੇਸ਼ ਦੇ ਕਿਸਾਨਾਂ ਵਿੱਚ ਸਾਰੇ ਧਰਮਾਂ ਦੇ ਲੋਕ ਜਿਨਾਂ ਵਿੱਚ ਹਿੰਦੂ, ਸਿੱਖ, ਮੁਸਲਮਾਨ, ਈਸਾਈ, ਦਲਿੱਤ ਆਦਿ ਸਭ ਸ਼ਾਮਲ ਹਨ ਇਹ ਨਾ ਤਾਂ ਖਾਲਿਸਤਾਨੀ ਹਨ, ਨਾ ਹੀ ਪਾਕਿਸਤਾਨੀ ਤੇ ਨਾ ਹੀ ਕੁਝ ਹੋਰ। ਇਹ ਤਾਂ ਭਾਰਤ ਦੇਸ਼ ਦੇ ਨਿਰੋਲ ਕਿਸਾਨ ਹਨ ਤੇ ਜਿਨਾਂ ਦੀਆਂ ਮੰਗਾਂ ਵੀ ਬਿਲਕੁਲ ਜਾਇਜ਼ ਹਨ। ਜਿਸ ਨੂੰ ਕਿਸਾਨ ਜਥੇਬੰਦੀਆਂ ਨਾਲ ਲਗਾਤਾਰ ਮੀਟਿੰਗਾਂ ਕਰ ਰਹੇ ਮੋਦੀ ਸਰਕਾਰ ਦੇ ਸਾਰੇ ਮੰਤਰੀ ਤੇ ਅਫਸਰ ਵੀ ਸਵੀਕਾਰ ਕਰ ਚੁੱਕੇ ਹਨ। ਇਸ ਲਈ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਆਪਣੀ ਹੰਕਾਰ ਦੀ ਝੂੱਠੀ ਅੱੜੀ ਛੱਡ ਕੇ ਕਿਸਾਨਾਂ ਦੇ ਵਿਰੁੱਧ ਪਾਸ ਕੀਤੇ ਬਿੱਲ ਤੇ ਜਿਹੜੀਆਂ ਕੁਝ ਹੋਰ ਮੰਗਾਂ ਜੁੜ ਚੁੱਕੀਆਂ ਹਨ, ਉਹਨਾਂ ਸਭ ਨੂੰ ਖੁੱਲ ਦਿਲੀ ਨਾਲ ਸਵੀਕਾਰ ਕਰਕੇ, ਦੇਸ਼ ਜੋ ਬਦਅਮਨੀ ਦੇ ਰਾਹ ਪੈ ਰਿਹਾ ਪ੍ਰਤੀਤ ਹੋ ਰਿਹਾ ਹੈ। ਇਸ ਵਿਗੜ੍ਹ ਰਹੇ ਮਾਹੌਲ ਨੂੰ ਸ਼ਾਤ ਕਰਨਾ ਚਾਹੀਦਾ ਹੈ। ਇਸ ਵਿੱਚ ਉਹਨਾਂ ਦੀ ਆਪਣੀ ਸਰਕਾਰ, ਭਾਰਤੀ ਜਨਤਾ ਪਾਰਟੀ ਤੇ ਕਿਸਾਨਾਂ ਸਮੇਤ ਲੋਕਾਂ ਦੀ ਭਲਾਈ ਵੀ ਲੁੱਕੀ ਹੋਈ ਹੈ।

ਉਮੀਦ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਸਿਆਣਪ ਤੋਂ ਕੰਮ ਲੈ ਕੇ ਕਿਸਾਨਾਂ ਦੇ ਅੰਦੋਲਨ ਨੂੰ ਹੋਰ ਵਿਗੜਣ ਤੋਂ ਰੋਕ ਕੇ, ਚੱਲ ਰਹੇ ਸੰਘਰਸ਼ ਨੂੰ ਖਤਮ ਕਰਾਉਣਗੇ।



ਜੰਗ ਸਿੰਘ
91-94170-95965

## ਅੱਖਰਕਾਰੀ

ਆ ਗਈ ਅੱਖਰਕਾਰੀ ਜੀ,
ਹੁਣ ਛਾ ਗਈ ਅੱਖਰਕਾਰੀ।

ਪਾੜ੍ਹਿਆਂ ਨੂੰ ਹੈ ਚਾਅ ਜਿਹਾ ਚੜ੍ਹਿਆ,
ਓਹਨਾਂ ਵੀ ਹੱਥ ਵਿੱਚ ਕਾਨਾ ਫੜਿਆ ।
ਕਲਮ ਸਿਆਹੀ ਦੇ ਨਾਲ ਲਿਖ ਕੇ,
ਭਰ 'ਤੀ ਕਾਪੀ ਸਾਰੀ ।।
ਆ ਗਈ....

ਸਟੇਟ ਪੱਧਰ ਤੇ ਲਹਿਰ ਹੈ ਆਈ,
ਹਰ ਪਾਸੇ ਹੋਵੇ ਵਾਹੋ-ਵਾਹੀ ।।
ਅਸੀਂ ਵੀ ਸਿੱਖ ਗਏ ਸੋਹਣਾ ਲਿਖਣਾ,
ਹੁਣ ਹੈ ਬੱਚਿਆਂ ਦੀ ਵਾਰੀ।।
ਆ ਗਈ......

ਲਿਖਣ ਬਾਰੇ ਤਕਨੀਕੀ ਨੁਕਤਾ,
ਬਿੰਦੀ ,ਟਿੱਪੀ ਨਾਲੇ ਮੁਕਤਾ।
ਹਾਸਿਲ ਕਰਨ ਧੰਨਭਾਗੀ ਹੋ ਗਏ,
ਗਿਆਨਦਾਤਾ ਦੇ ਹੋਏ ਪੁਜਾਰੀ।।
ਆ ਗਈ.......

ਹੁਣ ਵੰਡੀਏ ਕਲਾ ਇਹ ਬੱਚਿਆਂ ਨਾਲ,
ਸੋਹਣੇ ਮਨ ਦੇ ਸੱਚਿਆਂ ਨਾਲ।
ਆਓ ਨਿਖਾਰੀਏ ਉਨ੍ਹਾਂ ਨੂੰ ਵੀ ,
ਜਿਉਂ ਆਪਣੀ ਸਖਸ਼ੀਅਤ ਨਿਖਾਰੀ।।

ਆ ਗਈ ਅੱਖਰਕਾਰੀ ਜੀ,
ਹੁਣ ਛਾ ਗਈ ਅੱਖਰਕਾਰੀ।।

**ਰੇਣੂ ਕੌਸ਼ਲ (ਸਟੇਟ ਅਵਾਰਡੀ)**
**91-98768-77607**



## ਅੰਤਰਰਾਸ਼ਟਰੀ ਸਾਹਿਤਕ ਸੰਸਥਾ ਪੀ ਐਲ ਜੀ ਦਾ ਹੋਇਆ ਵੈਬਿਨਾਰ, ਡਾ ਹਰਜੀਤ ਸਿੰਘ ਸੱਧਰ ਸਨ ਮੁੱਖ ਮਹਿਮਾਨ

**ਰਾਜਪੁਰਾ (ਡਾ ਗੁਰਵਿੰਦਰ ਅਮਨ )**- ਅੰਤਰ ਰਾਸ਼ਟਰੀ ਸਾਹਿਤਕ ਸੰਸਥਾ ਪੋਇਟਰੀ ਐਂਡ ਲਿਟਰੇਰੀ ਗਰੁੱਪ ਵਲੋਂ 39 ਵਾਂ ਵੈਬਿਨਾਰ ਕਰਵਾਇਆ ਗਿਆ ਜਿਸ ਵਿਚ ਭਾਰਤ ਦੇ ਪ੍ਰਸਿੱਧ ਸਾਹਿਤਕਾਰ ਡਾ ਹਰਜੀਤ ਸਿੰਘ ਸੱਧਰ ਸਨ। ਇਸ ਪ੍ਰੋਗਰਾਮ ਦਾ ਵਿਸ਼ਾ ਅਤੀਤ ਤੇ ਯਾਦਾਂ ਸਨ। ਇਸ ਮੌਕੇ ਕੁਲ ਆਲਮੀ ਪ੍ਰਧਾਨ ਜਨਾਬ ਤੁਫੈਲ ਅਹਿਮਦ (ਓਮਾਨ ) ਨੇ ਸਮਾਗਮ ਦੀ ਪ੍ਰਧਾਨਗੀ ਕੀਤੀ ਇੰਡੋਨੇਸ਼ੀਆ ਤੋਂ ਦੱਖਣ ਪੂਰਵ ਏਸ਼ੀਆ ਦੇ ਰੀਜਨਲ ਪ੍ਰਧਾਨ ਆਸ਼ੀਸ਼ ਸ਼ਰਮਾ ਨੇ ਵਿਸ਼ੇਸ਼ ਮਹਿਮਾਨ ਦੀ ਭੂਮਿਕਾ ਅਦਾ ਕੀਤੀ। ਮੰਚ ਦਾ ਸੰਚਾਲਨ ਭਾਰਤ ਦੀ ਰੇਖਾ ਨਈਅਰ ਨੇ ਬਾਖੂਬ ਕੀਤਾ। ਸਭਾ ਦਾ ਵਿਸ਼ੇਸ਼ ਸੋਵੀਨਰ ਵਿਭਾ ਤਿਵਾੜੀ ,ਸਿੱਮੀ ਕੁਮਾਰੀ ਓਮਾਨ ਤੋਂ ,ਅਵਦੇਸ਼ ਰਾਣਾ (ਯੂਏਈ )ਦੁਆਰਾ ਸੰਪਾਦ ਕੀਤਾ ਮੁਖ ਮਹਿਮਾਨ ਡਾ ਹਰਜੀਤ ਸਿੰਘ ਸੱਧਰ ਨੇ ਰਿਲੀਜ਼ ਕੀਤਾ। ਇਸ ਸਮਾਗਮ ਵਿਚ ਤੁਫ਼ੈਲ ਅਹਮਦ ( ਓਮਾਨ )ਆਸ਼ੀਸ਼ ਸ਼ਰਮਾ (ਇੰਡੋਨੇਸ਼ੀਆ), ਸਕੀਨਾ ਦੁਸਗੇ (ਤਨਜਾਨੀਆ ),ਸਤੀਸ਼ ਸੇਠੀ (ਕੈਨੇਡਾ ),ਸ਼ੈਲਾ ਖਾਨ ,ਸ਼ਾਹ ਨਿਵਾਜ਼ ਖਾਨ ,ਕਪਿਲ ਬਤਰਾ (ਬਹਿਰੀਨ ), ਅੰਜਲੀ ਮਿਸ਼ਰਾ (ਸ਼੍ਰੀ ਲੰਕਾ ),ਵਿਭਾ ਤਿਵਾੜੀ ,ਸੁਨੰਦਾ ਤਿਵਾੜੀ ,ਸਿੱਮੀ ਕੁਮਾਰੀ, ਪੂਨਮ ਸਿੰਘ ,ਲਿਖਿਤਾ , ਅਰੁਣਿਮਾ ਸਿੰਘ ,ਸੀਮਾ ਤੋਮਰ ,ਮਨੋਰਮਾ ਸਿੰਘ ,ਨੀਰੇ ਸਚਦੇਵਾ (ਭਾਰਤ ) ਅਭਿਲਕਸ਼ ਸ਼ਰਮਾ ਤੇ ਅਨੁਰੁੱਧ ਢੋਗੜੇ (ਇੰਡੋਨੇਸ਼ੀਆ ) ,ਅਜੈ ਗੁਪਤਾ ਅਮਰੀਕਾ ,ਸ਼ੇਰਬਾਨੂ (ਓਮਾਨ )ਅਨੁਪਮ (ਬਹਿਰੀਨ ) ਨੇ ਆਪਣੀ ਖਾਸ ਕਵਿਤਾਵਾਂ ਸਾਂਝੀਆਂ ਕੀਤੀਆਂ। .ਆਸ਼ੀਸ਼ ਸ਼ਰਮਾ ਨੇ ਸਭਦਾ ਧੰਨਵਾਦ ਕੀਤਾ।



# ਪੰਜਾਬ ਅੰਦਰ ਵੱਧ ਰਹੀ ਬੇਰੁਜ਼ਗਾਰੀ ਚਿੰਤਾ ਦਾ ਵਿਸ਼ਾ



ਮੇਜਰ ਸਿੰਘ ਨਾਭਾ
91-94635-53962

ਕਰੋਨਾ ਨੇ ਭਾਰਤ ਅੰਦਰ ਜੋ ਆਰਥਿਕ ਤੌਰ ਤੇ ਲੋਕਾਂ ਨੂੰ ਮਾਰ ਮਾਰੀ ਹੈ ਉਸਦੀ ਭਰਪਾਈ ਕਰਨ ਲਈ ਲੰਬਾ ਸਮਾਂ ਲੱਗੇਗਾ। ਲੋਕਾਂ ਦੀ ਲਾਕ-ਡਾਊਨ ਸਮੇਂ ਦੌਰਾਨ ਮਦਦ ਕਰਨ ਲਈ ਕੇਂਦਰ ਅਤੇ ਰਾਜ ਸਰਕਾਰਾਂ ਨੇ ਪੈਸੇ ਜਾਰੀ ਕੀਤੇ ਉਨ੍ਹਾਂ ਦਾ ਫਾਇਦਾ ਲੋਕਾਂ ਤੱਕ ਬਿਲਕੁਲ ਨਹੀਂ ਪਹੁੰਚਿਆ।ਪਹਿਲਾਂ ਹੀ ਪੰਜਾਬ ਵਿੱਚ ਰੋਜ਼ਾਨਾ ਕਈ ਕਈ ਨੌਜਵਾਨਾਂ ਦੇ ਆਤਮਹੱਤਿਆ ਕਰਨ ਦੀਆ ਖਬਰਾਂ ਅਖਬਾਰਾਂ ਦੇ ਪਹਿਲੇ ਪੰਨਿਆਂ ਤੇ ਹੁੰਦੀਆਂ ਹਨ।ਇਹ ਬਹੁਤੇ ਕੇਸ ਨਸ਼ੇ ਨਾਲ ਸਬੰਧਤ ਹੁੰਦੇ ਹਨ। ਕਰਜ਼ੇ ਦੀ ਮਾਰ ਹੇਠ ਆਏ ਕਿਸਾਨ ਵੀ ਲਗਾਤਾਰ ਖੁਦਕਸ਼ੀਆਂ ਕਰ ਰਹੇ ਹਨ ਜੋ ਕਿ ਚਿੰਤਾ ਦਾ ਵਿਸ਼ਾ ਹੈ। ਹੁਣੇ ਹੀ ਕਿਸਾਨੀ ਨੂੰ ਹੋਰ ਮਾਰ ਦੇਣ ਲਈ ਕੇਂਦਰ ਸਰਕਾਰ ਨੇ ਖੇਤੀਬਾੜੀ ਨਾਲ ਸਬੰਧਤ ਤਿੰਨ ਮਾਰੂ ਬਿੱਲ ਜਾਰੀ ਕਰਕੇ ਕਿਸਾਨਾਂ ਅੰਦਰ ਰੋਹ ਭਰਿਆ ਸ਼ੰਘਰਸ਼ ਪੈਦਾ ਕਰ ਦਿੱਤਾ ਹੈ ਜਿਸਦੇ ਸਾਰਥਿਕ ਸਿੱਟੇ ਦੀ ਉਮੀਦ ਕਰਨੀ ਬਣਦੀ ਹੈ ਤਾਂ ਹੀ ਕਿਸਾਨੀ ਬਚਾਈ ਜਾ ਸਕਦੀ ਹੈ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਸਰਕਾਰੀ ਨੌਕਰੀਆਂ ਲਈ ਹਰ ਮਹਿਕਮੇ ਵਿੱਚ ਦਰਵਾਜੇ ਤਕਰੀਬਨ ਬੰਦ ਹੁੰਦੇ ਦਿੱਸ ਰਹੇ ਹਨ।ਸਿੱਖਿਆ ਮਹਿਕਮੇ ਦੀ ਗੱਲ ਕਰੀਏ ਜੋ ਦੇਸ਼ ਦੇ ਨਾਗਰਿਕਾਂ ਨੂੰ ਗਿਆਨ ਦੇ ਨਾਲ ਨਾਲ ਉੱਚ ਸਿੱਖਿਆ ਦੇ ਕੇ ਦੁਨੀਆ ਵਿੱਚ ਦੇਸ਼ ਦਾ ਨਾਂ ਚਮਕਾਉਣ ਲਈ ਰੋਲ ਅਦਾ ਕਰਦਾ ਅੰਦਰ ਉੱਚ ਵਿਦਿਆ ਦੇ ਰਹੇ ਸਰਕਾਰੀ ਕਾਲਜਾਂ ਅੰਦਰ ਵੀਹ ਸਾਲਾਂ ਤੋਂ ਵੱਧ ਸਮੇਂ ਤੋਂ ਕਾਲਜ ਅਧਿਆਪਕਾਂ ਦੀ ਰੈਗੂਲਰ ਭਰਤੀ ਹੀ ਨਹੀਂ ਕੀਤੀ।ਏਨੀ ਮਹਿੰਗਾਈ ਦੇ ਸਮੇਂ ਲੰਮੇ ਸਮੇਂ ਤੋਂ ਕੰਮ ਕਰ ਰਹੇ ਐਡਹਾਕ ਅਧਿਆਪਕਾਂ ਨੂੰ ਸਿਰਫ 21600 ਰੁ: ਉੱਕਾ-ਪੁੱਕਾ ਦਿੱਤਾ ਜਾ ਰਿਹਾ ਹੈ ਜੋ ਕਿ ਇੱਕ ਪੱਕੇ ਸੇਵਾਦਾਰ ਦੀ ਤਨਖਾਹ ਤੋਂ ਵੀ ਘੱਟ ਹੈ। ਇਹ ਪਿਛਲੇ ਵੀਹ ਸਾਲਾਂ 'ਚ ਰਾਜ ਕਰਨ ਵਾਲੀਆਂ ਸਰਕਾਰਾਂ ਦੇ ਆਪਣੇ ਆਪਣੇ ਸਮੇਂ ਦੌਰਾਣ ਵਿਕਾਸ ਦੇ ਸਬਜ਼ਬਾਗ ਦਿਖਾਉਣ ਵਾਲੀਆਂ ਸਰਕਾਰਾਂ ਲਈ ਸ਼ਰਮ ਵਾਲੀ ਗੱਲ ਹੈ।ਸਕੂਲਾਂ ਵਿੱਚ ਵੀ ਬਹੁਤ ਸਾਰੀਆਂ ਪੋਸਟਾਂ ਖਤਮ ਕਰਨ ਦੀਆਂ ਸਕੀਮਾਂ ਬਣ ਚੁੱਕੀਆਂ ਹਨ,ਹੌਲੀ-ਹੌਲੀ ਨਵੀਂ ਭਰਤੀ ਕਰਨ'ਚ ਖੜੌਤ ਆਉਣੀ ਸ਼ੁਰੂ ਹੋ ਜਾਵੇਗੀ। ਇਸੇ ਤਰ੍ਹਾਂ ਹੀ ਹੋਰ ਮਹਿਕਮਿਆਂ 'ਚ ਵੀ ਹੋ ਰਹਿਆ ਹੈ, ਸਿਰਫ ਠੇਕੇ ਤੇ ਭਰਤੀ ਕਰਕੇ ਕੰਮ ਸਾਰਿਆ ਜਾ ਰਹਿਆ ਹੈ।ਇਸੇ ਕਾਰਣ




ਪੰਜਾਬ ਦਾ ਨੌਜਵਾਨ ਨਿਰਾਸ਼ਾ ਦੇ ਆਲਮ ਵਿੱਚ ਉਲਝਦਾ ਨਜ਼ਰ ਆ ਰਿਹਾ ਹੈ।ਪਿਛਲੇ ਅਰਸੇ ਦੌਰਾਨ ਨਵੇਂ ਖੁੱਲ੍ਹੇ ਪ੍ਰਾਈਵੇਟ ਪਾਲੈਟਿਕਨਕ / ਡਿਗਰੀ ਕਾਲਜਾਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮਾਨਤਾ ਦੇਣ ਨਾਲ ਬੇਰੁਜ਼ਗਾਰੀ ਹੋਰ ਤੇਜ਼ੀ ਨਾਲ ਵੱਧੀ ਹੈ। ਇਨ੍ਹਾਂ ਸੰਸਥਾਵਾਂ ਦੀ ਹਾਲਤ ਵੀ ਹੁਣ ਦਾਖਲੇ ਘੱਟਣ ਨਾਲ ਮਾੜੀ ਹੁੰਦੀ ਜਾ ਰਹੀ ਹੈ

ਕਿਸੇ ਰਾਜ ਦੇ ਵਿਕਾਸ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਥੋਂ ਦੇ ਲੋਕਾਂ ਦੀ ਪ੍ਰਤੀ ਜੀਅ ਆਮਦਨ 'ਚ ਔਸਤ ਵਾਧਾ ਹੋਣਾ ਵੀ ਜਰੂਰੀ ਹੈ। ਵਿਕਾਸ ਦੀਆਂ ਗੱਲਾਂ ਤੋਂ ਤਕਰੀਬਨ ਚਾਰ ਦਹਾਕੇ ਪਹਿਲਾਂ ਮੁਲਾਜ਼ਮਾਂ ਨੂੰ ਜੇਕਰ ਐਡਹਾਕ ਤੇ ਵੀ ਰੱਖਿਆ ਜਾਂਦਾ ਸੀ ਤਾਂ ਪੂਰੇ ਗਰੇਡ 'ਚ ਤਨਖਾਹ ਮਿਲਦੀ ਸੀ। ਇਥੋਂ ਤੱਕ ਕਿ ਛੁੱਟੀ ਵਾਲੀਆਂ ਥਾਵਾਂ ਤੇ ਕੰਮ ਕਰਦੇ ਅਧਿਆਪਕਾਂ ਨੂੰ ਵੀ ਪੂਰੀ ਗਰੇਡ ਮੁਤਾਬਕ ਤਨਖਾਹ ਮਿਲਦੀ ਸੀ , ਪੱਕੇ ਕਰਮਚਾਰੀ ਨੂੰ ਤਾਂ ਬਣਦੀ ਤਨਖਾਹ ਮਿਲਣੀ ਹੀ ਸੀ। ਹੁਣ ਇਹ ਸਰਕਾਰਾਂ ਕਹਿੜੇ ਵਿਕਾਸ ਦੀ ਗੱਲ ਕਰਦੀਆਂ ਹਨ ਜਦੋਂ ਕਿ ਰੈਗੂਲਰ ਅਧਿਆਪਕਾਂ ਤੋਂ ਅੱਠ-ਦਸ ਗੁਣਾਂ ਘੱਟ ਤਨਖਾਹ ਤੇ ਐਡਹਾਕ/ਠੇਕਾ ਆਧਾਰ ਅਧਿਆਪਕ ਕੰਮ ਕਰਦੇ ਹਨ।

ਆਤਮ ਹਤਿਆ ਕਰਨਾ ਵੈਸੇ ਤਾਂ ਬੁਜ਼ਦਿਲੀ ਸਮਝਿਆ ਜਾਂਦਾ ਹੈ। ਪਰ ਕਈ ਕਾਰਣ ਕਈ ਵਾਰ ਆਤਮ ਹੱਤਿਆ ਕਰਨ ਲਈ ਇਨਸਾਨ ਨੂੰ ਏਨਾ ਮਜਬੂਰ ਕਰ ਦਿੰਦੇ ਹਨ ਕਿ ਉਹ ਕੁਝ ਸਮੇਂ ਲਈ ਹੋਸ ਹਵਾਸ ਖੋ ਕੇ ਇਸ ਚੱਕਰ 'ਚ ਫਸ ਜਾਂਦਾ ਹੈ।ਇਸ ਲਈ ਸਾਡਾ ਸਮਾਜ ਅਤੇ ਸਰਕਾਰਾਂ ਜ਼ਿੰਮੇਵਾਰ ਹਨ। ਪਿਛਲੇ ਸਾਲ ਪਿੰਡ ਚੱਕ ਭਾਈਕੇ ਦੇ ਬੇਰੁਜ਼ਗਾਰ ਅੰਗਹੀਣ ਨੌਜਵਾਨ ਜਗਸੀਰ ਸਿੰਘ ਸੀਰਾ ਜੋ ਕਿ ਐਮ. ਏ., ਐਮ.ਫਿਲ, ਬੀ.ਐਡ., ਟੈੱਟ ਅਤੇ ਯੂ.ਜੀ.ਸੀ. ਨੈੱਟ ਪਾਸ ਸੀ ,ਨੇ ਬੇਰੁਜ਼ਗਾਰੀ ਤੋਂ ਪ੍ਰੇਸ਼ਾਨ ਹੋਕੇ ਨੌਕਰੀ ਦੀ ਆਸ ਨਾ ਦਿੱਸਦੀ ਦੇਖ ਕੇ ਹੀ ਆਤਮ ਹੱਤਿਆ ਕਰ ਲਈ ਸੀ।ਉਸ ਦੇ ਮਾਤਾ ਪਿਤਾ ਕੁਝ ਸਾਲ ਪਹਿਲਾਂ ਹੀ ਇਸ ਦੁਨੀਆ ਤੋਂ ਜਾ ਚੁੱਕੇ ਸਨ। ਉਸ ਦੇ ਮਨ ਵਿੱਚ ਆਪਣੇ ਭੈਣ ਭਰਾਵਾਂ ਦੀ ਮਦਦ ਕਰਨ ਦੀ ਰੀਝ ਸੀ ਜਿਸ ਨੂੰ ਪੂਰੀ ਕਰਨ ਲਈ ਉਹ ਸਰਕਾਰ ਦੇ ਦਰ ਵੱਲ ਵੇਖਦਾ ਵੇਖਦਾ ਨਿਰਾਸਾ ਦੇ ਆਲਮ ਵਿੱਚ ਸਿਮਟ ਕੇ ਆਪਣੀ ਜਾਨ ਗਵਾਉਣ ਲਈ ਮਜਬੂਰ ਹੋ ਗਿਆ। ਗਰੀਬੀ ਨੂੰ ਪਿੰਡੇ ਤੇ ਹੰਢਾਉਂਦਿਆਂ ਸੀਰੇ ਨੇ ਅੰਗਹੀਣ ਹੋਣ ਦੇ ਬਾਵਜੂਦ ਉਸ ਮੁਕਾਮ ਤੱਕ ਵਿੱਦਿਆ ਅਤੇ ਟੈਸਟ ਪਾਸ ਕੀਤੇ ਜਿਹੜੇ ਅਮੀਰ ਪਰਿਵਾਰਾਂ ਦੇ ਬੱਚੇ ਵੀ ਅਕਸਰ ਪਾਸ ਨਹੀਂ ਕਰ ਸਕਦੇ।ਇਸ ਦੁਖਦਾਈ ਘਟਨਾ ਨੂੰ ਦੁਹਰਾਉਣ ਤੋਂ ਨੌਜਵਾਨਾਂ ਨੂੰ ਬਚਾਉਣ ਲਈ ਸਰਕਾਰ ਠੋਸ ਕਦਮ ਚੁੱਕੇ।

ਬੇਰੁਜ਼ਗਾਰੀ ਸਾਡੇ ਦੇਸ਼ ਦੀ ਸਮੱਸਿਆ ਹੈ ।ਇਹ ਨੌਜਵਾਨਾਂ ਅੰਦਰ ਨਸ਼ਿਆਂ ਨੂੰ ਪ੍ਰਫੁਲਤ ਕਰਨ 'ਚ ਅਹਿਮ ਰੋਲ ਅਦਾ ਕਰ ਰਹੀ ਹੈ। ਇਸ ਲਈ ਰਾਜਾਂ ਅੰਦਰ ਉਥੋਂ ਦੇ ਵਾਫਰ ਸਾਧਨਾਂ ਨੂੰ ਦੇਖਦਿਆਂ ਰਾਜ ਸਰਕਾਰਾਂ ਦੀ ਕੇਂਦਰ ਸਰਕਾਰ ਵਲੋਂ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਾਲੇ ਪ੍ਰੋਜੈਕਟ ਸ਼ੁਰੂ ਕਰਨ ਲਈ ਹਰ ਸੰਭਵ ਮਦਦ ਕਰਨੀ ਚਾਹੀਦੀ ਹੈ। ਸਕੂਲਾਂ ਅਤੇ ਕਾਲਜਾਂ ਅਤੇ ਹੋਰਨਾਂ ਮਹਿਕਮਿਆਂ ਵਿੱਚ ਖਾਲੀ ਪਈਆਂ ਪੋਸਟਾਂ ਨੂੰ ਤੁਰੰਤ ਪੰਜਾਬ ਸਰਕਾਰ ਨੂੰ ਵੀ ਭਰਨ ਲਈ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਰਾਜ ਦੇ ਨੌਜਵਾਨ ਨਸ਼ਿਆਂ ਦੀ ਦਲਦਲ,ਖੁਦਕਸ਼ੀਆਂ ਅਤੇ ਪ੍ਰਵਾਸ ਕਰਨ ਤੋਂ ਬਚਾਏ ਜਾ ਸਕਣ।

# ਸ਼ਹੀਦ ਊਧਮ ਸਿੰਘ ਨੂੰ ਸਮਰਪਣ ਨੇ ਕਾਰਜ - ਦੌਲਤ ਰਾਮ ਕੰਬੋਜ

ਪਾਲਪੁਰ ਤਹਿਸੀਲ ਜਿਲਹਾ ਮਿੰਟਗੁਰਮੀ 'ਚ ਜਨਮੇ ਚੌਧਰੀ ਦੌਲਤ ਰਾਮ ਕੰਬੋਜ ਨੂੰ ਮਾਣ ਹੈ ਕਿ ਸ਼ਹੀਦ ਊਧਮ ਸਿੰਘ ਦੀ 'ਕੰਬੋਜ ਬਰਾਦਰੀ' ਚੋਂ ਓਹ ਹਨ ਤੇ ਸ਼ਹੀਦ ਦੀ ਯਾਦ 'ਚ ਮੋਹਾਲੀ ਦੇ 53 ਸੈਕਟਰ 'ਚ 3-ਏ ਫੇਜ 'ਚ ਉਹ 'ਸਹੀਦ ਊਧਮ ਸਿੰਘ ਭਵਨ 'ਬਣਾ ਕਿ ਬੋਲ ਭਲਾਈ ਦੇ ਕਾਰਜ ਵੀ ਕਰ ਰਹੇ ਹਨ । ਬਹਾਦਰ ਚੰਦ ਤੇ ਠਰੀ ਬਾਈ ਦੇ ਇਸ ਕੰਬੋਜ ਪੁਤਰ ਨੇ ਐਮ.ਏ ਕੀਤੀ ਤੇ 1947 ਦੇ ਦਰਦਦਨਾਕ ਹਲਾਤ 12 ਸਾਲ ਦੀ ਉਮਰ 'ਚ ਦੇਖੇ ਪਰ ਕਰਾਂਤੀਕਾਰ ਨਾਨਕਿਆਂ ਨੇ 'ਦਲੇਰ' 'ਮਿਹਨਤੀ' ਉਸਨੂੰ ਬਣਾ ਦਿੱਤਾ 'ਵੰਦ ਬਾਅਦ ਕਦੇ ਸਰਨਾਥ ਕੈਪ ਤੇ ਫਿਰ ਰੋੜਾਂਵਾਲੀ ਮੇਰੀ ਅਗਾਂਵਧੂ ਨੋਜਵਾਨ ਬਣ ਇਲਾਕੇ 'ਚ ਐਨੇ ਪ੍ਰਸਿਧ ਹੋਏ ਕਿ ਸੋਢੀ ਜਸਵੰਤ ਸਿੰਘ ਜਿਹੇ ਧਨਾਤ-ਰਾਜਨੀਤਕ ਵੀ ਆਪ ਰਲ ਉਸਦੇ ਘਰੇ ਆਏ 1947 ਤੋਂ 1990 ਤੱਕ ਐਮ.ਐਲ.ਏ ਚੋਣਾਂ ਲੜ ਮਾਮੂਲੀ ਫਰਕ ਤੇ ਹਾਰੇ ਪਰ ਲੋਕ ਪ੍ਰਿਯਤਾ ਬਰਕਰਾ ਰਹੀ । 'ਜੈ ਕੰਬੋਜ' ਮਾਸਿਕ ਪੱਤਰਿਕਾ 'ਕੰਬੋਜ ਬਰਾਦਰੀ' ਦੀ ਪੂਰੇ ਭਾਰਤ 'ਚ ਪ੍ਰਸਿੱਧ ਕੀਤੀ। ਮੋਹਾਲੀ ਆ ਕਿ ਸ਼ਹੀਦ ਊਧਮ ਸਿੰਘ ਦੀ ਯਾਦ ਭਵਨ ਉਸਾਰਿਆ । ਅਕਾਲੀ,



ਕਾਂਗਰਸੀ ਸਭ ਨੇ ਉਹਨਾਂ ਦੀ ਸਹਾਇਤਾ ਕਰ ਇਹ ਵਿਸ਼ਾਲ ਭਵਨ ਬਣਵਾਇਆ ਜਿੱਥੇ 'ਕੰਬੋਜ' ਬਰਾ-ਦਰੀ ਤੇ ਇਹਨਾਂ ਦੇ ਤਜਵੀ ਜਨੂਦਾ ਯਾਤਰੂ ਬੇਹਤਰ ਸੁਵਿਧਾ ਨਾਲ ਰਹਿ ਸਕਦੇ ਨੇ 1200 ਦੇ ਕਰੀਬ 20 ਸਦੀ ਹਮੇਸਾਂ ਉਹਨਾਂ ਨਾਲ ਜਨਰਲ ਸਕੱਤਰੀ 'ਚ ਮਾਣ ਮਹਸ੍ਸੂਸ ਦੇ ਹਨ 'ਘਰਵਾਲੀ ਸਤਵੰਤ ਕੌਰ ਦੇ ਸਸ ਨੇ ਸਕਾਰ ਕੀਤੇ । ਚੈਰੀਟੇਬਲ ਟਰੱਸਟ ਦੇ ਨਾਲ ਸਾਲ 'ਚ ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਸਮਾਗਮ ਕਰਵਾਉਂਦੇ ਹਨ। ਰੋਜਾਨਾ ਕਸਰਤ ਭਵਨ ਦਾ ਕੰਮ ਕੁਦਰਤੀ ਖੇਤੀ 'ਚ ਹਿੱਸਾ ਲੈ ਕਿ ਬੁਢਾਪੇ 'ਚ ਵੀ ਜਵਾਨ ਹਨ । ਦੌਲਤ ਰਾਮ ਕੰਬੋਜ ਦੀ ਚਾਹਤ ਹੈ ਕਿ ਸ਼ਹੀਦ ਊਧਮ ਸਿੰਘ ਦੇ ਨਾਂਅ ਤੇ ਪੰਜਾਬ ਸਰਕਾਰ 'ਐਵਾਰਡ' ਹਰ ਸਾਲ ਦੇਵੇ । ਸ਼ਹੀਦ ਊਧਮ ਸਿੰਘ ਦੇ ਨਾਂਅ ਤੇ ਦਸਤਾਵੇਜੀ ਫਿਲਮਾਂ ਤੇ ਏਰੀਆ ਫਿਲਮਾਂ ਬਣਨ ਤੇ 'ਕੰਬੋਜ ਬਰਾਦਰੀ' ਸਮਾਜ ਸੇਵਾ 'ਚ ਨਵੇਂ ਰਾਹ ਸਿਰਜੇ।

– ਅੰਮ੍ਰਿਤ ਪਵਾਰ

# ਸ.ਅਵਤਾਰ ਸਿੰਘ ਆਜ਼ਾਦ ਜੀ ਨੂੰ ਕਲਾਕਾਰਾਂ ਅਤੇ ਉੱਘੀਆਂ ਸ਼ਖਸ਼ੀਅਤਾਂ ਨੇ ਨਮ ਅੱਖਾਂ ਨਾਲ ਦਿੱਤੀ ਅੰਤਿਮ ਵਿਦਾਇਗੀ

**ਚੰਡੀਗੜ (ਪ੍ਰੀਤਮ ਲੁਧਿਆਣਵੀ) :** ਬੀਤੇ ਦਿਨ ਮੀਡੀਆ ਜਗਤ ਦੇ ਉੱਘੇ ਲੇਖਕ ਸ. ਅਵਤਾਰ ਸਿੰਘ ਆਜ਼ਾਦ (ਸੰਪਾਦਕ ਰਜ਼ਨੀ ਮੈਗਜ਼ੀਨ) ਬੀਤੇ ਦਿਨੀਂ ਸੰਖੇਪ ਬੀਮਾਰੀ ਉਪਰੰਤ 1 ਦਸੰਬਰ 2020 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿੰਦੇ ਹੋਏ ਅਕਾਲ- ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ, ਜਿਨਾਂ ਦਾ ਅੰਤਿਮ ਸੰਸਕਾਰ ਬੀਤੇ ਦਿਨ ਜਲੰਧਰ ਦੇ ਕਿਸ਼ਨਪੁਰਾ ਦੇ ਸ਼ਮਸ਼ਾਨਘਾਟ ਵਿਖੇ ਪੂਰਨ ਗੁਰ ਮਰਿਆਦਾ ਅਨੁਸਾਰ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ ਕਰ ਦਿਤਾ ਗਿਆ। ਸ. ਅਵਤਾਰ ਸਿੰਘ ਆਜ਼ਾਦ ਦੇ ਸੰਸਕਾਰ ਦੀ ਰਸਮ ਮੌਕੇ ਗਾਇਕ ਸੁਰਿੰਦਰ ਲਾਡੀ, ਕੁਲਵੀਰ (ਭਾਬੀ ਦੀਵਾ ਜਗਾ), ਦਲਵਿੰਦਰ ਦਿਆਲਪੁਰੀ, ਗਾਇਕਾ ਪਰਮਜੀਤ ਕੌਰ ਧੰਜਲ, ਸੁੱਚਾ ਰੰਗੀਲਾ, ਸਟੇਜ ਐਂਕਰ ਬਲਦੇਵ ਰਾਹੀ, ਬਲਵਿੰਦਰ ਦਿਲਦਾਰ, ਅਮਰੀਕ ਮਾਈਕਲ, ਵਿਜੈ ਰਾਜਨ, ਦੀ ਵਰਕਿੰਗ ਰਿਪੋਰਟਰ ਐਸੋਸੀਏਸ਼ਨ (ਰਜਿ), ਪੰਜਾਬ (ਇੰਡੀਆ) ਦੇ ਤਰਸੇਮ ਦੀਵਾਨਾ, ਵਿਨੋਦ ਕੌਸ਼ਲ ਹੁਸ਼ਿਆਰਪੁਰ, ਜਿਲਾ ਜਲੰਧਰ ਪ੍ਰਧਾਨ ਕਰਮਵੀਰ ਸਿੰਘ, ਦਲਵੀਰ ਸਿੰਘ, ਬਲਵੀਰ ਸਿੰਘ, ਹਰਭਜਨ ਵਿਰਦੀ, ਪ੍ਰਵੀਨ ਨਈਅਰ ਕੰਗਣੀਵਾਲ, ਡਿਜ਼ੀਟਲ ਮੀਡੀਆ ਐਸੋਸੀਏਸ਼ਨ (ਰਜ਼ਿ) ਦੇ ਚੇਅਰਮੈਨ ਅਮਨ ਬੱਗਾ, ਪ੍ਰਧਾਨ ਸ਼ਿੰਦਰਪਾਲ ਸਿੰਘ ਚਾਹਲ, ਪ੍ਰਦੀਪ ਵਰਮਾ, ਗੁਰਪ੍ਰੀਤ ਸਿੰਘ ਸੰਧੂ, ਕੇ. ਕੇ ਸੱਭਰਵਾਲ, ਦੀਪਕ ਸੈਣੀ, ਸੰਦੀਪ ਵਰਮਾ, ਨਿਤਿਨ ਕੌੜਾ ਤੋਂ ਇਲਾਵਾ ਹੋਰ ਸੰਗੀਤ ਜਗਤ ਅਤੇ ਜਿਲੇ ਦੀਆਂ ਉੱਘੀਆਂ ਸ਼ਖਸ਼ੀਅਤਾਂ ਨੇ ਸ. ਆਜ਼ਾਦ ਨੂੰ ਸੇਜ਼ਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿਤੀ। ਸ. ਏ. ਐਸ. ਆਜ਼ਾਦ ਦੇ ਪਰਿਵਾਰਕ ਮੈਂਬਰਾਂ ਨਾਲ ਗਾਇਕ ਰਣਜੀਤ ਮਣੀ, ਗੁਰਪ੍ਰੀਤ ਢੱਟ, ਰਾਵਲ ਧਾਮੀ, ਦਲਵੀਰ ਸ਼ੋਕੀ, ਵਰਿੰਦਰ ਦੁੱਗਲ, ਹਰਪ੍ਰੀਤ ਰੰਧਾਵਾ, ਗੀਤਕਾਰ ਮਦਨ ਜਲੰਧਰੀ, ਗੀਤਕਾਰ ਕੁਮਾਰ ਧਾਲੀਵਾਲ, ਡਾ. ਸਤਪਾਲ ਗੁਪਤਾ, ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ (ਰਜ਼ਿ) ਦੇ ਜਨਰਲ ਸਕੱਤਰ ਪ੍ਰੀਤਮ ਲੁ-ਧਿਆਣਵੀ ਅਤੇ ਸਮੂਹ ਮੈਂਬਰ, ਸਾਬਕਾ ਅਸਿਸਟੈਂਟ ਕਮਿਸ਼ਨਰ ਇੰਨਕਮ ਟੈਕਸ ਸਤਪਾਲ ਖੇਤਾਨ, ਪੀ. ਏ. ਕਮਿਸ਼ਨਰ ਕਾਰ-ਪੋਰੇਸ਼ਨ, ਵਿਨੋਦ ਫਕੀਰਾ, ਪੁਲਿਸ ਕਮਿਸ਼ਨਰ ਆਪਰੇਟਰ ਨਛੱਤਰ ਸਿੰਘ ਸੰਧੂ, ਜਗਮੋਹਨ ਸਿੰਘ ਮਠਾਰੂ, ਐਲ. ਆਈ. ਸੀ. ਮੈਨੇਜ਼ਰ ਪਰਮਿੰਦਰ ਸਿੰਘ, ਜੋਗਿੰਦਰ ਸਿੰਘ ਜੋਗੀ, ਕੌਮੀ ਪ੍ਰਧਾਨ ਪੰਜਾਬ ਯੂਥ ਕਲੱਬ ਆਰਗੇਨਾਇਜ਼ੇਸ਼ਨ, ਬਲਕਾਰ ਸਿੰਘ ਅਸਿੱਸਟੈਂਟ ਕਮਿਸ਼ਨਰ ਇੰਨਕਮ ਟੈਕਸ ਜਲੰਧਰ, ਰਛਪਾਲ ਸਿੰਘ ਬੱਧਣ ( ਅ ਜ ੀ ਤ ) , ਗੁਰਪ੍ਰੀਤ ਸਿੰਘ ਬੱਧਣ (ਅਜੀਤ), ਬੰਨੀ ਸ਼ਰਮਾ ਪ੍ਰੋਡਿਊਸਰ ਡਾਇਰੈਕਟਰ ਜਲੰਧਰ ਦੂਰਦਰਸ਼ਨ, ਪ੍ਰੋ. ਭੁਪਿੰਦਰ ਸਿੰਘ, ਸੰਪਾਦਕ ਨਰਿੰਦਰ ਕਸ਼ਯਪ, ਬਾਬਾ ਦਲਵੀਰ ਸ਼ਾਹ, ਏ. ਐਸ. ਆਈ. ਸੁਖਵੀਰ ਸਿੰਘ ਮਾਣਕਰਾਏ, ਗੁਰਦੀਪ ਸਿੰਘ, ਰਾਜਪਾਲ ਸਿੰਘ, ਜਗਜੀਤ ਸਿੰਘ, ਸਰਬਜੀਤ ਸਿੰਘ, ਚਰਨਜੀਤ ਸਿੰਘ, ਸੋਡੀ ਮਾਣਕਰਾਏ, ਐਡਵੋਕੇਟ ਰਜਿੰਦਰ ਬੱਧਣ, ਠੇਕੇਦਰ ਰਣਜੀਤ ਸਿੰਘ ਪਤਾਰਾ, ਠੇਕੇਦਾਰ ਜਸਵਿੰਦਰ ਸਿੰਘ, ਠੇਕੇਦਾਰ ਪਰਮਜੀਤ ਸਿੰਘ ਕਿਸ਼ਨਪੁਰਾ, ਜੱਸੀ ਕਿਸ਼ਨਪੁਰਾ, ਕਮਲਜੀਤ ਸਿੰਘ, ਨਰਿੰਦਰ ਲਾਗੂ (ਅਜੀਤ) ਅਤੇ ਜਿਲਾ ਜਲੰਧਰ ਦੇ ਸਮੂਹ ਸਕੂਲਾਂ ਅਤੇ ਕਾਲਜਾਂ ਦੇ ਪ੍ਰਿੰਸੀਪਲ ਸਹਿਬਾਨਾਂ, ਅਧਿਆਪਕ ਅਤੇ ਮੈਨੇਜ਼ਮੈਂਟਾਂ ਨੇ ਆਜ਼ਾਦ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।



ਜਿਕਰ ਯੋਗ ਹੈ ਕਿ ਸ. ਅਵਤਾਰ ਸਿੰਘ ਆਜ਼ਾਦ ਬਹੁਤ ਹੀ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਨਾਂ ਦਾ ਜਨਮ 15 ਮਾਰਚ, 1935 ਨੂੰ ਖਟਕੜ ਕਲਾਂ ਦੀ ਧਰਤੀ ਤੇ ਹੋਇਆ। ਉਨਾਂ ਨੇ ਆਪਣੀ ਵਿਦਿਆ ਬੰਗਿਆਂ ਦੇ ਸਕੂਲ ਤੋਂ ਹਾਸਲ ਕੀਤੀ ਅਤੇ ਉਨਾਂ ਨੂੰ ਪੰਜਾਬੀ, ਅੰਗਰੇਜ਼ੀ, ਹਿੰਦੀ, ਉਰਦੂ ਚਾਰੇ ਭਾਸ਼ਵਾਂ ਵਿੱਚ ਮੁਹਾਰਤ ਹਾਸਲ ਸੀ। ਸ. ਆਜ਼ਾਦ ਜੀ ਨੇ ਕਈ ਸਕੂਲੀ ਕਿਤਾਬਾਂ ਅਤੇ ਹੋਰ ਕਿਤਾਬਾਂ ਵੀ ਲਿਖੀਆਂ। ਸ. ਆਜ਼ਾਦ ਜੀ ਕਈ ਵਾਰ ਦੱਸਿਆ ਕਰਦੇ ਸਨ ਕਿ ਉਨਾਂ ਨੇ ਰਾਜ਼ਨੀਤਿਕ ਤੌਰ ਤੇ 45 ਦਿਨਾਂ ਦੀ ਫਿਰੋਜ਼ਪੁਰ ਜੇਲ ਵੀ ਕੱਟੀ।

ਉਨਾਂ ਪੱਤਰਕਾਰੀ, 'ਹਿੰਦ ਸਮਾਚਾਰ ਗਰੁੱਪ' ਤੋਂ 1950 ਵਿੱਚ ਸ਼ੁਰੂ ਕੀਤੀ ਅਤੇ ਅਜੀਤ ਪ੍ਰਕਾਸ਼ਨ ਸਮੂਹ ਦੇ ਸਾਬਕਾ ਸੰਪਾਦਕ ਸਵ. ਸ. ਸਾਧੂ ਸਿੰਘ ਹਮਦਰਦ ਜੀ ਦੇ ਬਹੁਤ ਹੀ ਕਰੀਬੀ ਰਹੇ। ਸ. ਏ. ਐਸ. ਆਜ਼ਾਦ ਜੀ ਨੇ ਮੁੱਖ ਸੰਪਾਦਕ ਵੱਜੋਂ, 'ਤਰਾਨਾ ਮੈਗਜ਼ੀਨ' ਦੀਆਂ ਸੇਵਾਵਾਂ ਵੀ ਨਿਭਾਈਆਂ ਅਤੇ ਇਹ ਮੈਗਜ਼ੀਨ ਪੰਜਾਬੀ, ਹਿੰਦੀ, ਉਰਦੂ ਤਿੰਨ ਭਾਸ਼ਵਾਂ ਵਿੱਚ ਵੱਡੀ ਗਿਣਤੀ ਵਿੱਚ ਛਪਦਾ ਰਿਹਾ। ਉਪਰੰਤ ਉਨਾਂ ਨੇ, 'ਸਹਾਰਾ ਮੈਗਜ਼ੀਨ', 'ਸ਼ਬਨਮ ਮੈਗਜ਼ੀਨ' ਅਤੇ ਸਾਰੇ ਸੰਸਾਰ ਤੇ ਪੰਜਾਬੀ ਭਾਸ਼ਾ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲੇ ਮੈਗਜੀਨ, 'ਰਜਨੀ' ਦੇ ਵੀ ਮੁੱਖ ਸੰਪਾਦਕ ਰਹੇ। ਸ. ਏ. ਐਸ. ਆਜ਼ਾਦ ਜੀ ਦੀ ਧਰਮ-ਪਤਨੀ ਬੀਤੀ ਨਿਰਮਲ ਕੌਰ ਜੀ ਦਾ 18 ਜੁਲਾਈ, 2017 ਵਿੱਚ ਦੇਹਾਂਤ ਹੋ ਗਿਆ ਸੀ।

ਸ. ਅਵਤਾਰ ਸਿੰਘ ਆਜ਼ਾਦ ਜੀ ਦੇ ਨਮਿੱਤ ਅੰਤਿਮ ਅਰਦਾਸ ਦੀ ਰਸਮ 10 ਦਸੰਬਰ ਦਿਨ ਵੀਰਵਾਰ ਨੂੰ ਬਾਅਦ ਦੁਪਿਹਰ 12 ਤੋਂ 2 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਨਿਊ ਸੰਤੋਖਪੁਰਾ ਅੰਬਿਕਾ ਕਾਲੋਨੀ (ਕੰਨਿਆਂ ਮਹਾਂ ਵਿਦਿਆਲਿਆ ਦੀ ਬੈਕ ਸਾਇਡ) ਵਿਖੇ ਹੋਵੇਗੀ। ਇੱਥੇ ਇਹ ਵੀ ਜ਼ਿਕਰ ਯੋਗ ਹੈ ਕਿ ਸ. ਅਵਤਾਰ ਸਿੰਘ ਆਜ਼ਾਦ ਦੇ ਨਕਸ਼ੇ-ਕਦਮ ਤੇ ਚੱਲਦੇ ਹੋਏ ਉਨਾਂ ਦੇ ਸਪੁੱਤਰ ਸ. ਜਸਵਿੰਦਰ ਸਿੰਘ ਆਜ਼ਾਦ ਵੀ ਇਸ ਸਮੇਂ, 'ਪੰਜਾਬ ਨਿਊਜ਼ ਚੈਨਲ' ਦੇ ਮੁੱਖ ਸੰਪਾਦਕ ਵਜੋਂ ਸਾਰੇ ਸੰਸਾਰ ਵਿੱਚ 40 ਸਾਲ ਦੇ ਮੀਡੀਆ ਤਜ਼ੁਰਬੇ ਨਾਲ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।

ਸ. ਏ. ਐਸ. ਆਜ਼ਾਦ ਆਪਣੇ ਪਿੱਛੇ ਬੇਟਾ ਜਸਵਿੰਦਰ ਸਿੰਘ ਆਜ਼ਾਦ, ਨੂੰਹ ਗੁਰਪ੍ਰੀਤ ਕੌਰ, ਪੋਤਾ ਗੁਰਕੀਰਤ ਸਿੰਘ ਆਜ਼ਾਦ, ਪੋਤੀ ਲਵਲੀਨ ਕੌਰ ਨੈਂਸੀ, ਭੈਣ ਪਰਮਜੀਤ ਕੌਰ ਪਤਨੀ ਸ. ਧਰਮ ਸਿੰਘ, ਭਰਾ ਗੁਰਮੁੱਖ ਸਿੰਘ, ਪੁੱਤਰੀ ਜਸਵਿੰਦਰ ਕੌਰ ਪਤਨੀ ਜਸਵੰਤ ਸਿੰਘ, ਪੁੱਤਰੀ ਹਰਮਿੰਦਰ ਕੌਰ ਪਤਨੀ ਲਖਵਿੰਦਰ ਸਿੰਘ ਛੱਡ ਗਏ ਹਨ।


## 10 ਦਸੰਬਰ 2020 ਲਈ ਮਨੁੱਖੀ ਅਧਿਕਾਰ ਦਿਵਸ ਸਬੰਧੀ ਵਿਸ਼ੇਸ਼

# ਭਾਰਤ ਲੋਕ ਪੱਖੀ ਕਾਨੂੰਨ ਬਣਾਉਣ ਵਿੱਚ ਅਕਸਰ ਹੀ ਅੱਗੇ ਰਹਿੰਦਾ ਹੈ ਪਰ ਪਾਲਣਾ ਵਿੱਚ ਪਿੱਛੇ



ਕੁਲਦੀਪ ਚੰਦ
91-9417563054


ਅੱਜ 10 ਦਸੰਬਰ ਦਾ ਦਿਨ ਮਨੁਖੀ ਅਧਿਕਾਰ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ ਅਤੇ ਇਸ ਸਬੰਧੀ ਵਿਸ਼ਵ ਭਰ ਵਿੱਚ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਸ਼ੇਸ਼ ਸਮਾਗਮ ਕਰਵਾਏ ਜਾ ਰਹੇ ਹਨ। ਇਸ ਸਾਲ 2020 ਲਈ ਮਨੁਖੀ ਅਧਿਕਾਰ ਦਿਵਸ ਸਬੰਧੀ ਮੁੱਖ ਥੀਮ ਕੋਵਿਡ-19 ਮਹਾਂਮਾਰੀ ਨਾਲ ਹੀ ਸਬੰਧਿਤ ਹੈ ਅਤੇ ਇਹ ਥੀਮ ਮਨੁਖੀ ਅਧਿਕਾਰਾਂ ਲਈ ਖੜ੍ਹਣਾ ਹੈ। ਅੱਜ ਦਾ ਦਿਨ ਦੁਨੀਆਂ ਨੂੰ ਮੁੜ੍ਹ ਲੀਹ ਤੇ ਲਿਆਉਣ ਲਈ ਸਮੂਹ ਨਾਗਰਿਕਾਂ ਦੀਆਂ ਜਰੂਰਤਾਂ ਦਾ ਧਿਆਨ ਰੱਖਣ ਅਤੇ ਇਨ੍ਹਾਂ ਜਰੂਰਤਾਂ ਦੀ ਪੂਰਤੀ ਲਈ ਮਿਲਕੇ ਕੰਮ ਕਰਨ ਵੱਲ ਪ੍ਰੇਰਿਤ ਕਰਦਾ ਹੈ। ਸੰਯੁਕਤ ਰਾਸ਼ਟਰ ਦੇ ਆਮ ਮਨੁਖੀ ਅਧਿਕਾਰਾਂ ਲਈ ਕਦਮ ਚੁੱਕੋ ਦੇ ਸੱਦੇ ਅਧੀਨ ਸਾਡਾ ਉਦੇਸ਼ ਆਮ ਲੋਕਾਂ ਦੇ ਅਧਿਕਾਰਾਂ ਦੀ ਰਾਖੀ ਲਈ ਕੰਮ ਕਰਨਾ ਹੈ। ਮਨੁੱਖੀ ਅਧਿਕਾਰ ਮਨੁੱਖ ਦੇ ਉਹ ਮੁਢਲੇ ਅਧਿਕਾਰ ਹਨ ਜਿਸ ਨਾਲ ਕਿਸੇ ਵੀ ਮਨੁੱਖ ਨਾਲ ਨਸਲ, ਜਾਤਿ, ਧਰਮ, ਲਿੰਗ ਆਦਿ ਕਿਸੇ ਵੀ ਆਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ ਹੈ। ਸਾਰੇ ਮਨੁੱਖ ਬਰਾਬਰ ਅਤੇ ਅਧਿਕਾਰਾਂ ਦੇ ਨਾਲ ਸੁਤੰਤਰ ਰੂਪ ਨਾਲ ਜਨਮੇ ਹਨ। ਵਿਸ਼ਵ ਪੱਧਰ ਤੇ ਮਨੁੱਖੀ ਅਧਿਕਾਰਾਂ ਵਿੱਚ ਜੀਉਣ ਦਾ ਅਧਿਕਾਰ, ਆਜ਼ਾਦੀ ਦਾ ਅਧਿਕਾਰ, ਵਿਚਾਰ ਪ੍ਰਗਟਾਉਣ ਦਾ ਅਧਿਕਾਰ, ਸੰਪਤੀ ਦਾ ਅਧਿਕਾਰ, ਸਮਾਜਿਕ-ਆਰਥਿਕ ਅਧਿਕਾਰ ਆਦਿ ਸ਼ਾਮਲ ਹਨ। ਅੱਜ ਦੁਨੀਆਂ ਦੀ ਵੱਡੀ ਆਬਾਦੀ ਸਮਾਜਿਕ ਨਾਬਰਾਬਰੀ ਵਿੱਚ ਪਿਸ ਰਹੀ ਹੈ। ਅਜਿਹਾ ਇਸ ਲਈ ਨਹੀਂ ਹੈ ਕਿ ਲੋਕਾਂ ਨੂੰ ਆਪਣੇ ਮਨੁੱਖੀ ਅਧਿਕਾਰਾਂ ਬਾਰੇ ਪਤਾ ਨਹੀਂ ਬਲਕਿ ਸਮਾਜ ਵਿੱਚ ਫੈਲੀ ਨਾਬਰਾਬਰੀ ਦਾ ਕਾਰਨ ਸਰਕਾਰਾਂ ਦਾ ਖੁਦ ਇਸ ਵਿਸ਼ੇ ਤੇ ਜਨਤਾ ਨੂੰ ਗੁੰਮਰਾਹ ਕਰਨਾ ਅਤੇ ਉਚਿੱਤ ਕਦਮ ਨਾ ਚੁੱਕਣਾ ਹੈ। ਮਨੁਖੀ ਅਧਿਕਾਰਾਂ ਦੀ ਸੁਰੱਖਿਆ ਲਈ ਸੰਯੁਕਤ ਰਾਸ਼ਟਰ ਨੇ 1948 ਵਿੱਚ ਮਨੁਖੀ ਅਧਿਕਾਰਾਂ ਦੀ ਯੁਨੀਵਰਸਲ ਘੋਸ਼ਣਾ ਕੀਤੀ ਅਤੇ ਇਸ ਸਬੰਧੀ 04 ਦਸੰਬਰ, 1950 ਨੂੰ ਸੰਯੁਕਤ ਰਾਸ਼ਟਰ ਜਨਰਲ ਦੀ 317ਵੀਂ ਅਸੈਂਬਲੀ ਵਿੱਚ ਮਤਾ ਨੰਬਰ 423 (5) ਪਾਸ ਕੀਤਾ ਗਿਆ ਅਤੇ ਉਸਤੋਂ ਬਾਦ ਹਰ ਸਾਲ 10 ਦਸੰਬਰ ਦਾ ਦਿਨ ਮਨੁਖੀ ਅਧਿਕਾਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। 10 ਦਸੰਬਰ, 2008 ਨੂੰ ਮਨੁਖੀ ਅਧਿਕਾਰਾਂ ਲਈ ਪਾਸ ਮਤੇ ਦੇ 60 ਸਾਲ ਮੁੰਕਮਲ ਹੋਣ ਤੇ ਸੰਯੁਕਤ ਰਾਸ਼ਟਰ ਦੇ ਸੈਕਟਰੀ ਜਨਰਲ ਨੇ ਪੂਰਾ ਸਾਲ ਚੱਲਣ ਵਾਲੀ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਅੱਜ ਦੇ ਦਿਨ ਹਰ ਸਾਲ 10 ਦਸੰਬਰ ਨੂੰ ਸਾਰੀ ਦੁਨੀਆ ਵਿੱਚ ਮਨੁਖੀ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਲਈ ਵਿਸੇਸ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਜਿਹਨਾਂ ਵਿੱਚ ਮਨੁੱਖੀ ਅਧਿਕਾਰਾਂ ਦਾ ਪਾਠ ਪੜ੍ਹਾਇਆ ਜਾਂਦਾ ਹੈ। ਕੁਦਰਤ ਨੇ ਇਨਸਾਨ ਨੂੰ ਬਣਾਉਂਦੇ ਸਮੇਂ ਕੋਈ ਫਰਕ ਨਹੀਂ ਰੱਖਿਆ ਹੈ ਅਤੇ ਸਭਨੂੰ ਇੱਕ ਬਰਾਬਰ ਹੀ ਬਣਾਇਆ ਹੈ ਪਰ ਇਨਸਾਨ ਨੇ ਖੁਦ ਆਪਣੇ ਲਈ ਕਈ ਸੀਮਾਵਾਂ, ਅੜ੍ਹਚਨਾਂ ਅਤੇ ਵਰਗ ਬਣਾ ਲਏ ਹਨ, ਜਿਸਦੇ ਇੱਕ ਪਾਸੇ ਤਾਂ ਉਹ ਲੋਕ ਹਨ ਜਿਹਨਾਂ ਦੇ ਲਈ ਸੁਵਿਧਾਵਾਂ ਵੀ ਗੁਲਾਮ ਹੋ ਜਾਂਦੀਆ ਹਨ ਦੂਸਰੇ ਪਾਸੇ ਉਹ ਸੰਸਾਰ ਵੱਸਦਾ ਹੈ ਜੋ ਆਪਣੇ ਜੀਵਨ ਦੀਆਂ ਮੁਢਲੀਆਂ ਸੁਵਿਧਾਵਾਂ ਦੇ ਲਈ ਵੀ ਗੁਲਾਮ ਬਣਨ ਨੂੰ ਤਿਆਰ ਹੋ ਜਾਂਦਾ ਹੈ। ਜੇਕਰ ਵਿਸਵ ਪੱਧਰ ਤੇ ਮਨੁੱਖੀ ਅਧਿਕਾਰਾਂ ਦੀ ਹਾਲਾਤ ਵੇਖੀਏ ਤਾਂ ਕਈ ਦੇਸਾਂ ਵਿੱਚ ਕੋਈ ਬਹੁਤੀ ਵਧੀਆ ਨਹੀਂ ਹੈ। ਐਮਨੈਸਟੀ ਇੰਟਰਨੈਸਨਲ ਦੀ ਰਿਪੋਰਟ ਅਨੁਸਾਰ ਲੱਗਭੱਗ 23 ਦੇਸਾਂ ਵਿੱਚ ਯੁੱਧ ਸਬੰਧੀ ਅਪਰਾਧ ਕੀਤੇ ਗਏ ਅਤੇ 22 ਦੇਸਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਕੰਮ ਕਰਨ ਵਾਲਿਆਂ ਨੂੰ ਮਾਰ ਦਿੱਤਾ ਗਿਆ ਹੈ। ਭਾਰਤ ਜੋਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ ਅਤੇ ਇਹ ਸਾਰੇ ਮੁਢਲੇ ਅਧਿਕਾਰ ਭਾਰਤੀ ਨਾਗਰਿਕਾਂ ਨੂੰ ਅਜ਼ਾਦੀ ਤੋਂ ਬਾਦ ਭਾਰਤੀ ਸੰਵਿਧਾਨ ਦੁਆਰਾ ਬਿਨਾਂ ਕਿਸੇ ਪੱਖਪਾਤ ਤੋਂ ਪ੍ਰਦਾਨ ਕੀਤੇ ਗਏ ਹਨ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਕਿਹਾ ਗਿਆ ਹੈ ਕਿ ਰਾਜ ਕਿਸੇ ਵੀ ਵਿਅਕਤੀ ਦੀ ਪਹਿਚਾਣ ਮਨੁੱਖ ਦੇ ਰੂਪ ਵਿੱਚ ਕਰੇਗਾ। ਸੰਵਿਧਾਨ ਅਨੁਸਾਰ ਰਾਜ ਹਰੇਕ ਵਿਅਕਤੀ ਦੇ ਬਰਾਬਰ ਵਿਕਾਸ ਦੇ ਲਈ ਮੋਲਿਕ ਅਧਿਕਾਰਾਂ ਦੀ ਵਿਵਸਥਾ ਕਰਦਾ ਹੈ। ਜੇਕਰ ਕਿਸੇ ਵਿਅਕਤੀ ਦੇ ਮੋਲਿਕ ਅਧਿਕਾਰਾਂ ਦਾ ਘਾਣ ਹੁੰਦਾ ਹੈ ਤਾਂ ਉਹ ਕਨੂੰਨ ਦਾ ਸਹਾਰਾ ਲੈ ਸਕਦਾ ਹੈ। ਨੀਤੀ ਨਿਦੇਸ਼ਕ ਤੱਤਾਂ ਅਨੁਸਾਰ ਰਾਜਾਂ ਦਾ ਇਹ ਕਰਤੱਵ ਨਿਰਧਾਰਤ ਕੀਤਾ ਗਿਆ ਹੈ ਕਿ ਉਹ ਹਰੇਕ ਨਾਗਰਿਕ ਦੇ ਲਈ ਬਰਾਬਰ ਨਿਆਂ ਦੀ ਵਿਵਸਥਾ ਕਰੇ, ਇਸਤਰੀ ਪੁਰਸ਼ ਦੇ ਲਈ ਸਮਾਨ ਅਵਸਰ ਉਪਲਬੱਧ ਕਰਾਏ,







ਬਾਲ ਮਜ਼ਦੂਰੀ ਤੇ ਰੋਕ ਲਗਾਏ, ਹਰੇਕ ਵਿਅਕਤੀ ਦੇ ਕੰਮ ਪ੍ਰਾਪਤ ਕਰਨ, ਸਿੱਖਿਆ ਪ੍ਰਾਪਤ ਕਰਨ ਅਤੇ ਬਿਮਾਰੀ ਜਾਂ ਕਿਸੇ ਹੋਰ ਅਸਮਰੱਥਤਾ ਦੀ ਸਥਿਤੀ ਵਿੱਚ ਸਰਵਜਨਕ ਸੁਵਿਧਾਵਾਂ ਨੂੰ ਪ੍ਰਾਪਤ ਕਰਨ ਲਈ ਉਸਦੇ ਅਧਿਕਾਰਾਂ ਨੂੰ ਸੁਨਿਸ਼ਚਿਤ ਕਰੇ। ਭਾਰਤੀ ਸੰਵਿਧਾਨ ਦੇ ਮੋਲਿਕ ਅਧਿਕਾਰਾਂ ਵਿੱਚ ਭਾਰਤੀ ਨਾਗਰਿਕਾਂ ਨੂੰ ਬਰਾਬਰਤਾ, ਸੁਤੰਤਰਤਾ, ਸ਼ੋਸ਼ਣ-ਵਿਰੋਧ, ਧਾਰਮਿਕ ਸੁਤੰਤਰਤਾ, ਸੰਸਕ੍ਰਿਤੀ ਅਤੇ ਸਿੱਖਿਆ ਅਤੇ ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਪ੍ਰੰਤੂ ਹਕੀਕਤ ਵਿੱਚ ਭਾਰਤ ਵਿੱਚ ਮਨੁਖੀ ਅਧਿਕਾਰਾਂ ਦਾ ਅਨੰਦ ਸਿਰਫ ਕੁੱਝ ਵਰਗ ਅਤੇ ਲੋਕ ਹੀ ਮਾਣ ਰਹੇ ਹਨ। ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਹੁਤ ਜ਼ਿਆਦਾ ਚੰਗੀ ਨਹੀਂ ਕਹੀ ਜਾ ਸਕਦੀ ਹੈ। ਮੀਡੀਆ ਦੁਆਰਾ ਸਮੇਂ-ਸਮੇਂ ਤੇ ਸ਼ੋਸ਼ਣ ਦੇ ਵਿਭਿੰਨ ਰੂਪਾਂ ਬਾਰੇ ਦੱਸਿਆ ਜਾਂਦਾ ਹੈ ਜਿਵੇਂ ਮਹਿਲਾਵਾਂ ਅਤੇ ਨਾਬਾਲਿਗ ਬੱਚੀਆਂ ਦੇ ਨਾਲ ਬਲਾਤਕਾਰ, ਬਾਲ ਮਜ਼ਦੂਰੀ ਨੂੰ ਉਤਸ਼ਾਹਿਤ ਕਰਨਾ, ਹਿਰਾਸਤ ਵਿੱਚ ਮੌਤਾਂ, ਦਲਿਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਤੇ ਅਤਿੱਆਚਾਰ, ਸੁਰੱਖਿਆ ਬਲਾ ਦੁਆਰਾ ਗੈਰਜ਼ਰੂਰੀ ਦਖਲਅੰਦਾਜ਼ੀ ਆਦਿ। ਅੰਤਰਰਾਸ਼ਟਰੀ ਪੱਧਰ ਤੇ ਅਕਸਰ ਮਨੁੱਖੀ ਅਧਿਕਾਰਾਂ ਦੀ ਸਥਿਤੀ ਨੂੰ ਲੈ ਕੇ ਭਾਰਤ ਦੀ ਆਲੋਚਨਾ ਕੀਤੀ ਜਾਂਦੀ ਹੈ ਅਤੇ ਕਿਹਾ ਜਾਂਦਾ ਹੈ ਕਿ ਇੱਥੇ ਮਨੁੱਖੀ ਅਧਿਕਾਰ ਸੁਰੱਖਿਅਤ ਨਹੀਂ ਹਨ। ਭਾਰਤ ਲੋਕ ਪੱਖੀ ਕਾਨੂੰਨ ਬਣਾਉਣ ਵਿੱਚ ਅਕਸਰ ਹੀ ਅੱਗੇ ਰਹਿੰਦਾ ਹੈ ਪਰ ਇਹਨਾਂ ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਸਾਡੀਆਂ ਸਰਕਾਰਾਂ ਅਕਸਰ ਪਿੱਛੇ ਹੀ ਰਹਿੰਦੀਆਂ ਹਨ। ਹਿਉਮਨ ਰਾਇਟਸ ਵਾਚ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਮਨੁਖੀ ਅਧਿਕਾਰਾਂ ਵਿਸ਼ੇਸ਼ ਤੋਰ ਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਦਾ ਸੋਸਣ ਹੋ ਰਿਹਾ ਹੈ। ਏਸੀਅਨ ਸੈਂਟਰ ਫਾਰ ਹਿਉਮਨ ਰਾਇਟਸ ਅਨੁਸਾਰ ਭਾਰਤ ਵਿੱਚ ਹਰ ਰੋਜ਼ 4 ਵਿਅਕਤੀਆਂ ਦੀ ਪੁਲਿਸ ਹਿਰਾਸਤ ਵਿੱਚ ਮੋਤ ਹੁੰਦੀ ਹੈ। ਪ੍ਰਸਾਸਕੀ ਸੁਧਾਰ ਸੰਸਥਾਨ ਪੰਜਾਬ ਵਲੋਂ ਜਾਰੀ ਰਿਪੋਰਟ ਅਨੁਸਾਰ ਦੇਸ਼ ਦੇ ਲੱਗਭੱਗ 50 ਫਿਸਦੀ ਪੁਲਿਸ ਅਧਿਕਾਰੀ ਕੈਦੀਆਂ ਨੂੰ ਸ਼ਰੀਰਕ ਅਤੇ ਮਾਨਸਿਕ ਤੌਰ ਤੇ ਪ੍ਰਤਾੜਿਤ ਕਰਦੇ ਹਨ। ਬੱਚਿਆਂ ਦੇ ਜਿਣਸੀ ਸ਼ੋਸਣ ਮਾਮਲੇ ਵਿੱਚ ਭਾਰਤ ਸਭ ਤੋਂ ਅੱਗੇ ਹੈ ਅਤੇ ਲੱਗਭੱਗ 23 ਫਿਸਦੀ ਬੱਚੇ ਜਿਣਸੀ ਸ਼ੋਸਣ ਦਾ ਸ਼ਿਕਾਰ ਹਨ। ਬਾਲ ਮਜਦੂਰੀ, ਬੰਧੂਆ ਮਜਦੂਰੀ ਅਤੇ ਜਬਰੀ ਮਜਦੂਰੀ ਦੇ ਮਾਮਲੇ ਵਿੱਚ ਵੀ ਭਾਰਤ ਅੱਗੇ ਹੈ। ਇਹ ਮਨੁਖੀ ਅਧਿਕਾਰਾਂ ਦੀ ਭਾਰਤ ਵਿੱਚ ਸਥਿਤੀ ਦੀਆਂ ਕੁੱਝ ਉਦਾਹਰਣਾਂ ਹਨ। 1993 ਵਿੱਚ ਹਿਉਮਨ ਰਾਇਟਸ ਐਕਟ ਅਧੀਨ ਰਾਸ਼ਟਰੀ ਮਨੁਖੀ ਅਧਿਕਾਰ ਆਯੋਗ ਦੀ ਸਥਾਪਨਾ ਕੀਤੀ ਗਈ ਤਾਂ ਜੋ ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਨੂੰ ਸੱਖਤੀ ਨਾਲ ਨਜੀਠਿਆ ਜਾ ਸਕੇ। ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਵੀ ਮਨੁਖੀ ਅਧਿਕਾਰ ਆਯੋਗਾਂ ਦੀ ਸਥਾਪਨਾ ਕੀਤੀ ਗਈ ਹੈ ਜੋ ਕਿ ਅਪਣੇ ਅਪਣੇ ਅਧਿਕਾਰ ਖੇਤਰ ਵਾਲੇ ਰਾਜਾਂ ਵਿੱਚ ਮਨੁਖੀ ਅਧਿਕਾਰਾਂ ਦੀ ਉਲੰਘਣਾਂ ਸਬੰਧੀ ਮਾਮਲਿਆਂ ਨੂੰ ਵੇਖਦੇ ਹਨ ਅਤੇ ਸਮੇਂ ਸਮੇਂ ਤੇ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਨੂੰ ਇਸ ਸਬੰਧੀ ਜਰੂਰੀ ਹਦਾਇਤਾਂ ਵੀ ਜਾਰੀ ਕਰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਹ ਆਯੋਗ ਆਪ ਕਈ ਮਸ਼ਕਿਲਾਂ ਦਾ ਸ਼ਿਕਾਰ ਹੋ ਰਹੇ ਹਨ ਜਿਵੇਂ ਕਿ ਕਈ ਵਾਰ ਸਰਕਾਰਾਂ ਨੇ ਇਨ੍ਹਾਂ ਆਯੋਗਾਂ ਦੀਆਂ ਸਿਫਾਰਸ਼ਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਹੈ, ਕਰਮਚਾਰੀਆਂ ਦੀ ਘਾਟ, ਫੰਡਾਂ ਦੀ ਘਾਟ ਆਦਿ ਮੁੱਖ ਸਮੱਸਿਆਵਾਂ ਹਨ। ਰਾਸ਼ਟਰੀ ਮਨੁਖੀ ਅਧਿਕਾਰ ਆਯੋਗ ਦੀ ਰਿਪੋਰਟ ਅਨੁਸਾਰ ਸਾਲ 2017-2018 ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਲੱਗਭੱਗ 79612 ਮਾਮਲੇ ਆਯੋਗ ਕੋਲ ਪਹੁੰਚੇ ਜਿਨ੍ਹਾਂ ਵਿੱਚੋਂ ਸਭਤੋਂ ਵੱਧ ਮਾਮਲੇ ਲੱਗਭੱਗ 38659 ਸਿਰਫ ਉਤੱਰ ਪ੍ਰਦੇਸ਼ ਤੋਂ ਹੀ ਹਨ। ਮਨੁਖੀ ਅਧਿਕਾਰ ਆਯੋਗ ਵਲੋਂ ਲੱਗਭੱਗ 86187 ਮਾਮਲਿਆਂ ਜਿਨ੍ਹਾਂ ਵਿੱਚ ਪਿਛਲੇ ਸਾਲਾਂ ਦੇ ਬਕਾਇਆ ਕੇਸ ਵੀ ਸਾਮਿਲ ਹਨ ਦਾ ਨਿਪਟਾਰਾ ਕੀਤਾ ਗਿਆ ਹੈ, 757 ਮਾਮਲਿਆਂ ਵਿੱਚ ਲੱਗਭੱਗ 22,69,80,000/- ਰੁਪਏ ਦਾ ਮੁਆਵਜ਼ਾ ਦੇਣ ਦੀਆਂ ਸ਼ਿਫਾਰਿਸ਼ਾਂ ਕੀਤੀਆਂ ਗਈਆਂ ਹਨ। ਜੇਕਰ ਇਨ੍ਹਾਂ ਅੰਕੜਿਆਂ ਨੂੰ ਵੇਖੀਏ ਤਾਂ ਦਰਜ ਹੋਏ ਮਾਮਲਿਆਂ ਵਿੱਚ ਗੁੰਮਸ਼ੁਦਗੀ, ਝੂਠੇ ਮਾਮਲਿਆਂ ਵਿੱਚ ਨਜਾਇਜ ਫਸਾਉਣ, ਪੁਲਿਸ ਹਿਰਾਸਤ ਵਿੱਚ ਕੁੱਟਮਾਰ, ਗੈਰ ਕਨੂੰਨੀ ਗਰਿਫਤਾਰੀ, ਫਰਜ਼ੀ ਮੁਠਭੇੜ, ਪੁਲਿਸ ਜਿਆਦਤੀਆਂ, ਮਹਿਲਾਵਾਂ ਦੀ ਬੇਇਜਤੀ, ਯੋਨ ਸ਼ੋਸਣ, ਅਪਹਰਣ, ਬਲਾਤਕਾਰ, ਦਾਜ ਲਈ ਮਾਰਨਾ ਅਤੇ ਅਤਿੱਆਚਾਰ, ਬਾਲ ਮਜਦੂਰੀ, ਬਾਲ ਵਿਆਹ, ਬੰਧੂਆ ਮਜਦੂਰੀ, ਕੈਦੀਆਂ ਨਾਲ ਅਣਮਨੁੱਖੀ ਅਤਿੱਆਚਾਰ, ਜੇਲਾਂ ਵਿੱਚ ਸਿਹਤ ਸਹੂਲਤਾਂ ਦੀ ਘਾਟ, ਅਨੂਸੂਚਿਤ ਜਾਤਾਂ ਅਤੇ ਅਨੂਸੂਚਿਤ ਜਨਜਾਤਾਂ ਦੇ ਲੋਕਾਂ ਨਾਲ ਅਤਿੱਆਚਾਰ ਆਦਿ ਦੇ ਮਾਮਲਿਆਂ ਦੀ ਗਿਣਤੀ ਵੱਧ ਹੈ। ਪੰਜਾਬ ਜੋ ਕਿ ਇੱਕ ਵਿਕਸਿਤ ਸੂਬਾ ਕਹਾਂਉਦਾ ਹੈ ਵਿੱਚ ਮਾਰਚ 1997 ਨੂੰ ਮਨੁਖੀ ਅਧਿਕਾਰ ਆਯੋਗ ਬਣਾਇਆ ਗਿਆ ਸੀ। ਇਸ ਆਯੋਗ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਵਿੱਚ ਵੀ ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਲਗਾਤਾਰ ਵਧਦੇ ਜਾ ਰਹੇ ਹਨ। ਪੰਜਾਬ ਰਾਜ ਮਨੁਖੀ ਅਧਿਕਾਰ ਆਯੋਗ ਵਲੋਂ ਜਾਰੀ ਰਿਪੋਰਟ ਅਨੁਸਾਰ 21 ਸਾਲਾਂ ਵਿੱਚ ਲੱਗਭੱਗ 2.63 ਲੱਖ ਸ਼ਕਾਇਤਾਂ ਦਰਜ ਹੋਈਆਂ ਹਨ ਅਤੇ ਸਭ ਤੋਂ ਵੱਧ ਲੱਗਭੱਗ 1.44 ਲੱਖ ਸ਼ਕਾਇਤਾਂ ਪੁਲਿਸ ਖਿਲਾਫ ਹੀ ਪ੍ਰਾਪਤ ਹੋਈਆਂ ਹਨ। ਸਾਡੇ ਦੇਸ਼ ਵਿੱਚ ਪਿਛਲੇ ਸਮੇਂ ਦੌਰਾਨ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਦੇ ਕਈ ਮਾਮਲਿਆਂ ਨੇ ਤਾਂ ਪੂਰੀ ਦੁਨੀਆਂ ਵਿੱਚ ਸਾਨੂੰ ਸ਼ਰਮਸਾਰ ਕਰ ਦਿੱਤਾ ਹੈ। ਮਨੁੱਖੀ ਅਧਿਕਾਰ ਸਿਰਫ ਸੈਮੀਨਾਰਾਂ, ਭਾਸ਼ਣਾਂ ਆਦਿ ਤੱਕ ਸੀਮਿਤ ਹੋਕੇ ਰਹਿ ਜਾਂਦੇ ਹਨ ਜਦਕਿ ਆਮ ਆਦਮੀ ਨੂੰ ਇਸਦੀ ਪਰਿਭਾਸ਼ਾ ਤੱਕ ਵੀ ਪਤਾ ਨਹੀਂ ਹੈ। ਸਰਕਾਰ ਨੂੰ ਇਸ ਪ੍ਰਤੀ ਗੰਭੀਰਤਾ ਨਾਲ ਸੋਚਣ ਅਤੇ ਕੰਮ ਕਰਨ ਦੀ ਜਰੂਰਤ ਹੈ ਅਤੇ ਇਸ ਲਈ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਸੰਸਥਾਵਾਂ ਨੂੰ ਨਿਰਪੱਖਤਾ ਨਾਲ ਕੰਮ ਕਰਨਾ ਪਵੇਗਾ ਤਾਂ ਜੋ ਦੇਸ਼ ਵਿੱਚ ਹਰ ਵਿਅਕਤੀ ਦੇ ਮੁਢਲੇ ਮਨੁਖੀ ਅਧਿਕਾਰ ਸੁਰਖਿਅੱਤ ਰਹਿ ਸਕਣ।

# ਪੰਜਾਬੀ ਫਿਲਮ ਸਮਾਚਾਰ

- ਅੰਮ੍ਰਿਤ ਪਵਾਰ





### ਅਨੂਜੋਤ ਕੌਰ 'ਮਸਤ ਕਲੰਦਰ'

'ਦਰਵੇਸ਼' ਫਿਲਮ ਲਈ ਗਾ ਚੁੱਕੀ ਹਸੀਨ ਗਾਇਕਾ ਅਨੂਜੋਤ ਕੌਰ ਸੂਫੀਆਨਾ ਗਾਇਕੀ ਦੀ ਚਿਣਗ ਹੈ ਜੋ ਸਰੋਤਿਆਂ ਦੇ ਦਿਲਾਂ 'ਚ ਸੁਰਾਂ ਦੀ ਲਾਟ ਬਾਲਦੀ ਹੈ । 'ਦਮਾ ਦਮ ਮਸਤ ਕਲੰਦਰ' ਗੀਤ ਗਾ ਕਿ ਯੂ.ਟਿਊਬ ਤੇ ਅਨੂਜੋਤ ਕੌਰ ਉਚਾਈਆਂ ਨੂੰ ਸਰ ਕਰ ਰਹੀ ਹੈ । ਮੌਕੇ ਦੀ ਗੱਲ ਪੁੱਛਣ ਤੇ ਕਿ ਠੰਡ ਤੇ ਕਿਸਾਨ ਤਾਂ ਅਨੂਜੋਤ ਕੌਰ ਨੇ ਕਿਹਾ ਅੱਗੇ ਫਸਲਾਂ ਨੂੰ ਮਾਰ ਮੌਸਮ ਦੀ ਪੈਂਦੀ ਏ ਤੇ ਹੁਣ ਮਾਰ ਕਿਸਾਨੀ ਮਜ਼ਦੂਰੀ ਪਿਡੈ ਤੇੜਤੜ!

### ਸਾਬਾਸ਼ ਰਵੀ ਪਨਾਗ

ਸਵਰਗੀ ਫਿਲਮ ਨਿਰਮਾਤਾ ਪ੍ਰੇਮ ਪਨਾਗ ਦੇ ਅਧੂਰੀ ਸੁਪਨੇ ਉਸਦਾ ਨਿਰਦੇਸ਼ਕ ਪੁੱਤ ਰਵੀ ਪਨਾਗ ਕਰ ਰਿਹਾ ਹੈ । ਰਾਜਨ ਬੱਤਰਾ ਦੇ ਅਸ਼ੀਰਵਾਦ ਨਾਲ ਰਵੀ ਪੁਨਾਗ ਕਈ ਵੀਡਿਉ ਬਣਾ ਰਿਹਾ ਹੈ ਤੇ ਸੁਪਨਾ ਹੈ ਕਿ ਪਿਤਾ ਦੀ ਬਣਾਈ ਫਿਲਮਾ 'ਅੱਜ ਦੇ ਲਫੰਗੇ' ਉਹ ਰਿਲੀਜ ਕਰੇ ਹਾਂ ਰਵੀ ਪਨਾਗ ਨੇ ਮੋਜੂਦਾ ਸਮੇਂ ਬਾਰੇ ਕਿਹਾ ਕਿ ਕਿਸਾਨ-ਮਜ਼ਦੂਰ ਹੁਣ ਦੇ ਜਿਸਮ ਇੱਕ ਜਾਨ ਹਨ ।

### ਹਿੱਟ - ਫਿੱਟ ਮਹਿਮਾ ਹੋਰਾ

ਟੀ.ਵੀ ਚੈਨਲਾਂ ਦੀ ਚਹੇਤੀ ਡੀਬੇਟ ਮਹਿਮਾਨ ਮਹਿਮਾ ਹੋਰਾ ਬਣ ਚੁੱਕੀ ਹੈ । 'ਜੁਗਨੀ ਯਾਰਾਂ ਦੀ' ਦੀ ਨਾਇਕਾ ਮਹਿਮਾ ਨੇ 'ਕਰੋਨਾ ਕਾਲ' ਸਮੇਂ ਆਪਣੀ ਗਜਬ ਦੀ ਫਿਟਨੈਸ ਕਾਇਮ ਕੀਤੀ ਹੈ । ਜਲਦੀ ਹੀ ਕਿਸੇ ਵੱਡੀ ਫਿਲਮ 'ਚ ਆਉਣ ਵਾਲੀ ਮਹਿਮਾ ਹੋਰਾ ਕਿਸਾਨਾਂ ਦੇ ਦਰਦ ਸਬੰਧੀ ਕੁੱਝ ਕਹੇ, ਇਤੇਜਾਰ ਹੈ ।

### ਸੋਨੀਆ ਮਾਨ - ਦਰਸ਼ਨ ਔਲਖ ਜ਼ਜ਼ਬਾਤੀ

ਕਿਸਾਨਾਂ ਤੇ ਤਿੰਨ ਖੇਤੀ ਕਨੂੰਨਾਂ ਦੀ ਮਾਰ ਦੇ ਸੇਕ ਨੇ ਅਭਿਨੇਤਰੀ ਸੋਨੀਆ ਮਾਨ ਦਾ ਜਿਸਮ ਅੱਗ ਦੀ ਭੱਠੀ 'ਚ ਝੋਕਣ ਵਾਲੀ ਗੱਲ ਕੀਤੀ ਹੈ । ਉਹ ਸੰਘਰਸ਼ 'ਚ ਸਰਦ-ਗਰਮ ਦੀ ਪਰਵਾਹ ਬਿਨਾ ਸਰਗਰਮ ਹੈ ਜਦ ਕਿ ਅਭਿਨੇਤਾ ਦਰਸ਼ ਔਲਖ ਵੀ ਇਸ ਸੇਕ 'ਚ ਧੁਰ ਅੰਦਰ ਤੱਕ ਲੂਹਿਆ ਜਿੱਤੇਗਾ ਕਿਸਾਨ ਲਾਜ਼ ਪ੍ਰਤੀ ਆਸਵੰਦ ਹੈ ।

### ਰੁਪਿੰਦਰ ਗੋਇਲ ਦੀ ਸਲਾਹ

ਫਿਲਮ ਨਿਰਮਾਤਾ ਦਵਿੰਦਰ ਦੀਪ ਕਾਲਾਂ 'ਯੂ.ਐਸ.ਏ' ਤੇ ਨਿਰਦੇਸ਼ਕ ਰਵਿੰਦਰ ਰਵੀ ਦੇ ਖਾਸ ਫਿਲਮੀ ਸਲਾਹਕਾਰ ਰੁਪਿੰਦਰ ਗੋਇਲ ਦਾ ਕਲਾਕਾਰਾਂ ਨੂੰ ਮਸ਼ਵਰਾ ਹੈ ਕਿ ਉਹ ਨਸੇ ਤੋਂ ਦੂਰ ਰਹਿਣ ਤੇ ਨਸ਼ਾ ਉਤਸਾਹਿਤ ਕਰਦੇ ਗੀਤਾ ਤੋਂ ਪਰਹੇਜ ਕਰਨ । ਰੁਪਿੰਦਰ ਗੋਇਲ ਜਲਦੀ ਹੀ 'ਨਸਾ ਮੁਕਤੀ' ਤੇ ਇੱਕ ਡਾਕੂਮੈਂਟਰੀ ਫਿਲਮ ਦਵਿੰਦਰ ਦੀਪ ਨਾਲ ਬਣਾਏਗਾ ।

### ਮਨਿੰਦਰ ਕੌਰ - ਕਿਸਾਨੀ ਦਰਦ

ਮਾਡਲ ਤੋਂ ਅਭਿਨੇਤਰੀ ਬਣੀ ਮਨਿੰਦਰ ਕੌਰ ਸਾਊ ਦੀ ਨਾਇਕਾ ਹੈ । ਜਲਦੀ ਪੰਜਾਬੀ ਫਿਲਮ ਕਰ ਰਹੀ ਮਨਿੰਦਰ ਕੋਲੋਂ ਬਜੁਰਗ ਮਾਵਾਂ ਨੂੰ ਠੰਡ 'ਚ ਦਿੱਲੀ ਦੇਖ ਜਰਿਆ ਨਹੀ ਜਾ ਰਹਿਾ । ਉਹ ਅਰਦਾਸ ਕਰਦੀ ਹੈ ਕਿ ਮਾਮਲਾ ਜਲਦੀ ਹੱਕ ਹੋਏ।



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES


WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop

# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ








ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੇ 64ਵੇਂ ਪ੍ਰੀਨਿਰਵਾਣ ਦਿਵਸ ’ਤੇ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਉਹਨਾਂ ਨੂੰ, ਉਹਨਾਂ ਦੀ ਵਿਦਵਤਾ ਅਤੇ ਮਨੁੱਖੀ ਕਲਿਆਣ ਲਈ ਕੀਤੇ ਜ਼ਿੰਦਗੀ ਭਰ ਸੰਘਰਸ਼ਮਈ ਅੰਦੋਲਨ ਨੂੰ ਕੋਟਿਨ-ਕੋਟਿ ਪ੍ਰਣਾਮ

## ਸੰਗਤ ਦੇ ਦਾਸ

ਪ੍ਰੇਮ ਸੌਂਧੀ (ਪ੍ਰਧਾਨ), ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ), ਕੁਲਦੀਪ ਥਾਪਰ (ਮੀਤ ਪ੍ਰਧਾਨ), ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ), ਅਵਿਨਾਸ਼ ਸੌਦੀ (ਵਾਈਸ ਚੇਅਰਮੈਨ), ਬਲਵੀਰ ਧਾਰੀਵਾਲ (ਜਨਰਲ ਸਕੱਤਰ), ਵਿਸ਼ਾਲ ਸ਼ਰਬਤੀ (ਸਕੱਤਰ), ਗੁਰਪਾਲ ਸਿੰਘ (ਚੇਅਰਮੈਨ), ਵਿਨੋਦ ਗਿੱਲ, ਬਲਵੀਰ ਥਾਪਰ, ਵਰੁਣ ਗਿੱਲ (ਖਜਾਨਚੀ), ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ), ਜਗਜੀਤ ਗਿੱਲ, ਪ੍ਰਕਾਸ਼ ਸਿੰਘ ਗਿੱਲ (ਮੇਨਟੀਨੈਂਸ ਆਰਗੇਨਾਈਜਰ)



## ਬੇਨਤੀ ਕਰਤਾ- ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ

ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991

ਫੋਨ ਨੰ: 530-813-3887, 530-740-3056, 916-243-9017